

85 ਵਾਂ ਸਾਲ
ਅੰਕ 9

1933 ਤੋਂ

# ਪ੍ਰੀਤ ਲੜੀ

ਸਤੰਬਰ 2018 | ₹ 50

# ਅਖੀਰੀ ਸੁਨੇਹਾ - ਸੁਮੀਤ ਸਿੰਘ { ਸਤੰਬਰ 1953 - 1984 ਫ਼ਰਵਰੀ

'ਕੁਝ ਸਿਖ ਨੌਜਵਾਨਾਂ ਨੇ ਰਾਤ ਮੁਸਾਫ਼ਰਾਂ ਨਾਲ ਭਰੀ ਬਸ ਵਿਚੋਂ ਪੁਛ ਪੁਛ ਕਟ ਚੁਣ ਕੇ, ਹਿੰਦੂ ਗੋਲੀਆਂ ਨਾਲ ਭੁੰਨ ਦਿੱਤੇ....'

ਸਿੱਖ ਧਰਮ ਦੀ ਨੌਵੀਂ ਪਤਸ਼ਹੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਕੁਰਬਾਨ ਕਰ ਦਿਤਾ ਤਾਂ ਜੋ ਹਿੰਦੂਆਂ ਤੋਂ ਉਨ੍ਹਾਂ ਦਾ ਜਨੇਊ ਪਾਣ ਦਾ ਹੱਕ ਕੋਈ ਨਾ ਖੋਹ ਸਕੇ। ਹਰ ਕਿਸੇ ਨੂੰ ਆਪਣਾ ਧਰਮ ਪਾਲਣ ਦਾ ਅਧਿਕਾਰ ਹੋਵੇ।' ਗੁਰੂ ਅਰਜਨ ਦੇਵ ਜੀ ਨੇ ਅਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਨੂੰ ਨੀਵੀਂ ਤੋਂ ਨੀਵੀਂ ਥਾਂ 'ਤੇ ਬਣਾਇਆ- ਨਿਮਰਤਾ ਦਾ ਪਰਚਾਰ ਕੀਤਾ। ਚੌਹੀਂ ਪਾਸੀਂ ਚਾਰ ਦਰਵਾਜ਼ੇ ਰੱਖੇ, ਕੋਈ ਵੀ ਕਿਸੇ ਰਾਹ, ਆ ਸਕੇ- ਹਰ ਧਰਮ ਹਰ ਜ਼ਾਤ ਲਈ ਹਰਿਮੰਦਰ ਸਾਹਿਬ ਦੇ ਦੁਆਰ ਹਮੇਸ਼ਾ ਹਮੁਸ਼ਾ ਲਈ ਖੁੱਲ੍ਹੇ ਹਨ- ਕਿਸੇ ਨਾਲ ਕੋਈ ਵਿਤਕਰਾ ਨਹੀਂ। ਤੇ ਅੱਜ ਕੋਈ ਤੁਅੱਸਬੀ, ਸਵਾਰਥੀ, ਨਾਦਾਨ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਨਹੀਂ 'ਪੰਜ ਹਜ਼ਾਰ ਹਿੰਦੂ ਮਾਰਨ' ਦਾ ਭੈਅ ਖੜ੍ਹਾ ਕਰਦੇ ਹਨ-

ਏਸ ਮਹਾਨ ਤੀਰਥ ਵਿਚ ਜਿਥੇ ਮਹਾਨ ਗੁਰੂਆਂ, ਸੰਤਾਂ ਫਕੀਰਾਂ ਕਵੀਆਂ ਦੀ ਮਧੁਰ ਬਾਣੀ ਦੇ ਏਸ ਸੰਗੀਤ ਨਾਲ "ਡਿਠੈ ਸਭੈ ਥਾਓ ਨਹੀ ਤੁਧ ਜੇਹਿਆ" ਦਾ ਅਹਿਸਾਸ ਪੁਖਤਾ ਹੁੰਦਾ ਹੈ ਓਥੇ ਨਾਲ ਕਿਤੇ ਧੁਰ ਅੰਦਰ ਬੰਦੂਕਾਂ, ਸਟੇਨਗਨਾਂ, ਬੰਬਾਂ, ਖੂਨ ਖਰਾਬੇ ਤੇ ਮਜ਼ਹਬੀ ਤੁਅੱਸਬ ਦਾ ਭੈਅ ਵੀ ਘਰ ਕਰਦਾ ਹੈ।

## ਐਸਾ ਕਿਓਂ?



ਇੱਕ ਅਧਖੜ ਕਟੜਪੰਥੀਆ ਅਜੀਬ ਜਿਹੇ ਉਨਮਾਦ ਵਿਚ ਆਸ ਪਾਸ ਦੇ ਹਿੰਦੂਆਂ ਨੂੰ ਵੇਖ ਉਚੀ ਉਚੀ ਬੋਲ ਰਿਹਾ ਹੈ, "ਖਾਲਿਸਤਾਨ ਬਣ ਕੇ ਰਹੇਗਾ, ਇਹ ਜਨੇਊ ਪਾਉਣੇ ਨਹੀਂ ਰਹਿਣੇ, ਸਾਨੂੰ ਤਖਤ ਪਲਟਾਉਣੇ ਆਉਂਦੇ ਹਨ। ਸਾਡੇ ਨਾਲ 90% ਨਕਸਲਬਾੜੀਏ ਹਨ।"

ਤੇ ਇਹਨਾਂ ਵਖ ਵਖ ਗੱਲਾਂ ਖਿਆਲਾਂ ਦੇ ਨਾਲ ਰੋਜ਼ ਅਖਬਾਰਾਂ ਵਿਚ ਵਾਰਦਾਤਾਂ ਹਨ- ਗੱਡੀਆਂ ਉਲਟਾਉਣ ਦੀਆਂ, ਰੋਟੀ ਲਭਦੇ 'ਭਈਆਂ' ਦੇ ਮਰਨ ਦੀਆਂ, ਡਾਕੇ ਮਾਰਨ ਦੀਆਂ, ਆਦਿ ਆਦਿ।

ਸਾਮਰਾਜ ਅਜ ਮੁਲਕ ਦੀ ਸਿਆਸਤ ਤੇ ਆਰਥਕਤਾ ਨੂੰ ਆਪਣੀ ਝੋਲੀ ਵਿਚ ਡੇਗਣ ਲਈ ਹਰ ਪਾਸਿਓਂ ਹਰ ਕਿਸਮ ਦੇ ਹਥਿਆਰ ਵਰਤ ਰਿਹੈ ਤੇ ਸਫ਼ਲ ਵੀ ਕਿਤੇ ਕਿਤੇ ਹੋ ਰਿਹੈ। ਬਹੁਤ ਭੈੜਾ ਕੁਝ ਬਹੁਤ ਭੈੜੇ ਤਰੀਕੇ ਨਾਲ ਕਿਤੇ ਵਾਪਰ ਸਕਦੈ- ਸੁਚੇਤ ਹੋ ਜਾਵੋ, ਮੇਰੇ ਸਾਥੀ ਜਵਾਨੋ, ਗੁਮਰਾਹ ਨਾ ਹੋਵੋ। ਕਿਸੇ ਵੀ ਧਰਮ ਨੂੰ ਕੋਈ ਖਤਰਾ ਨਹੀਂ- ਇਹ ਜੋ ਕਹਿੰਦੇ ਹਨ ਪਰਚਾਰਦੇ ਹਨ ਇਹਨਾਂ ਨੂੰ ਸਖਤੀ ਨਾਲ ਸਮਝਾ ਦਿਓ ਕਿ ਜੇ ਕਿਸੇ ਨੂੰ ਖਤਰਾ ਹੈ ਤਾਂ ਸਮੁਚੇ ਮੁਲਕ ਦੀ ਹੋਂਦ ਨੂੰ ਤੇ ਇਹ ਮੁਲਕ ਤੁਸੀਂ, ਮੈਂ , ਉਹ, ਹਿੰਦੂ, ਮੁਸਲਮਾਨ, ਬੋਧੀ, ਜੈਨੀ, ਇਸਾਈ ਤੇ ਸਭ ਸਿਆਸੀ ਪਾਰਟੀਆਂ ਹਾਂ-

ਆਪਣੇ ਆਪਣੇ ਝਗੜੇ ਇਕ ਟੱਬਰ ਵਾਂਗ ਰਲ ਬੈਠ ਨਬੇੜ ਲਈਏ, ਮਤਭੇਦ ਦੂਰ ਕਰ ਲਈਏ, ਸੁਚੇਤ ਹੋ ਜਾਈਏ, ਖਬਰਦਾਰ ਰਹੀਏ ਆਪਣੀ ਹੋਂਦ ਨੂੰ ਪਕੇਰਿਆਂ ਕਰਨ ਈ, ਨਹੀਂ ਤਾਂ ਫੇਰ ਬਹੁਤ ਦੇਰ ਹੋ ਚੁੱਕੀ ਹੋਵੇਗੀ।

ਨਵੰਬਰ 1983

ਬਾਨੀ ਗੁਰਬਖ਼ਸ਼ ਸਿੰਘ, ਨਵਤੇਜ ਸਿੰਘ
ਬਾਨੀ ਪ੍ਰਧਾਨ ਪ੍ਰੀਤਲੜੀ ਟ੍ਰਸਟ
ਪੀ.ਐਚ.ਵੈਸ਼ਨਵ

www.facebook.com/groups/preetlari
preetlarhi@gmail.com; https://preetlari2.wordpress.com;
apnaorg.com/preetlari; apnaorg.com/Audio/poonam

ਪ੍ਰੀਤ ਲੜੀ 1933 ਤੋਂ

ਪ੍ਰੀਤ ਲੜੀ ਨੌਜਵਾਨ ਸੰਪਾਦਕ ਸੁਮੀਤ ਸਿੰਘ ਦੀ ਯਾਦ ਵਿਚ ਤੇ ਸ੍ਰੀ ਵੈਸ਼ਨਵ ਦੇ ਅਨੂਠੇ ਉਤਸ਼ਾਹ ਦੇਣ ਸਦਕਾ ਜ਼ਿੰਦਾ ਹੈ।

ਸਾਮਰਾਜ ਅਜ ਮੁਲਕ ਦੀ ਸਿਆਸਤ ਤੇ ਆਰਥਕਤਾ ਨੂੰ ਆਪਣੀ ਝੋਲੀ ਵਿਚ ਡੇਗਣ ਲਈ ਹਰ ਪਾਸਿਓਂ ਹਰ ਕਿਸਮ ਦੇ ਹਥਿਆਰ ਵਰਤ ਰਿਹੈ ਤੇ ਸਫ਼ਲ ਵੀ ਕਿਤੇ ਕਿਤੇ ਹੋ ਰਿਹੈ। ਬਹੁਤ ਭੈੜਾ ਕੁਝ ਬਹੁਤ ਭੈੜੇ ਤਰੀਕੇ ਨਾਲ ਕਿਤੇ ਵਾਪਰ ਸਕਦੈ- ਸੁਚੇਤ ਹੋ ਜਾਵੋ, ਮੇਰੇ ਸਾਥੀ ਜਵਾਨੋ, ਗੁਮਰਾਹ ਨਾ ਹੋਵੋ। ਕਿਸੇ ਵੀ ਧਰਮ ਨੂੰ ਕੋਈ ਖਤਰਾ ਨਹੀਂ- ਇਹ ਜੋ ਕਹਿੰਦੇ ਹਨ ਪਰਚਾਰਦੇ ਹਨ ਇਹਨਾਂ ਨੂੰ ਸਖਤੀ ਨਾਲ ਸਮਝਾ ਦਿਓ ਕਿ ਜੇ ਕਿਸੇ ਨੂੰ ਖਤਰਾ ਹੈ ਤਾਂ ਸਮੁਚੇ ਮੁਲਕ ਦੀ ਹੋਂਦ ਨੂੰ.. (ਨਵੰਬਰ 1983)

ਸੁਮੀਤ ਸਿੰਘ

ਬਾਲ ਸੁਨੇਹੜੇ 25-28

ਮੁੱਖ ਸਫ਼ਾ: ਕਸ਼ਮੀਰ ਦੀ ਕੁੜੀ
ਤਸਵੀਰ: ਰਤਿਕਾ ਸਿੰਘ

ਸੰਪਾਦਕਾ ਪੂਨਮ ਸਿੰਘ
ਸੰਚਾਲਕ ਰਾਤੀ ਕੰਤ ਸਿੰਘ

ਸਤੰਬਰ 2018
ਸਾਲ 85ਵਾਂ ਅੰਕ 9
ਮੁੱਲ 50 ਰੁ.
ਸਾਲਾਨਾ ਚੰਦਾ 600 ਰੁ.
ਜੀਵਨ ਸਾਥ (ਭਾਰਤ) 25,000 ਰੁ
ਬਾਇ ਏਅਰ ਸਾਲ 3,500 ਰੁ
( 6000/-ਰੁ. ਸੰਸਥਾਵਾਂ)

ਪ੍ਰਕਾਸ਼ਨ, ਹੈੱਡਆਫ਼ਿਸ ਪ੍ਰੀਤਨਗਰ
(ਅਮ੍ਰਿਤਸਰ) 143109

ਪ੍ਰੀਤ ਲੜੀ ਡੀਪੀਆਈ ਪੰਜਾਬ (ਚਿੱਠੀ 302 2/47-58ਬ-1277 8/3/77) ਵੱਲੋਂ ਪੰਜਾਬ ਦੇ ਸਕੂਲਾਂ, ਕਾਲਜਾਂ ਤੇ ਲਾਇਬ੍ਰੇਰੀਆਂ ਲਈ ਪਰਵਾਨ।

ਸੰਪਾਦਕੀ

ਭਖਦਾ 7 ਅਣਬੁੱਝਤਾ ਵਾਜਪੇਈ ਦੀ — ਸਬਾ ਨਕਵੀ

ਕਵਿਤਾਵਾਂ ਸ਼

ਕਹਾਣੀਆਂ 9

12 ਭੌਰੇ ਵਾਲੇ — ਸਾਥੀ ਲੁਧਿਆਣਵੀ-ਲੰਡਨ

ਖਾਸ "ਤੂੰ ਘ

ਖੋਜ 29 ਮਾਂ

ਨੌਜਵਾਨ ਆਵਾਜ਼ ਨਸਿ

ਸੰਸਾਰ ਪ੍ਰਸਿੱਧ ਲੜੀਵਾਰ 36 ਸੋਫ਼ੀ ਦੀ ਦੁਨੀਆ - ਕੁਦਰਤੀ ਫ਼ਲਸਫ਼ਈ — ਯੌਸਤੀਨ ਗੌਰਦਰ

ਗਵਾਚੀਆਂ ਗੱਲਾਂ 30 ਗਵਾਚੀਆਂ ਗੱਲਾਂ — ਅਨਵਰ ਅਲੀ (ਕਾਰਟੂਨਿਸਟ), ਪਾਕਿ.

ਲੜੀਵਾਰ ਕਿਤਾਬ 39 ਅੱਠ ਮਾਰਚ ਤੋਂ ਅੱਠ ਮਾਰਚ — ਕਾਨਾ ਸਿੰਘ

ਦਾਰ ਜੀ ਨੂੰ ਯਾਦ ਕਰਦਿਆਂ 44 ਜ਼ਿੰਦਗੀ ਦੇ ਰਹੱਸ ਦੀਆਂ ਰਮਜ਼ਾਂ — ਗੁਰਬਖ਼ਸ਼ ਸਿੰਘ ਪ੍ਰੀਤ ਲੜੀ

ਆਪਾ-ਸੁਧਾਰ ਅਭਿਆਸ 29 — ਇਨਸਾਨਵਾਦੀ ਲਹਿਰ

ਮਹੀਨਾਵਾਰ ਅਗਵਾਈ 42 ਸਤੰਬਰ ਲਈ ਅਗਵਾਈ-ਵਾਕ — ਮੀਨਾ ਓਮ, ਪੂਣਾਮ "ਪੂਣਾਮ"

ਮੇਰਾ ਸਫ਼ਾ 46 ਬਲ — ਐੱਸ ਬਲਵੰਤ

## PREET LARI IN ENGLISH

47 F

ADDRESS: Preet Lari, Village Preet Nagar (Distt Amritsar) 143109
98762 63725 (Publisher), 7347642206 (Editor); (Office ) 9463226501.
Bank Draft: "PREETLARI" Pay @ any Chandigarh or Amritsar bank.
FOR BANK TO BANK TRANSFER , OUR BANK ACCOUNT : "Preet Lari Trust";
PNB (637900) 6379002100000349 IFSC: PUNB0637900; SWIFT: PUNBINBBAHB

ਛਾਪਕ-ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ ਪ੍ਰਿੰਟਵੈਲ, 146 ਫ਼ੋਕਲ ਪੌਇੰਟ ਅਮ੍ਰਿਤਸਰ ਤੋਂ ਛਪਵਾਅ ਪ੍ਰੀਤਨਗਰ ਜ਼ਿਲ੍ਹਾ ਅਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

ਪ੍ਰੀਤ ਲੜੀ ਸਤੰਬਰ 2018

# ਕ

## ਸੰਪਾਦਕੀ

ਸ਼ਰਮ ਨਾਲ ਜ਼ਾਬ ਮਰਨ ਵਾਲੀ ਗੱਲ ਹੈ ਕਿ ਇੱਕ ਪਾਸੇ ਕੇਰਲ ਨੂੰ ਪਰਲੋ ਵਰਗੇ ਹਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਸਾਨੂੰ ਸਭ ਨੂੰ ਸਰਕਾਰਾਂ ਨੂੰ ਦੋਸ਼ ਦਿੰਦੇ ਰਹਿਣ ਵਾਲੀ ਮਾਨਸਿਕਤਾ ਦੀ ਥਾਂ ਮਦਘੌਰੀ ਵਾਲੀ ਮਾਨਸਿਕਤਾ ਮੁੜ ਅਪਨਾਉਣੀ ਚਾਹੀਦੀ ਹੈ ਸਗੋਂ ਖਾਬੀਆਂ ਪਾਰਟੀਆਂ ਨੂੰ ਪਹਿਲਾਂ ਵਾਂਗ ਆਗੇ ਲੱਗਣਾ ਚਾਹੀਦਾ ਹੈ- ਜੋ ਪਰਲੋ ਵਾਲੀ ਹਲਾਤ ਕਿ ਕੱਲ੍ਹ ਕਿਸੇ ਵੀ ਹੋਰ ਇਲਾਕੇ ਦੀ ਵੀ ਹੋਣੀ ਬਣ ਸਕਦੀ ਹੈ, ਧਰਤੀ ਦੇ ਗਰਮਾਅ ਰਹੀ ਹੋਣ ਕਰਕੇ - ਤੇ ਓਧਰ ਮਦਦ ਦੀਆਂ ਅਪੀਲਾਂ ਦੇ ਸੜੀਅਲ ਹੀ ਨਹੀਂ ਮੁਜਰਮਾਨਾ ਕੁਬੋਲ ਕਈ ਲੋਕਾਂ ਵੱਲੋਂ ਇਹ ਵੀ ਆਖੇ ਜਾ ਰਹੇ ਹਨ ਕਿ- "ਹੋਰ ਖਾਓ ਗਾਵਾਂ!" ਜਾਂ "ਹੁਣ ਮਾਰਕਸ-ਲੈਨਿਨ ਨੂੰ ਹਾਕ ਮਾਰੋ ਤਾਂ!" ਗੱਲ ਕਰਨੀ ਯੋਗ ਹੈ ਕਿ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੋ ਗਊਆਂ ਦੇ ਮੰਨੇ ਹੋਏ ਰਖਵੱਲ ਸਨ ਉਨ੍ਹਾਂ ਆਪ ਅੰਗ੍ਰੇਜ਼ ਹਾਕਮ ਨੂੰ ਸੁਨੇਹਾ ਘਲਾਇਆ ਸੀ ਕਿ ਉਨ੍ਹਾਂ ਦੇ ਚੇਲਿਆਂ ਦੀ ਇਕ ਕਮਲੀ ਹੋਈ ਕਾਤਲਾਨਾ ਭੀੜ ਬਦਲਾ ਲੈਣ ਲਈ ਤੁਰੀ ਤੇ ਤੁਲੀ ਹੋਈ ਹੈ। ਉਹ ਸਤਿਗੁਰੂ ਰਾਮ ਸਿੰਘ ਜਿਨ੍ਹਾਂ ਅੰਗ੍ਰੇਜ਼ ਨੂੰ ਹਿਲਾਇਆ ਹੋਇਆ ਸੀ ਤੇ ਜਿਨ੍ਹਾਂ ਦਾ ਭਗਤ ਸਿੰਘ ਜਿਹੇ ਨੌਜਵਾਨਾਂ ਦੇ ਉੱਥੇ ਵੀ ਅਸਰ ਪਿਆ, ਤੇ ਜੋ ਭਾਰਤ ਦੇ ਪਹਿਲੇ "ਬਾਈਕਾਂਟ" ਵਾਲੇ ਅਜ਼ਿਗ ਲੋਕ-ਆਗੂ ਸਨ- ਜ਼ਾਇਰਾਂ ਨੂੰ ਸਿਰੋਪੇ ਦੇਣ ਵਾਲੇ ਅਤੇ ਜਗੀਰਾਂ ਲੈਣ ਵਾਲੇ ਨਹੀਂ ਸਨ। ਉਨ੍ਹਾਂ ਦੀ ਗਾਦੀ 'ਤੇ ਬੈਠੇ ਸਤਿਗੁਰੂ ਜਗਜੀਤ ਸਿੰਘ, ਗਾਵਾਂ ਅਤੇ ਸੰਗੀਤ ਦੇ ਭਗਤ ਅਤੇ ਮੁਸਲਮਾਨ ਸੰਗੀਤ ਧਨੀਆਂ ਤੋਂ ਸਿੱਖੇ ਹੋਏ - ਪਾਕਿਸਤਾਨੀ ਪੰਜਾਬੋਂ ਆਏ ਕਲਾਕਾਰਾਂ ਦੀ ਹਾਜ਼ਰੀ ਵਿਚ ਆੜੀਆਂ ਵਾਂਗ ਕਿਹਾ- "ਵੇਖੋ ਹੁਣ ਅਸੀਂ ਗਾਂ ਖਾਣ ਵਾਲੇ ਤੇ ਗਾਂ ਨਾ ਖਾਣ ਵਾਲੇ ਇਕੱਠੇ ਹੀ ਤਾਂ ਬੈਠੇ ਹਾਂ..."

ਏਅਰਟੈਲ-ਭਾਰਤੀ ਨੇ ਜੋ ਮੁਫ਼ਤ ਤੇ ਚੰਗਾ ਸਕੂਲ ਸਾਡੇ ਨੇੜੇ ਵੀ ਖੋਲ੍ਹਿਆ ਹੋਇਆ ਹੈ, ਮਾਇਕ ਤੌਰ 'ਤੇ ਸਭ ਤੋਂ ਔਖੇ ਲੋਕਾਂ ਦੇ ਬਾਚਿਆਂ ਦੇ ਲਈ-- ਤੇ ਜਿਸ ਵਿਚ ਇੱਕ ਬਾਚਾ ਸਾਡੀ ਵਾਕਫ਼ੀ ਦਾ ਵੀ ਭਰਤੀ ਹੋਇਆ ਹੈ, ਉਸਦੇ ਮਾਂ ਬਾਪ ਨੂੰ ਉਸ ਬੱਚੇ ਨੇ ਘਰ ਆ ਕੇ ਸੁਨੇਹਾ ਦਿੱਤਾ ਕਿ ਕੱਲ੍ਹ 9 ਵਜੇ ਸਵੇਰੇ ਤੁਹਾਨੂੰ ਸਕੂਲ ਸਦਿਆ ਹੈ। ਉਹ ਆਗੋਂ ਹੈਰਾਨ ਹੋਏ ਤੇ ਉਨ੍ਹਾਂ ਕਿਹਾ ਬਾਚਾ ਐਵੇਂ ਪਤਾ ਨਹੀਂ ਕੀ ਕਹਿ ਰਿਹਾ ਹੈ ਆਪਣੇ ਕੋਲੋਂ ਹੀ- ਪਰ ਫੇਰ ਵੀ ਇੱਕ ਚਾਕਰ ਮਾਰ ਹੀ ਆਏ 10 ਕੁ ਵਜੇ ਤੱਕ। ਆਗੇ ਤਾਂ ਸਕੂਲ ਵਿਚ ਅੱਜ਼ਾਦੀ ਦਿਹਾੜਾ ਮਣਾਇਆ ਜਾ ਰਿਹਾ ਸੀ ਜੋ ਪ੍ਰੋਗ੍ਰਾਮ ਕੇ ਹੁਣ ਮੁਕ ਹੀ ਚੁਕਾ ਸੀ! ਅਜਿਹੇ ਮੌਕਿਆਂ ਦਾ ਤੇ ਇਨ੍ਹਾਂ ਲਈ ਸਾਦੇ ਜਾਣ ਦਾ ਉਨ੍ਹਾਂ ਨੂੰ ਕੋਈ ਤਜਰਬਾ ਨਹੀਂ ਸੀ। ਹੁਣ ਉਸ ਬੱਚੇ ਦੀ ਮਾਂ ਨੂੰ ਕਹਿੰਦਿਆਂ ਸੁਣਿਆ, ਦੇਸ਼ ਦੇ ਪਤਵੰਤੇ ਇਕ ਬਸ਼ਿੰਦੇ ਵਾਂਗੂੰ ਕਹਿੰਦਿਆਂ, "ਖੌਰੇ ਕੋਈ ਮੰਤਰੀ ਵੀ ਮਰਿਆ ਹੈ ਨਾ ਅੱਜ..." ਉਸ ਦਾ ਮਤਲਬ ਵਾਜਪੇਈ ਯਾਨੀ ਸਾਬਕਾ ਪ੍ਰਧਾਨ ਮੰਤਰੀ ਤੋਂ ਸੀ। ਚੰਗਾ ਲੱਗਾ ਇੱਕ ਨਵੇਂ ਵਰਗ ਦੀ ਜਵਾਨ ਤੀਵੀਂ ਦਾ ਇਓਂ ਖਬਰਾਂ ਨੂੰ ਕੁਝ ਆਪਣੀਆਂ ਲੱਗਦੀਆਂ ਜਿਹੀਆਂ ਸਮਝਣਾ! ਅਤੇ ਨਵੇਂ ਵਰਗਾਂ ਦਾ ਦੇਸ਼ ਬਾਰੇ ਚੇਤੰਨ ਹੋਣਾ...?

ਇੰਟਰਨੈਂਟ 'ਤੇ ਇੱਕ ਪਰਖ ਉੱਥੇ ਨਜ਼ਰ ਪਈ ਹੈ- ਸਾਡੀ ਸਫ਼ਲਤਾ ਨੂੰ ਰੋਕਣ ਵਾਲੀ ਸਾਡੀ ਅੰਦਰਲੀ ਹੀ ਸਾਡੀ ਸਭ ਤੋਂ ਵਾਜ਼ੀ ਰੁਕਾਵਟ- ਅਤੇ ਇਸ ਨੂੰ ਅਸੀਂ ਅਜ਼ਮਾਇਆ ਵੀ ਹੈ। ਇਹ ਪਰਖ ਮੁਫ਼ਤ ਹੈ ਅਜੇ ਕਿਓਂਕਿ ਇਹ ਪਰਖ ਕਰਨ ਵਾਲਿਆਂ ਨੂੰ ਲਾਖਾਂ ਦੀ ਗਿਣਤੀ ਵਿਚ ਆਪਣੀ ਪਰਖ ਦੇ ਲਈ ਪੁਸ਼ਟੀਆਂ ਚਾਹੀਦੀਆਂ ਹਨ ਜੋ ਇਸਨੂੰ ਮੁਫ਼ਤ ਵੰਡ ਕੇ ਹੀ ਮਿਲ ਸਕਦੀਆਂ ਹਨ। (ਪਰਖ ਦਾ ਨਤੀਜਾ ਦੇਣ ਤੋਂ ਬਾਅਦ ਆਗੋਂ ਉਨ੍ਹਾਂ ਕੋਲ 'ਉਪਾਅ' ਹਨ ਹਜ਼ਾਰਾਂ ਵੱਲੋਂ ਖਰੀਦੇ ਹੀ ਜਾਣਗੇ) {ਇਹ ਹੈ ਇਸ ਪਰਖ ਦਾ ਪਤਾ > https://fff. mindmovies.com /mindmovies. com / successblocker/index_ fb55bc_c.p?28699Ìdata3 =na_1808180536<} ਇਹ ਪਰਖ ਕੁਝ ਸਾਦੇ ਤੋਂ ਸਾਦੇ ਸੁਆਲਾਂ ਦੀ ਸ਼ਕਲ ਵਿਚ ਹੈ, ਸਾਡੇ ਆਪਣੇ ਬਾਰੇ ਸਾਨੂੰ ਕੀਤੇ ਗਏ। ਅਤੇ ਝਾਟ ਹੀ ਜੁਆਬ ਵੀ ਮਿਲ ਜਾਂਦਾ ਹੈ: ਸਾਨੂੰ ਆਪਣੇ ਰਾਹ ਵਿਚ ਅੜਿਕਾ ਬਣ ਖਲੋਂਦੀ ਆਪਣੀ ਸਭ ਤੋਂ ਹੀ ਵਾਜ਼ੀ ਯਾਨੀ ਬੁਨਿਆਦੀ ਤਕਲੀਫ਼ ਦਾ ਪਤਾ ਲੱਗ ਜਾਂਦਾ ਹੈ! ਹਰ ਇੱਕ ਦੀ ਆਪਣੀ! ਅਸੀਂ ਪੁਰਜ਼ੋਰ ਸਿਫ਼ਾਰਿਸ਼ ਕਰਦੇ ਹਾਂ ਇਸ ਪਰਖ ਦੁਆਰਾ ਪਰਖੇ ਜਾਣ ਦੀ।

ਨੈਂਟਫ਼ਲਿਕਸ 'ਤੇ ਆਈ ਇੱਕ ਬਿਲਕੁਲ ਨਵੀਂ ਅੰਗ੍ਰੇਜ਼ੀ ਫ਼ਿਲਮ ਦਾ ਇੱਕ ਵਾਕ! ਫ਼ਿਲਮ ਦੇ ਦਰਮਿਆਨ ਜਿਹੇ ਕਿਤੇ ਅਛੋਪਲੇ ਹੀ ਉਚਰਿਆ ਜਾਂਦਾ ਹੈ ਹੀਰੋਇਨ ਵੱਲੋਂ -"ਇਹ ਜ਼ਿੰਮੇਵਾਰ ਵਤੀਰਾ ਨਹੀਂ ਸੀ!" ਇਹ ਲਫ਼ਜ਼, ਜ਼ਿੰਮੇਵਾਰ, ਹੀ ਬੜੇ ਅਰਸੇ ਤੋਂ ਸਾਹਿਤ ਅਤੇ ਫ਼ਿਲਮਾਂ ਤੋਂ ਗ਼ਾਇਬ ਜਿਹਾ ਹੈ। ਇਸ ਦੀ ਮਹਿਮਾ ਕੁਝ ਘਟਾਅ ਕੇ ਵਿਖਾਈ ਜਾਂਦੀ ਰਹੀ ਹੈ। ਹਾਂ, ਇਸ ਸ਼ਕਲ ਵਿਚ ਤਾਂ ਸੁਣਿਆ ਗਿਆ ਹੈ ਕਿ "ਫ਼ਲਾਣੀ ਗੱਲ ਲਈ ਫ਼ਲਾਣਾ ਜ਼ਿੰਮੇਵਾਰ ਹੈ" ਯਾਨੀ ਬਗ਼ਾਵਤੀ ਸੁਰ ਵਿਚ, ਪਰ ਇਸ ਵਿਚ ਨਹੀਂ ਕਿ ਇਨਸਾਨ ਨੂੰ ਜ਼ਿੰਮੇਵਾਰੀ ਤੋਂ ਕੰਮ ਲੈਣਾ ਚਾਹੀਦਾ ਹੈ...ਇਹ ਵਾਕ ਇੱਕ ਉਸ ਇਨਕਲਾਬੀ (ਵਲਵਲੇ ਹੇਠ ਆਗ ਬਬੂਲੀ ਹੋ ਜਾਂਦੀ ਤੇ ਆਪਣਾ ਸਭ ਕੁਝ ਸੁਾਟ ਮਰਨ ਤੱਕ ਜਾਂਦੀ) ਹਿਰੋਇਨ ਲਈ ਕਿਹਾ ਗਿਆ ਜੋ ਪਿਆਰੀ ਤਾਂ ਬੜੀ ਸੀ ਅਤੇ ਸਭ ਦੀ ਮਦਦਘੱਰ, ਅਤੇ ਨਾਜ਼ੀਆਂ ਦਾ ਧਾਕਾ ਉਂਕਾ ਨਾ ਬਰਦਾਸ਼ਤ ਕਰਨ ਵਾਲੀ- ਜਿਸ ਤਰਥਾਲੀ ਪਾਉਣ ਵੀ ਨੂੰ ਪਰ ਇੱਕ ਚੰਗੇ ਜਿਹੇ ਜਰਮਨ ਫ਼ੌਜੀ ਨਾਲ ਪਿਆਰ ਹੋ ਗਿਆ ਅਤੇ ਉਸ ਤੋਂ ਬਾਚਾ ਵੀ ਹੋ ਗਿਆ...ਆਪਣੇ ਨਿੱਕੇ ਜਿਹੇ ਟਾਪੂ 'ਤੇ। ਫ਼ੌਜੀ ਨੂੰ ਵਾਪਿਸ ਭੇਜ ਦਿੱਤਾ ਗਿਆ ਜੋ ਰਾਹ ਵਿਚ ਕੁਦਰਤੀ ਕਰੋਪੀ ਦਾ ਸ਼ਿਕਾਰ ਹੋ ਗਿਆ। ਹਿਰੋਇਨ ਕੁਝ ਮਹੀਨਿਆਂ ਦੀ ਬਾਚੀ ਇੱਕ ਵਿਸ਼ਵਾਸਪਾਤਰ ਹਾਣੀ ਮੁੰਡੇ ਨੂੰ ਫੜਾਅ ਕਿਸੇ 'ਇਨਲਾਬੀ ਮੁਹਿੰਮ' 'ਤੇ ਨਿਕਲੀ ਕਿ ਕੁਝ ਘੰਟਿਆਂ ਵਿਚ ਆਉਂਦੀ ਹਾਂ ਪਰ ਕਦੇ ਨਾ ਪਰਤ ਸਕੀ। ਉਸ ਦੀ ਉਡੀਕ ਹੀ ਕੀਤੀ ਜਾ ਰਹੀ ਹੈ ਜਦ ਨਵੀਂ ਹਿਰੋਇਨ, ਉਸ ਦੀ ਪੈੜ ਲਾਭ ਰਹੀ ਲੇਖਿਕਾ, ਦਾਸਦੀ ਹੈ ਕਿ ਜਰਮਨ ਕੈਂਪ ਵਿਚ ਉਹ ਇੱਕ ਨਿੱਕੀ ਕੁੜੀ ਖਾਤਿਰ ਆਪਣੀ ਜਾਨ ਦੇ ਗਈ ਸੀ ਤੇ ਹੁਣ ਕਦੇ ਨਹੀਂ ਆ ਸਕੇਗੀ। ਇਹ ਖਬਰ ਨਿੱਕੀ ਬਾਚੀ ਨੂੰ ਵੀ ਦਿੱਤੀ ਜਾਂਦੀ ਹੈ। ਉਸ ਨੂੰ ਪਿਆਰ ਨਾਲ ਪਾਲਦੇ ਰਹੇ ਹੀਰੋ ਦੀ ਇੱਕ ਜ਼ਿਮੇਵਾਰ ਇਨਸਾਨ ਵਜੋਂ ਕੁਰਬਾਨੀ ਤੋਂ ਪ੍ਰਭਾਵਤ ਨਵੀਂ ਹੀਰੋਇਨ- ਆਪ ਵੀ ਬਿਨ ਮਾਂ-ਪਿਓ ਦੇ ਵਾਜ਼ੀ ਹੋਈ- ਉਸ ਨਾਲ ਵਿਆਹ ਕਰਾਅ ਲੈਂਦੀ ਹੈ, ਉਸ ਦੇ ਪਰਿਵਾਰ ਅਤੇ ਉਸ ਬਾਰੇ ਇਹ ਕਹਿੰਦਿਆਂ- "ਕਈ ਵਾਰ ਤੁਸੀਂ ਕਿਸੇ ਨੂੰ ਮਿਲੇ ਬਗ਼ੈਰ ਹੀ ਉਨ੍ਹਾਂ ਦੇ ਹੁੰਦੇ ਹੋ!" ਕੀ ਅਸੀਂ ਕਹਿ ਸਕਦੇ ਹਾਂ ਕਿ- ਜੇ ਇਨਕਲਾਬੀਪੁਣੇ ਲਈ ਇੱਕ ਸਮਾਂ ਜਾਂ ਸੁਭਾਅ ਹੁੰਦਾ ਹੈ ਤਾਂ ਜ਼ਿੰਮੇਵਾਰ ਸਾਂਭ-ਸੰਭਾਈ ਲਈ ਵੀ ਇੱਕ ਸਮਾਂ ਅਤੇ ਸੁਭਾਅ ਹੀ ਹੁੰਦਾ ਹੈ...?

# ਕਾਵਿ ਝੜੀ

## ਨਵੀਂ ਕਵਿਤਾ

ਕਵਿਤਾ

# ਅਣਬੁੱਝਤਾ ਵਾਜਪੇਈ ਦੀ

ਕੀ ਹੋ ਸਕਦੀ ਹੈ ਇੱਕ ਵੱਧ ਦਿਆਲੂ ਤੇ ਵੱਧ ਕੋਮਲ ਭਾਜਪਾ -ਇਸ ਨੀਂਹ ਦੀ ਮੂਰਤ ਦਿਸਦੇ ਹਨ ਉਹ।

## ਸਬਾ ਨਕਵੀ

ਭਖਦਾ





ਅਣਬੁੱਝ ਬੁਝਾਰਤ ਹੀ ਤਾਂ ਸਨ ਵਾਜਪੇਈ, ਇੱਕ ਨਰਮ-ਦਲੀਏ ਜਿਨ੍ਹਾਂ ਦੀ ਅਕਸਰ ਆਪਣੀ ਹੀ ਪਾਰਟੀ ਨਾਲ ਅਤੇ ਵਿਚਾਰਧਾਰਾ ਦੀ ਸਾਂਝ ਵਾਲਿਆਂ ਨਾਲ ਤਣਾਤਣੀ ਹੋਈ ਹੋਈ ਜਾਪਦੀ, ਆਪਣੇ ਨਾਲ ਜੁੜੇ ਜਿਸ ਨੁਕਤੇ ਬਾਰੇ ਕਿ ਉਹ ਸ਼ਰੇਆਮ ਆਪ ਹੀ ਗੱਲ ਕਰਦੇ ਰਹਿੰਦੇ। ਪਰ ਓਧਰ ਉਨ੍ਹਾਂ ਦਾ ਛੇ ਸਾਲ ਦਾ ਰਾਜਕਾਜ ਭਾਜਪਾ ਦੇ ਭਾਰਤ ਦੀ ਇੱਕ ਸਾਫ਼ ਹੀ ਵੱਡੀ ਰਾਜਨੀਤਕ ਪਾਰਟੀ ਬਣਨ ਦੇ ਸਫ਼ਰ ਵਿਚ ਇੱਕ ਅਤਿ ਅਹਿਮ ਮੀਲਪੱਥਰ ਸਾਬਤ ਹੋਇਆ। ਅਜੋਕੇ ਭਾਰਤੀ ਇਤਿਹਾਸ ਦੇ ਉਸ ਅਹਿਮ ਸਮੇਂ-ਕਾਲ ਵਿਚ ਉਨ੍ਹਾਂ ਦਾ ਠਾਠ ਬਾਠ ਸੀ ਜਦੋਂ ਭਾਜਪਾ ਨੇ ਉਸਦਾ ਅੰਤ ਕਰ ਵਿਖਾਇਆ ਜਿਸ ਨੂੰ ਉਦੋਂ ਉਸਦਾ "ਭਿੱਟਿਆਪਣ" ਕਿਹਾ ਜਾਂਦਾ ਸੀ। ਇਹ ਵਾਜਪੇਈ ਦੀ ਸ਼ੁਹਰਤ ਹੀ ਸੀ ਜਿਸ ਇਹ ਸੰਭਵ ਕੀਤਾ ਕਿ ਇਲਾਕਾਈ ਪਾਰਟੀਆਂ ਓਦੋਂ ਭਾਜਪਾ ਦੇ ਆਲ ਦੁਆਲੇ ਆ ਜੁੜੀਆਂ ਜਦੋਂ ਕਾਂਗ੍ਰਸ ਦੀ ਸਰਦਾਰੀ ਦਾ ਯੁਗ ਖਤਮ ਹੋ ਰਿਹਾ ਸੀ।

ਵਾਜਪੇਈ ਹੇਠਾਂ, ਭਾਰਤ ਨੂੰ ਆਪਣੀ ਪਹਿਲੀ ਅਣਡੋਲਵੀਂ ਰਲੀ-ਮਿਲੀ ਸਰਕਾਰ ਮਿਲੀ ਸੀ। ਅੱਜ ਇਹ ਮੰਨਣਾ ਔਖਾ ਲੱਗਦਾ ਹੈ, ਪਰ ਉਨ੍ਹਾਂ ਦੇ ਰਾਜ ਦੇ ਦੌਰਾਨ ਕਿਸੇ ਵੇਲੇ, ਦੋਏ ਮਮਤਾ ਬੈਨਰਜੀ ਅਤੇ ਨਵੀਨ ਪਟਨਾਇਕ ਕੇਂਦਰੀ ਮੰਤਰੀ ਸਨ, ਤੇ ਨਿਤੀਸ਼ ਕੁਮਾਰ ਵੀ। ਇਹ ਤਿੰਨੇ ਅੱਗੇ ਜਾ ਕੇ ਤਕੜੇ ਮੁੱਖ ਮੰਤਰੀ ਬਣੇ। ਇਹ ਸੰਭਵ ਹੋ ਸਕਿਆ ਸੀ ਤਾਂ ਏਸ ਕਰਕੇ ਕਿ ਵਾਜਪੇਈ ਜਨਤਕ ਜ਼ਿੰਦਗੀ ਵਿਚ ਸਭਿਅਤਾ-ਸਲੀਕੇ ਦਾ ਮੁਜੱਸਮਾ ਸਨ ਅਤੇ ਉਨ੍ਹਾਂ ਦੇ ਰੇਸ਼ੇ ਰੇਸ਼ੇ ਵਿਚ ਬਿਰਤੀ ਅਤੇ ਸਿਖਲਾਈ ਵੱਲੋਂ ਲੋਕਤੰਤਰੀ-ਬਰਾਬਰਤਾ ਦੀ ਖਾਸੀਅਤ ਰਹੀ ਆਪਣੇ ਲੰਮੇ ਚੱਲੇ ਸੰਸਦੀ ਜੀਵਨਕਾਲ ਵਿਚ, ਭਾਵੇਂ ਉਹ ਜਨ ਸੰਘ ਵਿਚ ਸਨ ਜਾਂ ਭਾਜਪਾ ਵਿਚ। ਏਸੇ ਲਈ, ਹੱਲਾਂਕਿ ਬੜੀਆਂ ਹੀ ਨਾਟਕੀ ਵਾਪਰਨੀਆਂ ਵਾਪਰੀਆਂ ਉਨ੍ਹਾਂ ਦੇ ਸਮੇਂ ਕਾਲ ਵਿਚ ਉਨ੍ਹਾਂ ਦੇ ਹੀ ਹੇਠ, ਇਹ ਪੋਖਰਨ -2 ਦੀਆਂ ਪ੍ਰਮਾਣੂ ਪਰਖਾ ਸਨ, ਕਾਰਗਿਲ ਦੀ ਜੰਗ ਸੀ ਜਾਂ ਕੰਧਾਹਾਰ ਹਾਈਜੈਕ ਅਤੇ ਕਿੰਨਾ ਹੀ ਹੋਰ ਕੁਝਵੀ, ਉਸ ਸਭ ਵਿਚੋਂ ਵੀ ਉਹ ਹਰ ਕਿਸਮ ਦੇ ਸਾਥੀ ਨੂੰ ਨਾਲ ਹੀ ਰੱਖੀ ਰੱਖ ਸਕੇ।

ਉਨ੍ਹਾਂ ਇੱਕ ਨਮੂਨਾ ਪੇਸ਼ ਕੀਤਾ ਕਿ ਫ਼ੈਡਰਲ (ਸੰਘੀ) ਸਰਕਾਰ ਕਿਵੇਂ ਚਲਾਉਣੀ ਹੁੰਦੀ ਹੈ ਅਤੇ ਇਸ ਦੇ ਵਾਸਤੇ ਉਨ੍ਹਾਂ ਨੂੰ ਚੇਤੇ ਰੱਖਣਾ ਹੀ ਰੱਖਣਾ ਚਾਹੀਦਾ ਹੈ, ਅਤੇ ਲੋੜ ਪਏ ਤਾਂ ਉਨ੍ਹਾਂ ਦੀ ਨਕਲ ਕੀਤੀ ਜਾਣੀ ਚਾਹੀਦੀ ਹੈ।

ਵਾਜਪੇਈ ਨੇ ਇਸ ਦੇ ਲਈ ਸੰਘਰਸ਼ ਕੀਤੀ ਰੱਖਿਆ ਸੀ ਕਿ ਭਾਜਪਾ ਨੂੰ ਅਜਿਹੇ ਰਾਹ ਪਾ ਦਿੱਤਾ ਜਾਏ ਜੋ ਇਸਨੂੰ ਇਸਦੀ ਵਿਚਾਰਧਾਰਾਈ ਬਿਰਾਦਰੀ ਤੋਂ ਵਧੇਰੇ ਅੱਜ਼ਾਦ ਕਰ ਦੇਵੇ। ਉਹ ਪਾਰਟੀ ਦੇ ਪਹਿਲੇ ਪ੍ਰਧਾਨ ਸਨ ਜਦੋਂ 1980 ਵਿਚ ਇਹ ਬਣੀ ਸੀ, ਅਤੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਉਨ੍ਹਾਂ ਨੇ ਆਰ.ਐੱਸ.ਐੱਸ.- ਜਨ ਸੰਘ ਦੇ ਵਿਰਸੇ ਨੂੰ ਭਾਅ ਨਹੀਂ ਦਿੱਤਾ ਅਤੇ ਜੈ ਪ੍ਰਕਾਸ਼ ਨਾਰਾਇਣ (ਜਿਸ ਸਮਾਜਵਾਦੀ ਨੇਤਾ ਦੀ ਇੰਦਿਰਾ ਗਾਂਧੀ ਦੇ ਖ਼ਿਲਾਫ਼ 'ਸੰਪੂਰਨ ਕ੍ਰਾਂਤੀ' ਜਾਂ ਮੁਕੰਮਲ ਇਨਕਲਾਬ ਨੇ 1975 ਵਿਚ ਐਮਰਜੈਂਸੀ ਲਗਵਾਈ ਸੀ) ਦੇ ਵਿਰਸੇ ਉੱਥੇ ਰੌਸ਼ਨੀ ਵਧ ਵਧ ਕੇ ਰੱਖੀ। ਵਾਜਪੇਈ ਜਨਤਾ ਪਾਰਟੀ ਦੇ ਕੀਤੇ ਤਜਰਬੇ ਦਾ ਹਿੱਸਾ ਰਹੇ ਸਨ ਅਤੇ ਉਹ ਉਸ ਤਜਰਬੇ ਨੂੰ ਵਧਾਅ ਕੇ ਭਾਜਪਾ ਤੱਕ ਲਿਆਉਣਾ ਚਾਹੁੰਦੇ ਸੀ। ਬੇਸ਼ਕ, ਆਪਾ-ਵਿਰੋਧਾਂ ਅਤੇ ਦਵੰਦਾਂ ਦੇ ਭਰੇ ਹੋਏ ਤਾਂ ਉਹ

ਅਜੋਕੇ ਭਾਰਤੀ ਇਤਿਹਾਸ ਦੇ ਉਸ ਅਹਿਮ ਸਮੇਂ-ਕਾਲ ਵਿਚ ਉਨ੍ਹਾਂ ਦਾ ਠਾਠ ਬਾਠ ਸੀ ਜਦੋਂ ਭਾਜਪਾ ਨੇ ਉਸਦਾ ਅੰਤ ਕਰ ਵਿਖਾਇਆ ਜਿਸ ਨੂੰ ਉਦੋਂ ਉਸਦਾ "ਭਿੱਟਿਆਪਣ" ਕਿਹਾ ਜਾਂਦਾ ਸੀ। ਇਹ ਵਾਜਪੇਈ ਦੀ ਸ਼ੁਹਰਤ ਹੀ ਸੀ ਜਿਸ ਇਹ ਸੰਭਵ ਕੀਤਾ ਕਿ ਇਲਾਕਾਈ ਪਾਰਟੀਆਂ ਓਦੋਂ ਭਾਜਪਾ ਦੇ ਆਲ ਦੁਆਲੇ ਆ ਜੁੜੀਆਂ ਜਦੋਂ ਕਾਂਗ੍ਰਸ ਦੀ ਸਰਦਾਰੀ ਦਾ ਯੁਗ ਖਤਮ ਹੋ ਰਿਹਾ ਸੀ।

ਹੈ ਹੀ ਸਨ, ਉਨ੍ਹਾਂ (ਸੰਘ) ਆਰ.ਐੱਸ.ਐੱਸ. ਨੂੰ ਕਾਵਿਕ ਤਰੀਕੇ ਨਾਲ ਆਪਣੀ "ਆਤਮਾ" ਆਖਿਆ ਸੀ।

ਲੇਕਿਨ ਨਰਮ-ਦਲੀ ਰਾਹ ਨੇ ਚੋਣਾਂ ਵਿਚ ਜਿਤਾਂ ਕੋਈ ਨਾ ਲਿਆਂਦੀਆਂ, ਅਤੇ ਇਸਦੀ ਨੀਂਹ ਰੱਖੀ ਜਾਣ ਦੇ 4 ਸਾਲਾਂ ਬਾਅਦ, 1984 ਵਿਚ, ਭਾਜਪਾ ਦੇ ਘਟ ਕੇ ਸਿਰਫ਼ 2 ਮੈਂਬਰ ਰਹਿ ਗਏ ਸੀ ਸੰਸਦ ਵਿਚ ਤੇ ਖੁਦ ਵਾਜਪੇਈ ਨੂੰ ਸ਼ਰਮਸਾਰੀਵਾਲੀ ਹਾਰ ਵੇਖਣੀ ਪਈ ਸੀ,

## ਅਣਬੁੱਝਤਾ ਵਾਜਪੇਈ ਦੀ

ਸਬਾ ਨਕਵੀ

ਭਖਦਾ

Fifth column: A personal tribute to Atalji TAVLEEN SINGH
"After the Babri Masjid was demolished I asked him why he did not leave the BJP if he was so unhappy with what had happened. He replied in the words of that famous song, 'Jaayein, to jaayein kahaan (Where should I go)'."
indianexpress.com%2Farticle%2Fopinion%2Fcolumns%2Fatal-bihari-vajpayee-a-personal-tribute-tavleen-singh-5313620%2F

ਗਵਾਲੀਅਰ, ਐੱਮ ਪੀ ਵਿਚ। ਇਹ ਪਾਰਟੀ ਫੇਰ ਲਾਲ ਕ੍ਰਿਸ਼ਣ ਅਡਵਾਨੀ ਦੀ ਅਗੁਆਈ ਵਿਚ ਮੁੜ ਖੜ੍ਹੀ ਕੀਤੀ ਗਈ ਅਤੇ 1990 ਵਿਆਂ ਦੀ ਰਾਮ ਮੰਦਿਰ ਦੀ ਲਹਿਰ 'ਤੇ ਸੁਆਰ ਹੋ ਕੇ ਬੜੀ ਰੌਲੇ ਗੌਲੇ ਨਾਲ ਕੌਮੀ ਮੰਚ 'ਤੇ ਆ ਪੁੱਜੀ ਸੀ।

ਸਿਆਸੀ ਪਾਰਟੀਆਂ ਦੇ ਇਤਿਹਾਸ ਵਿਚ, ਵਾਜਪੇਈ-ਅਡਵਾਨੀ ਆਪਸੀ ਲੈ-ਦੇ, ਆਪਣੀਆਂ ਸਾਰੀਆਂ ਚੜ੍ਹਤਾਂ ਅਤੇ ਉਤਰਾਈਆਂ ਦੇ ਬਾਵਜੂਦ, ਇੱਕ ਅਸਲੀ ਸਾਥੀਪੁਣਾ ਸੀ ਜਿਸ ਨੇ ਹੀ ਭਾਜਪਾ ਨੂੰ ਭਾਰਤ ਦੇ ਸਿਆਸੀ ਨਕਸ਼ੇ ਉੱਥੇ ਲਿਆਂਦਾ। ਅਤੇ ਇਥੇ ਅਡਵਾਨੀ ਦੀ ਦਾਅ ਪੇਚੀ ਸਮਝ ਦੀ ਸਲਾਘਾ ਕਰਨੀ ਬਣਦੀ ਹੈ ਜੋ ਆਪਣੇ ਖੁਦ ਦੇ ਬਿੰਬ-ਅਕਸ ਦੀਆਂ ਸੀਮਾਵਾਂ-ਹਾਦਾਂ ਨੂੰ ਪਛਾਣਦੇ ਸਨ। ਇਹ ਅਡਵਾਨੀ ਦੀ ਹੱਲਾਸ਼ੇਰੀ ਕਰਕੇ ਹੀ ਸੀ ਕਿ ਵਾਜਪੇਈ ਨੂੰ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਪੇਸ਼ ਕੀਤਾ ਗਿਆ ਸੀ, ਕਿਓਂਕਿ ਉਨ੍ਹਾਂ ਦਾ ਅਕਸ ਇੱਕ ਨਰਮ-ਦਲੀਏ ਦਾ ਸੀ। ਉਹ ਹੀ ਪਹਿਲੇ ਲੀਡਰ ਸਨ ਜਿਨ੍ਹਾਂ ਦੁਆਲੇ ਭਾਜਪਾ ਨੇ ਇੱਕ ਸ਼ਖ਼ਸੀਅਤ-ਵਡਿਆਊ ਚੋਣ ਮੁਹਿਮ ਬੰਨ੍ਹੀ, ਜਿਸਦਾ ਕਿ ਫੈਲਾਅ ਅਤੇ ਜਲੌਅ ਰਾਸ਼ਟਰਪਤੀ-ਪ੍ਰਣਾਲੀ ਵਾਲੇ ਮੁਲਕਾਂ ਵਰਗਾ ਸੀ।

ਇਹ ਐਨ ਸਹੀ ਅੰਦਾਜ਼ਾ ਲਾਇਆ ਗਿਆ ਸੀ ਕਿ ਵਾਜਪੇਈ ਭਾਈਵਾਲਾਂ ਨੂੰ ਨਾਲ ਲਿਆ ਕੇ ਤੋਰ ਸਕਣਗੇ। ਪਰ ਜੋ ਉਨ੍ਹਾਂ ਦੀ ਤਾਕਤ ਸੀ ਉਸਨੂੰ, ਪਾਰਟੀ ਦੇ ਅੰਦਰਲੇ ਜੋੜਾਂ ਤੋੜਾਂ ਵਿਚ ਇੱਕ ਕਮਜ਼ੋਰੀ ਵੀ ਸਮਝ ਲਿਆ ਜਾ ਸਕਦਾ ਸੀ, ਜਿਵੇਂ ਇੱਕ ਵਾਰ ਇੱਕ ਵੱਡੇ ਆਰ.ਐੱਸ.ਐੱਸ.-ਭਾਜਪਾ ਅਹੁਦੇਦਾਰ ਨੇ ਕਿਹਾ ਸੀ ਤੇ ਇਹ ਗੱਲ ਬੜੀ ਮਸ਼ਹੂਰ ਹੈ ਕਿ ਉਨ੍ਹਾਂ ਵਾਜਪੇਈ ਨੂੰ ਇੱਕ "ਮੁਖੌਟਾ" ਆਖਿਆ ਸੀ, ਅਖੇ ਮੁਖੌਟਾ ਤਾਂ ਨਾਟਕਾਂ ਵਿਚ ਹੀ ਚੰਗਾ ਲੱਗਦਾ ਹੈ!

ਵਾਜਪੇਈ ਦੇ ਪ੍ਰਧਾਨ ਮੰਤਰੀ ਵਜੋਂ ਸਾਰੇ ਰਾਜ ਕਾਲ ਦੇ ਸਮੇਂ ਉਨ੍ਹਾਂ ਦਾ ਵਿਚਾਰਧਾਰਕ ਅਤਿ-ਸੁੱਚਿਆਂ ਨਾਲ ਸਚਮੁਚ ਇੱਕ ਘੋਲ ਲਗਾਤਾਰ ਹੀ ਚੱਲਦਾ ਰਿਹਾ। 1998 ਵਿਚ ਉਨ੍ਹਾਂ ਦੇ ਦੂਜੀ ਵਾਰ ਪ੍ਰਧਾਨ ਮੰਤਰੀ ਬਣਨ 'ਤੇ

ਇਹ ਅਡਵਾਨੀ ਦੀ ਹੱਲਾਸ਼ੇਰੀ ਕਰਕੇ ਹੀ ਸੀ ਕਿ ਵਾਜਪੇਈ ਨੂੰ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਪੇਸ਼ ਕੀਤਾ ਗਿਆ ਸੀ, ਕਿਓਂਕਿ ਉਨ੍ਹਾਂ ਦਾ ਅਕਸ ਇੱਕ ਨਰਮ-ਦਲੀਏ ਦਾ ਸੀ। ਉਹ ਹੀ ਪਹਿਲੇ ਲੀਡਰ ਸਨ ਜਿਨ੍ਹਾਂ ਦੁਆਲੇ ਭਾਜਪਾ ਨੇ ਇੱਕ ਸ਼ਖ਼ਸੀਅਤ-ਵਡਿਆਊ ਚੋਣ ਮੁਹਿਮ ਬੰਨ੍ਹੀ, ਜਿਸਦਾ ਕਿ ਫੈਲਾਅ ਅਤੇ ਜਲੌਅ ਰਾਸ਼ਟਰਪਤੀ-ਪ੍ਰਣਾਲੀ ਵਾਲੇ ਮੁਲਕਾਂ ਵਰਗਾ ਸੀ।

(1996 ਵਿਚ 13 ਦਿਨ ਦੀ ਸਰਕਾਰ ਡਿੱਗਣ ਤੋਂ ਬਾਅਦ), ਸ਼ੁਰੂਆਤ ਹੀ ਇਸ ਤਰ੍ਹਾਂ ਹੋਈ ਸੀ ਕਿ ਆਰ.ਐੱਸ.ਐੱਸ. ਨੇ ਵਿੱਤ ਮੰਤਰੀ (ਫ਼ਾਈਨੈਂਸ) ਵਾਸਤੇ ਉਨ੍ਹਾਂ ਦੀ ਚੋਣ, ਜਸਵੰਤ ਸਿੰਘ, ਨੂੰ ਵੀਟੋ (ਆਪਣੀ ਖਾਸ ਤਾਕਤ ਵਰਤ ਕੇ ਨਕਾਰ) ਕਰ ਦਿੱਤਾ ਸੀ, ਜਿਨ੍ਹਾਂ ਨੂੰ ਕਿ ਅੱਜ਼ਾਦ ਮੰਡੀ ਦਾ ਕੁਝ ਬਹੁਤਾ ਹੀ ਵਕੀਲ ਮੰਨਿਆ ਜਾਂਦਾ ਸੀ। ਵਾਜਪੇਈ ਰੁੱਸੇ ਰਹੇ, ਫੇਰ ਮੰਨ ਗਏ ਕਿ ਜਸਵੰਤ ਸਿੰਘ ਨੂੰ ਨਹੀਂ ਥਾਪਿਆ ਜਾਏਗਾ, ਪਰ ਉਨ੍ਹਾਂ ਆਰ.ਐੱਸ.ਐੱਸ. ਦੇ ਦਿੱਤੇ ਨਾਵਾਂ ਨਾਲ ਵੀ ਸਹਿਮਤੀ ਨਾ ਜਤਾਈ(ਯਸ਼ਵੰਤ ਸਿਨਹਾ ਇੱਕ ਰਾਜ਼ੀਨਾਵੇਂ ਵਾਂਗ ਇਸ ਅਹੁਦੇ ਅਚਾਨਕ ਬੈਠਾਏ ਗਏ ਸਨ)।

ਮੈਂ ਆਪ ਵੇਖਿਆ ਕਿ ਵਾਜਪੇਈ ਕਿੰਨੇ ਦੁਖੀ ਹੁੰਦੇ ਸਨ ਡਾਢੀਆਂ ਰੋਸ-ਮੁਹਿੰਮਾਂ ਦਿਆਂ ਤੌਰ ਤਰੀਕਿਆਂ ਤੋਂ, ਜਦੋਂ 1988 ਵਿਚ ਉਨ੍ਹਾਂ ਦੇ ਚੋਣ ਮੁਹਿੰਮੀ ਦੌਰਿਆਂ 'ਤੇ ਉਨ੍ਹਾਂ ਦੇ ਮਗਰ ਮਗਰ ਹੀ ਰਹਿੰਦੀ ਸੀ। ਉਹ ਅਜੇ ਨਿੱਕਲੇ ਹੀ ਸਨ ਸੂਰਤ ਵਿਚ ਆਪਣੀ ਕਾਰ ਵਿਚੋਂ ਕਿ ਇੱਕ ਵਲੰਟੀਅਰ, ਜੋ ਜੋਸ਼ ਨਾਲ ਝੱਲਾ ਫਾਵਾ ਹੋਇਆ ਲੱਗਦਾ ਸੀ, ਉੱਚੀ ਉੱਚੀ "ਜੈ ਸ਼੍ਰੀ ਰਾਮ" ਚੀਖਣ ਲੱਗ ਪਿਆ। ਵਾਜਪੇਈ ਨੇ ਝੱਟ ਉਹਦੇ ਵੱਲ ਮੁੜ ਕੇ ਝਿੜਕਿਆ:" ਬੋਲਤੇ ਰਹੋ ਜੈ ਸ਼੍ਰੀ ਰਾਮ ਔਰ ਕਰੋ ਮਤ ਕੋਈ ਕਾਮ!" ਇਹ ਇੱਕ ਅਜਿਹਾ 'ਵਾਜਪੇਈ ਪਲ' ਸੀ ਜਿਹੜਾ ਮੈਨੂੰ ਹਮੇਸ਼ਾ ਚੇਤੇ ਰਹੇਗਾ। ਕੁਝ ਮਹੀਨਿਆਂ ਬਾਅਦ ਮੈਨੂੰ ਦਿੱਤੀ ਇੱਕ ਇੰਟਰਵਿਊ ਵਿਚ ਉਨ੍ਹਾਂ ਦਾ ਮੁਖ ਨੁਕਤਾ ਇਹ ਸੀ ਕਿ ਭਾਜਪਾ ਨੂੰ ਆਰ.ਐੱਸ.ਐੱਸ. ਦੇ ਰਿਮੋਟ ਕੰਟ੍ਰੋਲ ਨਾਲ ਨਹੀਂ ਚੱਲਣਾ ਚਾਹੀਦਾ ਤੇ ਨਾ ਇਹ ਚਾਲੇਗੀ ਹੀ।

ਇਹ ਭਾਰਤ-ਪਾਕਿਸਤਾਨ ਸੰਬੰਧਾਂ ਦਾ ਮੰਚ ਸੀ ਜਿਸ 'ਤੇ ਵਾਜਪੇਈ ਕੁਝ ਕਰ ਵਿਖਾਣਾ ਚਾਹੁੰਦੇ ਸੀ, ਅਮਨ ਲਿਆ ਕੇ। ਪਰ ਦੁਨੀਆ ਜਿੱਧਰ ਨੂੰ ਵਗ ਰਹੀ ਸੀ ਉਸ ਨੇ ਵਾਜਪੇਈ ਦੀ ਇੱਕ ਨਾ ਚੱਲਣ ਦਿੱਤੀ। ਲੁਕ ਕੇ ਕੰਮ ਕਰਦੀ ਪਾਕਿਸਤਾਨੀ ਫ਼ੌਜ ਦੇ ਕਾਰਗਿਲ ਵਿਚ ਵੜ ਆਉਣ ਤੋਂ ਬਾਅਦ ਵਾਜਪੇਈ ਪਾਕਿਸਤਾਨੀ ਪ੍ਰਧਾਨ ਮੰਤਰੀ ਨੂੰ ਫ਼ੋਨ ਕਰ ਰਹੇ ਸੀ ਕਿ ਇਹ ਤਾਂ ਧੋਖਾ ਹੈ। ਅਮਨ ਦੀ ਜਗਹ ਉਨ੍ਹਾਂ ਨੂੰ ਮਿਲੀ ਜੰਗ, ਤਣਾਅ ਅਤੇ ਝਗੜਾ। ਫੇਰ ਵੀ, ਸਾਰੀ ਕੁੜਿੱਤਣ ਦੇ ਬਾਵਜੂਦ, ਉਨ੍ਹਾਂ ਵਿਚ ਅਜੇ ਵੀ ਏਨੀ ਖਿਆਲ-ਬੁਲੰਦੀ ਵਾਲੀ ਕਲਪਨਾ ਬਚੀ ਹੋਈ ਸੀ ਕਿ ਕਸ਼ਮੀਰ ਗਏਅਤੇ ਲੋਕਤੰਤਰ-ਜਮਹੂਰੀਅਤ ਅਤੇ ਇਨਸਾਨੀਅਤ ਦੀ ਗੱਲ ਕੀਤੀ, ਤੇ ਇਹੋ ਲਫ਼ਜ਼ ਹੁਣੇ ਜਿਹੇ ਪ੍ਰਧਾਨ ਮੰਤਰੀ ਨਰਦੇ੍ਰ ਮੋਦੀ ਨੇ ਦੁਹਰਾਏ ਹਨ 2018 ਦੇ ਅੱਜ਼ਾਦੀ ਦਿਹਾੜੇ 'ਤੇ।

ਵਾਜਪੇਈ ਕਾਮਯਾਬ ਨਾ ਹੋਏ ਭਾਜਪਾ ਨੂੰ ਆਰ.ਐੱਸ.ਐੱਸ. ਕੋਲੋਂ ਖੁਦਮੁਖਤਾਰੀ ਦੁਆਉਣ ਵਿਚ, ਜਾਂ ਭਾਰਤ-ਪਾਕਿਸਤਾਨ ਅਮਨ ਲਿਆਉਣ ਵਿਚ। ਪਰ ਜਦੋਂ ਵੀ ਦਾਅ-ਪੇਚੀ ਜਾਂ ਸਿਆਸੀ ਤੌਰ 'ਤੇ ਭਾਜਪਾ ਨੂੰ, ਭਵਿੱਖ ਵਿਚ, ਵਧੇਰੇ ਦਿਆਲੂ ਅਤੇ ਵਧੇਰੇ ਕੋਮਲ ਦਿਸਣ ਦੀ ਲੋੜ ਪਈ, ਇਹ ਆਪਣੇ ਪਹਿਲੇ ਪ੍ਰਧਾਨ ਮੰਤਰੀ ਦੀ ਵਿਰਾਸਤ ਨੂੰ ਮੁੜ ਵਾਚ ਸਕਦੀ ਹੈ।

{ਪਾਤਰਕਾਰ ਤੇ ਲੇਖਕ, ਭਾਜਪਾ ਬਾਰੇ ਪਾਤਰਕਾਰੀ ਕੀਤੀ

{ ਅਨੁ: ਪੂਨਮ ਸਿੰਘ

https://blogs.timesofindia.indiatimes.com/et-commentary/the-enigma-of-vajpayee-he-stands-as-the-archetypal-representative-of-fhat-a-kinder-and-gentler-bjp-can-be/

# ਇੱਕ ਲਹਿਰ ਦੇ ਨਾਲ ਮੇਰੀ ਜ਼ਿੰਦਗੀ

## ਓਕਤਾਵੀਓ ਪਾਜ਼

ਕਹਾਣੀ

ਜਦੋਂ ਮੈਂ ਸਮੁੰਦਰ ਕੋਲੋਂ ਰੁਖ਼ਸਤ ਹੋਇਆ ਤਾਂ ਇੱਕ ਲਹਿਰ ਬਾਕੀ ਸਭ ਲਹਿਰਾਂ ਨਾਲੋਂ ਅੱਗੇ ਵਧੀ। ਉਹਦਾ ਕਦ ਲੰਬਾ ਸੀ ਅਤੇ ਦਿੱਖ ਮੁਲਾਇਮ। ਉਸਦੇ ਤੈਰਦੇ ਹੋਏ ਕੱਪੜਿਆਂ ਨੂੰ ਫੜ ਰਹੇ ਦੂਸਰਿਆਂ ਦੀਆਂ ਹਾਕਾਂ ਦੀ ਪਰਵਾਹ ਨਾ ਕਰਦੇ ਹੋਏ ਫਿਰ ਉਸਨੇ ਮੇਰੀ ਬਾਂਹ ਫੜ ਲਈ ਅਤੇ ਉਹ ਮੇਰੇ ਨਾਲ ਕੁੱਦਦੀ ਨੱਚਦੀ ਹੋਈ ਚਲੀ ਆਈ। ਮੈਂ ਉਸਨੂੰ ਕੁੱਝ ਨਹੀਂ ਕਿਹਾ ਕਿਉਂਕਿ ਉਸਦੀਆਂ ਸਹੇਲੀਆਂ ਦੇ ਸਾਹਮਣੇ ਉਸ ਨੂੰ ਸ਼ਰਮਿੰਦਾ ਮੈਨੂੰ ਦੁਖਾਵਾਂ ਲੱਗਦਾ ਸੀ। ਬਜ਼ੁਰਗਾਂ ਦੀਆਂ ਗਜ਼ਬਨਾਕ ਨਜ਼ਰਾਂ ਨੇ ਮੈਨੂੰ ਮਫ਼ਲੂਜ ਕਰ ਦਿੱਤਾ ਸੀ।

ਜਦੋਂ ਅਸੀਂ ਨਗਰ ਵਿੱਚ ਪੁੱਜੇ ਤਾਂ ਮੈਂ ਦੱਸਿਆ ਕਿ ਸ਼ਹਿਰ ਉਵੇਂ ਦੀ ਜਗ੍ਹਾ ਨਹੀਂ ਕਿ ਜਿਸ ਦੀ ਉਹ ਸਮੁੰਦਰ ਨਾਲੋਂ ਕਦੇ ਅਲੱਗ ਨਾ ਹੋਈ ਲਹਿਰ ਦੀ ਮੌਲਿਕਤਾ ਨਾਲ ਕਲਪਨਾ ਕਰ ਸਕੇ। ਉਸਨੇ ਬੜੇ ਗ਼ੌਰ ਨਾਲ ਮੈਨੂੰ ਜਾਂਚਿਆ ... ਨਹੀਂ ਤੁਹਾਡਾ ਫੈਸਲਾ ਕੀਤਾ ਚੁੱਕਾ ਹੈ। ਤੁਸੀਂ ਪਿਛੇ ਨਹੀਂ ਹਟ ਸਕਦੇ .. ਮੈਂ ਮਿੱਠਾਸ, ਸਖ਼ਤੀ, ਚੋਭਾਂ ਸਭ ਨੂੰ ਅਜਮਾਇਆ। ਉਹ ਰੋਈ, ਚਿੱਲਾਈ, ਗਲੇ ਲੱਗੀ ਅਤੇ ਮੈਨੂੰ ਅਜਿਹਾ ਧਮਕਾਇਆ ਕਿ ਮੈਨੂੰ ਮੁਆਫ਼ੀ ਮੰਗਣੀ ਪਈ।

ਦੂਜੇ ਦਿਨ ਮੇਰੀਆਂ ਮੁਸੀਬਤਾਂ ਦਾ ਆਗਾਜ਼ ਹੋਇਆ। ਰੇਲ-ਗੱਡੀ ਵਿੱਚ ਟੀ ਟੀ ਦੇ ਵੇਖੇ ਬਿਨਾਂ ਲੁੱਕ ਛੁਪ ਕੇ ਇੰਨੀ ਸਵਾਰੀਆਂ ਅਤੇ ਪੁਲਿਸ ਅਹਿਲਕਾਰਾਂ ਦੇ ਹੁੰਦੇ ਹੋਏ, ਅਸੀ ਕਿਵੇਂ ਸਵਾਰ ਹੋ ਸਕਦੇ ਹਾਂ< ਭਾਵੇਂ ਲਹਿਰਾਂ ਦੇ ਰੇਲ ਵਿੱਚ ਸਵਾਰ ਹੋਣ ਦੇ ਬਾਰੇ ਕਾਨੂੰਨ ਤਾਂ ਖ਼ਾਮੋਸ਼ ਹਨ, ਪਰ ਇਹੀ ਰਾਖਵਾਂਪਣ ਹੀ ਤਾਂ ਉਸ ਸਖ਼ਤਾਈ ਦਾ ਸੰਕੇਤ ਸੀ ਜਿਸ ਨਾਲ ਸਾਡੀ ਕਾਰਵਾਈ ਨੂੰ ਪਰਖਿਆ ਜਾਣਾ ਸੀ। ਵੱਡੀ ਸੋਚ ਬਿਚਾਰ ਦੇ ਬਾਅਦ ਰੇਲ ਦੀ ਰਵਾਨਗੀ ਦੇ ਮਿਥੇ ਵਕਤ ਤੋਂ ਘੰਟਾ ਭਰ ਪਹਿਲਾਂ ਹੀ ਮੈਂ ਪਹੁੰਚ ਗਿਆ। ਮੈਂ ਆਪਣੀ ਸੀਟ ਉੱਤੇ ਬੈਠ ਗਿਆ। ਜਦੋਂ ਕੋਈ ਨਹੀਂ ਵੇਖ ਰਿਹਾ ਸੀ ਤਾਂ ਮੈਂ ਮੁਸਾਫ਼ਰਾਂ ਲਈ ਪਾਣੀ ਦੀ ਟੈਂਕੀ ਨੂੰ ਖ਼ਾਲੀ ਕੀਤਾ ਅਤੇ ਆਰਾਮ ਨਾਲ ਆਪਣੀ ਸਾਥਣ ਨੂੰ ਇਸ ਖ਼ਾਲੀ ਟੈਂਕੀ ਵਿੱਚ ਪਾ ਦਿੱਤਾ।

ਪਹਿਲਾ ਪੰਗਾ ਉਸ ਵਕਤ ਪੇਸ਼ ਆਇਆ ਜਦੋਂ ਮੇਰੇ ਬਗ਼ਲ ਵਿੱਚ ਬੈਠੇ ਹੋਏ ਜੋੜੇ ਦੇ ਬੱਚਿਆਂ ਨੇ ਪਿਆਸ ਪਿਆਸ ਦੀ ਦੁਹਾਈ ਮਚਾਈ। ਮੈਂ ਉਨ੍ਹਾਂ ਨੂੰ ਰੀਫ਼ਰੈਸ਼ਮੈਂਟ ਅਤੇ ਲੇਮੂੰ-ਪਾਣੀ ਪਿਲਾਣ ਦਾ ਝਾਂਸਾ ਦੇਕੇ ਉਨ੍ਹਾਂ ਦਾ ਮੂੰਹ ਬੰਦ ਕੀਤਾ ਹੀ ਸੀ ਕਿ ਇੱਕ ਹੋਰ ਪਿਆਸਾ ਮੁਸਾਫ਼ਰ ਟੈਂਕੀ ਦੇ ਕੋਲ ਆ ਗਈ। ਮੈਂ ਉਸਨੂੰ ਵੀ ਦਾਵਤ ਦੇਣੀ ਚਾਹੀ ਲੇਕਿਨ ਉਸਦੇ ਸਾਥੀ ਦੀ ਗਹਿਰੀ ਝਾਕਣੀ ਨੇ ਮੈਨੂੰ ਅਜਿਹਾ ਨਹੀਂ ਕਰਨ ਦਿੱਤਾ। ਔਰਤ ਨੇ ਹੱਥ ਵਿੱਚ ਲਿਆ ਹੋਇਆ ਇੱਕ ਕਾਗਜ਼ੀ ਗਲਾਸ ਅੱਗੇ ਵਧਾਇਆ ਅਤੇ ਟੂਟੀ ਖੋਲੀ। ਉਸ ਦਾ ਗਲਾਸ ਅਜੇ ਅੱਧਾ ਹੀ ਹੋਇਆ ਸੀ ਮੈਂ ਛਾਲ ਮਾਰੀ, ਉਸ ਔਰਤ ਅਤੇ ਆਪਣੀ ਸਾਥਣ ਦੇ ਵਿੱਚ ਆ ਟਪਕਿਆ। ਔਰਤ ਨੇ ਹੈਰਾਨਗੀ ਨਾਲ ਮੇਰੀ ਤਰਫ਼ ਵੇਖਿਆ। ਮੈਂ ਮੁਆਫ਼ੀ ਮੰਗ ਹੀ ਰਿਹਾ ਸੀ ਕਿ ਇੱਕ ਬੱਚੇ ਨੇ ਫੇਰ ਟੂਟੀ ਖੋਲ੍ਹ ਦਿੱਤੀ। ਮੈਂ ਇਹ ਦੱਬ ਕੇ ਬੰਦ ਕਰ ਦਿੱਤੀ। ਔਰਤ ਨੇ ਗਲਾਸ ਬੁੱਲ੍ਹਾਂ ਨੂੰ ਲਗਾਇਆ ਹੀ ਸੀ ਕਿ ਜ਼ੋਰ ਨਾਲ ਬੋਲੀ ×ਇਹ ਪਾਣੀ ਨਮਕੀਨ ਹੈ।×

×ਇਹ ਪਾਣੀ ਨਮਕੀਨ ਹੈ।× ਮੁੰਡੇ ਨੇ ਉਹਦੀ ਗੱਲ ਦੁਹਰਾਈ। ਬਹੁਤ ਸਾਰੇ ਯਾਤਰੀ ਜਾਗ ਪਏ। ਉਸ ਦੇ ਪਤੀ ਨੇ ਟੀ ਟੀ ਨੂੰ ਬੁਲਾ ਲਿਆ ਅਤੇ ਕਿਹਾ ਇਸ ਸ਼ਖ਼ਸ ਨੇ ਪਾਣੀ ਵਿੱਚ ਲੂਣ ਮਿਲਾਇਆ ਹੈ।

ਰੇਲ ਦੇ ਟੀ ਟੀ ਨੇ ਇੰਸਪੈਕਟਰ ਨੂੰ ਬੁਲਾਇਆ, ਮਾਮਲੇ ਬਾਰੇ ਦੱਸਿਆ।

ਇੰਸਪੈਕਟਰ ਨੇ ਕਿਹਾ, ×ਅੱਛਾ ਤਾਂ ਤੁਸੀਂ ਪਾਣੀ ਵਿੱਚ ਜ਼ਹਰੀਲੀਆਂ ਚੀਜਾਂ ਦੀ ਮਿਲਾਵਟ ਕਰਦੇ ਹੋ!×

ਇੰਸਪੈਕਟਰ ਨੇ ਤੁਰੰਤ ਹੀ ਪੁਲਿਸ ਦੀ ਨਫ਼ਰੀ ਬੁਲਾ ਲਈ।

×ਤਾਂ ਤੁਸੀ ਪਾਣੀ ਵਿੱਚ ਜ਼ਹਿਰ ਮਿਲਾਇਆ ਹੈ<× ਪੁਲਿਸ ਨੇ ਪੁਲਿਸ ਦਾ ਕਪਤਾਨ ਵੀ ਬੁਲਾ ਲਿਆ। ×ਤੁਸੀ ਮੁਜ਼ਰਿਮ ਹੋ।×

ਕਪਤਾਨ ਨੇ ਹੋਰ ਤਿੰਨ ਕਾਰਕੁਨਾਂ ਨੂੰ ਬੁਲਾਇਆ। ਮੁਸਾਫ਼ਰਾਂ ਦੀਆਂ ਕਨੱਖੀਆਂ ਅਤੇ ਟਿੱਕਟਿੱਕੀਆਂ ਦੇ ਵਿੱਚਕਾਰ ਉਹ ਮੈਨੂੰ ਇੱਕ ਖ਼ਾਲੀ ਕਾਰ ਤੱਕ ਲੈ ਗਏ। ਅਗਲੇ ਸਟੇਸ਼ਨ ਉੱਤੇ ਰੇਲ ਤੋਂ ਹੇਠਾਂ ਉਤਾਰ ਲਿਆ ਗਿਆ ਅਤੇ ਮੈਨੂੰ ਇੱਕ ਪੁਲਿਸ ਦੀ ਗੱਡੀ ਵਿੱਚ ਬਿਠਾ ਜੇਲ੍ਹ ਵਿੱਚ ਭੇਜ ਦਿੱਤਾ।

ਕੁੱਝ ਦਿਨਾਂ ਤੱਕ ਕਿਸੇ ਨੇ ਮੇਰੀ ਕੋਈ ਗੱਲ ਨਾ ਕੀਤੀ। ਜਦੋਂ ਮੈਂ ਆਪਣੀ ਕਹਾਣੀ ਸਮਝਾਈ, ਕੋਈ ਵੀ ਮੇਰੇ ਤੇ ਵਿਸ਼ਵਾਸ ਨਹੀ ਸੀ ਕਰਦਾ, ਜੇਲਰ ਵੀ ਨਹੀਂ। ਉਸ ਨੇ ਸਿਰ ਹਿਲਾਇਆ ਅਤੇ ਕਿਹਾ×ਇਹ ਜੁਰਮ ਤਾਂ ਸੰਗੀਨ ਹੈ। ਸੱਚਮੁਚ ਸੰਗੀਨ। ਕੀ ਤੂੰ ਬੱਚਿਆਂ ਨੂੰ ਜ਼ਹਿਰੀਲਾ ਪਾਣੀ ਨਹੀਂ ਪਿਆਉਣਾ ਚਾਹਿਆ<×

ਇੱਕ ਦਿਨ ਜੇਲ੍ਹ ਦੇ ਅਮਲੇ ਨੇ ਮੈਨੂੰ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ।

×ਤੁਹਾਡਾ ਕੇਸ ਬੜਾ ਪੇਚਦਾਰ ਹੈ।× ਉਸ ਨੇ ਕਿਹਾ। ×ਮੈਨੂੰ ਤਾਂ ਇਹ ਕੇਸ ਪੈਨਲ ਦੇ ਸਪੁਰਦ ਕਰਨਾ ਪਵੇਗਾ।×

ਇੱਕ ਸਾਲ ਦੇ ਬਾਅਦ ਉਨ੍ਹਾਂ ਨੇ ਫੈਸਲਾ ਸੁਣਾਇਆ ਕਿ ਜੁਰਮ ਸੰਗੀਨ ਨਹੀਂ ਅਤੇ ਮੇਰੀ ਕੈਦ ਵੀ ਕੁੱਝ ਜ਼ਿਆਦਾ ਨਹੀਂ ਸੀ। ਕੁੱਝ ਹੀ ਅਰਸਾ ਸਜ਼ਾ ਭੁਗਤਣ ਦੇ ਬਾਅਦ ਜੇਲ੍ਹ ਦੇ ਚੀਫ਼ ਨੇ ਮੈਨੂੰ ਬੁਲਾਇਆ ਅਤੇ ਕਿਹਾ

×ਤੁਸੀ ਖ਼ੁਸ਼ਕਿਸਮਤ ਹੋ ਕਿ ਤੁਹਾਡੇ ਜ਼ਹਿਰੀਲੇ ਪਾਣੀ ਪਿਲਾਣ ਨਾਲ ਕੋਈ ਵੀ ਰੇਲ ਮੁਸਾਫ਼ਰ ਕਿਸੇ ਮੁਸੀਬਤ ਜਾਂ ਰੋਗ ਦਾ ਸ਼ਿਕਾਰ ਨਹੀਂ ਹੋਇਆ। ਉਹ ਸਭ ਮੁਸਾਫ਼ਰ ਠੀਕ ਠਾਕ ਹਨ। ਇਸ ਲਈ ਤੈਨੂੰ ਰਿਹਾ ਕੀਤਾ ਜਾਂਦਾ ਹੈ। ਲੇਕਿਨ ਆਇੰਦਾ ਅਜਿਹੀ ਹਰਕਤ ਨਾ ਕਰਨਾ, ਕਿਉਂਕਿ ਅਗਲੀ ਵਾਰ ਸਜ਼ਾ ਇੰਨੀ ਛੋਟੀ ਨਹੀ ਹੋਵੇਗੀ।× ਅਤੇ ਉਸਨੇ ਮੈਨੂੰ ਇਸ ਤਰ੍ਹਾਂ ਦੇਖਿਆ ਜਿਵੇਂ ਹੋਰ ਹਰ ਕੋਈ ਮੈਨੂੰ ਵੇਖ ਰਿਹਾ ਸੀ।

ਉਸ ਦਿਨ ਬਾਅਦ ਦੁਪਹਿਰ ਮੈਂ ਰੇਲ ਫੜੀ ਅਤੇ ਕੁੱਝ ਘੰਟਿਆਂ ਦੇ ਪਰੇਸ਼ਾਨ ਸਫ਼ਰ ਦੇ ਬਾਅਦ ਮੈਂ

## ਇੱਕ ਲਹਿਰ ਦੇ ਨਾਲ ਮੇਰੀ ਜ਼ਿੰਦਗੀ

ਓਕਤਾਵੀਓ ਪਾਜ਼

ਕਹਾਣੀ

ਮੈਕਸੀਕੋ ਪਹੁੰਚ ਗਿਆ।
ਮੈਂ ਇੱਕ ਕੈਬ ਲੈ ਘਰ ਨੂੰ ਚੱਲ ਪਿਆ। ਮੈਂ ਆਪਣੇ ਘਰ ਦੇ ਬੂਹੇ ਉੱਤੇ ਪਹੁੰਚ ਹੱਸਣ ਅਤੇ ਗਾਉਣ ਦੀਆਂ ਆਵਾਜ਼ਾਂ ਸੁਣੀਆਂ ਅਤੇ ਮੈਨੂੰ ਛਾਤੀ ਵਿੱਚ ਹੈਰਤ ਦੀ ਲਹਿਰ ਦੀ ਚਪਤ ਵਰਗਾ ਦਰਦ ਮਹਿਸੂਸ ਹੋਇਆ, ਜਦੋਂ ਹੈਰਤ ਛਾਤੀ ਵਿੱਚ ਚੁਫੇਰੇ ਚਪਤਾਂ ਲਾਉਂਦੀ ਹੈ।
ਮੇਰੀ ਮਹਿਬੂਬ ਉਥੇ ਹੀ ਮੌਜੂਦ ਸੀ। ਮੈਂ ਉਸਨੂੰ ਪੁੱਛਿਆ, ×ਤੂੰ ਕਿਵੇਂ ਇੱਥੇ ਪੁੱਜੀ<×
ਉਸਨੇ ਕਿਹਾ, ×ਬਸ..ਰੇਲ ਵਿੱਚ। ਕਿਸੇ ਨੇ ਤਸੱਲੀ ਕਰ ਕੇ ਕਿਹਾ ਕਿ ਮੈਂ ਤਾਂ ਫਕਤ ਨਮਕੀਨ ਪਾਣੀ ਹਾਂ। ਮੈਨੂੰ ਇੰਜਨ ਨੂੰ ਠੰਡਾ ਕਰਨ ਲਈ ਇਸਤੇਮਾਲ ਕਰ ਲਿਆ ਗਿਆ। ਇਹ ਬੜਾ ਕਠਿਨ ਸਫ਼ਰ ਸੀ ਜਲਦੀ ਹੀ ਮੈਂ ਭਾਫ਼ ਦੀ ਇੱਕ ਸਫੈਦ ਜ਼ੁਲਫ਼ ਬਣ ਗਈ ਸੀ, ਥੋੜ੍ਹੀ ਦੇਰ ਬਾਅਦ ਮੈਂ ਮਸ਼ੀਨ ਤੇ ਮੀਂਹ ਬਣ ਕੇ ਵਰ ਗਈ। ਮੈਂ ਬਹੁਤ ਪਤਲੀ ਹੋ ਗਈ ਸੀ। ਮੈਂ ਬਹੁਤ ਸਾਰੀਆਂ ਬੂੰਦਾਂ ਗਵਾ ਲਈਆਂ ਸਨ।×
ਇਸ ਲਹਿਰ ਦੀ ਮੌਜੂਦਗੀ ਨੇ ਮੇਰੀ ਜ਼ਿੰਦਗੀ ਬਦਲ ਦਿੱਤੀ। ਹਨੇਰੀਆਂ ਗੈਲਰੀਆਂ ਅਤੇ ਧੂੜ ਅੱਟੇ ਫਰਨੀਚਰ ਵਾਲਾ ਘਰ ਸਾਫ਼ ਹਵਾ ਨਾਲ, ਧੁੱਪ ਨਾਲ, ਆਵਾਜ਼ਾਂ ਨਾਲ, ਹਰੀਆਂ ਅਤੇ ਨੀਲੀਆਂ ਝਿਲਮਿਲਾਹਟਾਂ ਅਤੇ ਤਰਬਾਂ ਤੇ ਗੂੰਜਾਂ ਨਾਲ ਰਮ ਗਿਆ। ਓਹ ਇੱਕ ਲਹਿਰ ਵਿੱਚ ਕਿੰਨੀਆਂ ਲਹਿਰਾਂ ਹੁੰਦੀਆਂ ਹਨ ਅਤੇ ਇਹ ਲਹਿਰ ਕਿਵੇਂ ਦੀਵਾਰ ਵਿੱਚੋਂ ਇੱਕ ਬੀਚ, ਚੱਟਾਨ ਜਾਂ, ਛੱਜਾ, ਇੱਕ ਛਾਤੀ , ਇੱਕ ਮੱਥਾ ਸਿਰਜ ਲੈਂਦੀ ਹੈ ਜਿਸ ਉੱਤੇ ਝੱਗ ਦਾ ਤਾਜ ਹੁੰਦਾ ਹੈ। ਛੱਡੇ ਹੋਏ ਖੂੰਜੇ, ਧੂੜ ਅਤੇ ਮਲਬੇ ਨਾਲ ਅੱਟੇ ਖੂੰਜੇ ਤੱਕ ਨੂੰ ਉਸਦੇ ਕੋਮਲ ਹਥ ਲੱਗੇ। ਹਰ ਚੀਜ਼ ਹੱਸਣ ਲੱਗੀ ਅਤੇ ਹਰ ਥਾਂ ਉਨ੍ਹਾਂ ਦੇ ਦੰਦਾਂ ਨਾਲ ਚਮਕ ਰਹੀ ਸੀ। ਸੂਰਜ ਮੇਰੇ ਪੁਰਾਣੇ ਕਮਰਿਆਂ ਵਿੱਚ ਆ ਵੜਦਾ ਅਤੇ ਕਈ ਘੰਟੇ ਮੇਰੇ ਘਰ ਠਹਿਰਦਾ, ਦੂਸਰੇ ਘਰਾਂ, ਜ਼ਿਲ੍ਹਾ, ਸ਼ਹਿਰ, ਦੇਸ਼ ਨੂੰ ਛੱਡ ਦਿੰਦਾ। ਕਈ ਰਾਤਾਂ ਨੂੰ ਕੁੱਝ ਬਦਨਾਮ ਅਤੇ ਜ਼ਲੀਲ ਤਾਰਿਆਂ ਨੇ ਇਸਨੂੰ ਦੇਰ ਨਾਲ ਛੁਪ ਕੇ ਮੇਰੇ ਘਰੋਂ ਨਿਕਲਦੇ ਦੇਖਿਆ।
ਪਿਆਰ ਇੱਕ ਖੇਲ ਸੀ ਅਤੇ ਇੱਕ ਨਿਰੰਤਰ ਸਿਰਜਣਾ। ਸਮੁੰਦਰ ਦਾ ਬੀਚ, ਰੇਤ ਅਤੇ ਹਮੇਸ਼ਾ ਸੱਜਰੀਆਂ ਸ਼ੀਟਾਂ ਦਾ ਪਲੰਗ। ਜਦੋਂ ਕਦੇ ਮੈਂ ਉਸਨੂੰ ਕਲਾਵੇ ਵਿੱਚ ਲੈਂਦਾ ਸੀ ਤਾਂ ਉਹ ਖ਼ੁਸ਼ੀ ਅਤੇ ਫ਼ਖ਼ਰ ਨਾਲ ਫੈਲ ਜਾਂਦੀ ਸੀ, ਬੇਹੱਦ ਉੱਚੀ ਹੋ ਜਾਂਦੀ.. ਚਨਾਰ ਦੇ ਤਰਲ ਤਣੇ ਵਰਗੀ। ਲੇਕਿਨ ਫਿਰ ਛੇਤੀ ਹੀ ਉਹ ਹਲਕੀ ਅਤੇ ਪਤਲੀ ਮੁਸਕੁਰਾਹਟਾਂ ਦੀਆਂ ਖ਼ੁਸ਼ਨੁਮਾ ਮੋਰ ਪੰਖੜੀਆਂ ਦੀ ਤਰ੍ਹਾਂ ਮੇਰੇ ਸਿਰ ਮੇਰੀ ਪਿਠ ਉੱਤੇ ਸਹਿਜੇ ਸਹਿਜੇ ਡਿੱਗਣ ਲੱਗਦੀ ਸੀ ਅਤੇ ਮੈਨੂੰ ਚਟਿਆਈ ਨਾਲ ਢੱਕ ਲੈਂਦੀ।
ਕਦੇ ਉਹ ਦੁਮੇਲ ਦੀ ਤਰ੍ਹਾਂ ਅਸੀਮ ਫੈਲ ਜਾਂਦੀ ਅਤੇ ਕੁੱਝ ਦੇਰ ਦੇ ਲਈ ਮੈਨੂੰ ਵੀ ਉਹ ਦੁਮੇਲ ਵਰਗਾ ਬਣਾ ਲੈਂਦੀ ਸੀ, ਖ਼ਾਮੋਸ਼। ਮੁਕੰਮਲ ਅਤੇ ਸੱਪ ਦੀ ਤਰ੍ਹਾਂ ਲਹਿਰੀਆ ਉਹ ਮੈਨੂੰ ਸੰਗੀਤ ਦੀ ਤਰ੍ਹਾਂ ਜਾਂ ਵੱਡੇ ਬੁੱਲ੍ਹਾਂ ਨਾਲ ਆਪਣੀ ਲਪੇਟ ਵਿੱਚ ਲੈ ਲੈਂਦੀ ਸੀ। ਉਸ ਦੀ ਮੌਜੂਦਗੀ ਲਾਡ, ਪਿਆਰ ਅਤੇ ਚੁੰਮੀਆਂ ਦਾ ਆਉਣ ਅਤੇ ਜਾਣ ਹੁੰਦਾ। ਉਸਦੇ ਪਾਣੀਆਂ ਵਿੱਚ ਵੜਦਾ ਤਾਂ ਮੈਂ ਜੁਰਾਬਾਂ ਤੱਕ ਭਿੱਜ ਜਾਂਦਾ। ਫਿਰ ਅੱਖ ਝਪਕਦੇ ਹੀ ਮੈਂ ਖ਼ੁਦ ਨੂੰ ਹਵਾ ਵਿੱਚ ਰਹੱਸਮਈ ਢੰਗ ਨਾਲ ਘੁੰਮਣ-ਘੇਰੀ ਦੀ ਨੋਕ ਤੇ ਟੰਗਿਆ ਹੋਇਆ ਹੁੰਦਾ, ਪੱਥਰ ਵਾਂਗ ਧੜੰਮ ਦੇ ਕੇ ਭੁੰਜੇ ਡਿੱਗਣ ਲਈ ਅਤੇ ਫਿਰ ਅਚਾਨਕ ਖੰਭ ਦੇ ਵਾਂਗ ਮਲਕੜੇ ਜਿਹੇ ਖੁਸ਼ਕੀ ਤੇ ਰੱਖਿਆ ਮਹਿਸੂਸ ਕਰਦਾ।
ਇਸ ਦੇ ਪਾਣੀਆਂ ਵਿੱਚ ਸੌਣ ਦਾ ਕੋਈ ਜਵਾਬ ਨਹੀਂ। ਤੇ ਫਿਰ ਹਜ਼ਾਰਾਂ ਹਲਕੀਆਂ ਹਲਕੀਆਂ ਛਮਕਾਂ ਦੀ ਮਾਰ ਨਾਲ, ਹਜ਼ਾਰਾਂ ਹਮਲਿਆਂ ਨਾਲ ਹੱਸਦੇ ਹੱਸਦੇ ਜਾਗ ਪੈਣਾ।
ਲੇਕਿਨ ਮੈਂ ਉਸਦੇ ਵਜੂਦ ਦੇ ਕੇਂਦਰ ਵਿੱਚ ਕਦੇ ਨਹੀਂ ਜਾ ਸਕਿਆ। ਮੈਂ ਦਰਦ ਅਤੇ ਮੌਤ ਦੇ ਨੰਗੇਜ ਨੂੰ ਮੈਂ ਕਦੇ ਨਹੀਂ ਛੂ ਸਕਿਆ। ਸ਼ਾਇਦ ਲਹਿਰਾਂ ਦੇ ਅੰਦਰ ਇਸਦਾ ਵਜੂਦ ਹੀ ਨਹੀਂ ਸੀ। ਉਹ ਭੇਤਭਰੀ ਜਗ੍ਹਾ ਜੋ ਔਰਤ ਨੂੰ ਕਮਜ਼ੋਰ ਜਾਂ ਫ਼ਾਨੀ ਬਣਾ ਦਿੰਦੀ ਹੈ। ਉਹ ਬਿਜਲਈ ਬਟਨ ਜਿਸਦੇ ਦਬਦੇ ਹੀ ਸਭ ਜੋੜ ਜੁੜਦੇ ਹਨ, ਸਭ ਕੜਵੱਲ ਪੈਂਦੇ ਹਨ ਅਤੇ ਅੰਗੜਾਈ ਤੋਂ ਬਾਅਦ ਬੇਹੋਸ਼ ਹੋ ਜਾਂਦਾ ਹੈ। ਉਸ ਦੀ ਸੰਵੇਦਨਸ਼ੀਲਤਾ, ਔਰਤਾਂ ਦੀ ਤਰ੍ਹਾਂ, ਲਹਿਰੀਆਂ ਵਿਚ ਫੈਲ ਗਈ, ਬੱਸ ਉਹ ਕੇਂਦਰਮੁਲਕ ਲਹਿਰੀਏ ਨਹੀਂ ਸਨ, ਬਲਕਿ ਬੇਮੁਹਾਰ ਬਾਹਰ ਵੱਲ ਫੈਲਦੇ ਜਾਂਦੇ ਲਹਿਰੀਏ ਸਨ, ਜਦੋਂ ਤੱਕ ਉਹ ਦੂਜੀਆਂ ਗਲੈਕਸੀਆਂ ਨੂੰ ਛੂਹ ਨਹੀਂ ਲੈਂਦੇ ਸਨ। ਉਸ ਨੂੰ ਪਿਆਰ ਕਰਨ ਦਾ ਭਾਵ ਦੂਰ ਦੂਰ ਤੱਕ ਸੰਪਰਕ ਵਧਾਉਣਾ ਸੀ ਅਤੇ ਦੂਰ ਦਰਾਜ਼ ਦੇ ਤਾਰਿਆਂ ਨਾਲ, ਜਿਨ੍ਹਾਂ ਦੀ ਸਾਨੂੰ ਕੋਈ ਭਿਣਕ ਤਰਾਂ ਜੋੜਨਾ ਸੀ। ਪਰ ਉਸ ਦਾ ਕੇਂਦਰ ... ਨਹੀਂ, ਉਸ ਦਾ ਕੋਈ ਵੀ ਕੇਂਦਰ ਨਹੀਂ ਸੀ, ਸਿਰਫ ਵਾਵਰੋਲੇ ਅੰਦਰਲੇ ਖਾਲੀਪਣ ਵਾਂਗ ਸੀ, ਜਿਸ ਨੇ ਮੈਨੂੰ ਲਪੇਟ ਲਿਆ ਅਤੇ ਮੈਨੂੰ ਘੁੱਟ ਲਿਆ।
ਇੱਕ ਦੂਜੇ ਦੇ ਨਾਲ ਨਾਲ ਪਸਰੇ ਹੋਏ ਅਸੀ ਇੱਕ ਦੂਜੇ ਨੂੰ ਯਕੀਨ ਦਿੱਤੇ, ਸਰਗੋਸ਼ੀਆਂ ਕੀਤੀਆਂ ਅਤੇ ਮੁਸਕਰਾਏ। ਘੁੰਗਰਾਲੀ ਜਿਹੀ ਬਣਕੇ ਉਹ ਮੇਰੀ ਹਿੱਕ ਤੇ ਲਿਟ ਗਈ ਅਤੇ ਕਾਨਾਫੂਸੀਆਂ ਦੀ ਪੰਡ ਵਾਂਗ ਖੁੱਲ੍ਹ ਗਈ। ਉਹ ਮੇਰੇ ਕੰਨ ਵਿੱਚ ਗਾਉਣ ਲੱਗੀ ਇੱਕ ਬੀਂਡੇ ਦੀ ਤਰ੍ਹਾਂ। ਮੇਰੇ ਪੈਰਾਂ ਨੂੰ ਕਿਸੇ ਛੋਟੇ ਜਾਨਵਰ ਦੀ ਤਰ੍ਹਾਂ ਫੜ ਉਹ ਨਿਮਾਣੀ ਅਤੇ ਪਾਰਦਰਸ਼ੀ ਬਣ ਗਈ, ਨਿਰਾ ਸ਼ਾਂਤ ਪਾਣੀ। ਏਨੀ ਸਾਫ਼ ਸੀ ਉਹ ਕਿ ਮੈਂ ਉਸ ਦਾ ਹਰ ਖਿਆਲ ਪੜ੍ਹ ਸਕਦਾ ਸੀ। ਕੁੱਝ ਰਾਤਾਂ ਵਿੱਚ ਉਸਦੀ ਚਮੜੀ ਫਾਸਫੋਰਸੈਂਸ

ਇੱਕ ਲਹਿਰ ਦੇ ਨਾਲ ਮੇਰੀ ਜ਼ਿੰਦਗੀ

ਓਕਤਾਵੀਓ ਪਾਜ਼

ਕਹਾਣੀ

He said he continued to admire Nehru but believed that copying the Soviet economic model had been a grave mistake. He said it was because of this that India had failed to provide her people with their most basic needs. -Tavleen Singh about Atal B Vajpei.

ਨਾਲ ਢਕੀ ਹੁੰਦੀ। ਉਸ ਨੂੰ ਗਲਵੱਕੜੀ ਪਾਉਣ ਦਾ ਭਾਵ ਸੀ ਨੇ ਅੱਗ ਨਾਲ ਟੈਟੂ ਕੀਤੇ ਰਾਤ ਦੇ ਟੁਕੜੇ ਨੂੰ ਗਲੇ ਲਾਉਣਾ।
ਲੇਕਿਨ ਉਹ ਕਾਲੀ ਅਤੇ ਕੌੜੀ ਵੀ ਹੋ ਗਈ। ਰਾਤ ਦੇ ਕਿਸੇ ਵੀ ਵਕਤ ਉਹ ਗਰਜਦੀ, ਆਹਾਂ ਭਰਨ ਲੱਗਦੀ ਅਤੇ ਪਲਸੇਟੇ ਲੈਣ ਲੱਗਦੀ। ਕਈ ਵਾਰ ਉਸ ਦਾ ਰੋਣਾ ਧੋਣਾ ਗੁਆਂਢੀਆਂ ਨੂੰ ਵੀ ਜਗਾ ਦਿੰਦਾ। ਉਸਦਾ ਰੌਲਾ ਸੁਣਕੇ ਸਮੁੰਦਰੀ ਹਵਾ ਬੂਹੇ ਤੇ ਜ਼ੋਰ ਜ਼ੋਰ ਨਾਲ ਦਸਤਕ ਦਿੰਦੀ ਅਤੇ ਛੱਤ ਉੱਤੇ ਖੌਰੂ ਪਾਉਂਦੀ। ਬੱਦਲਵਾਈ ਦੇ ਦਿਨਾਂ ਵਿੱਚ ਉਸਨੂੰ ਖੂਬ ਖਿਝ ਚੜ੍ਹਦੀ ਅਤੇ ਉਹ ਫਰਨੀਚਰ ਭੰਨ ਸੁੱਟਦੀ। ਬੁਰਾ-ਭਲਾ ਬੋਲਦੀ ਅਤੇ ਮੈਨੂੰ ਆਪਮਾਨਾਂ ਨਾਲ, ਹਰੀ ਅਤੇ ਭੂਰੀ ਝੱਗ ਨਾਲ ਲੱਦ ਦਿੰਦੀ।
ਉਹ ਥੁੱਕਦੀ, ਉਹ ਚੀਖਦੀ, ਗਾਲਾਂ ਕੱਢਦੀ ਅਤੇ ਭਵਿੱਖਬਾਣੀਆਂ ਸੁਣਾਉਂਦੀ। ਚੰਨ, ਤਾਰਿਆਂ ਅਤੇ ਹੋਰ ਦੁਨੀਆਂ ਦੀਆਂ ਰੋਸ਼ਨੀਆਂ ਦੇ ਅਸਰਾਂ ਨੂੰ ਕਬੂਲ ਕਰਦਿਆਂ ਉਹ ਆਪਣੇ ਮੂਡ ਅਤੇ ਰੂਪ ਇਸ ਤਰ੍ਹਾਂ ਬਦਲਦੀ ਜੋ ਮੈਨੂੰ ਬੜੇ ਅਦਭੁੱਤ ਲੱਗਦੇ ਪਰ ਉਹ ਜਵਾਰ ਦੀ ਤਰ੍ਹਾਂ ਘਾਤਕ ਹੁੰਦੀ ਸੀ।
ਉਸਨੇ ਤਨਹਾਈ ਨੂੰ ਯਾਦ ਕਰਨਾ ਸ਼ੁਰੂ ਕਰ ਦਿੱਤਾ। ਘਰ ਘੋਗਿਆਂ ਅਤੇ ਸੰਖਾਂ ਸਿੱਪੀਆਂ ਨਾਲ, ਛੋਟੀਆਂ ਛੋਟੀਆਂ ਕਿਸ਼ਤੀਆਂ ਨਾਲ ਭਰ ਗਿਆ ਜਿਨ੍ਹਾਂ ਨੂੰ ਉਸ ਨੇ ਆਪਣੇ ਰੋਹ ਵਿਚ ਤਬਾਹ ਕੀਤਾ ਸੀ (ਦੂਜਿਆਂ ਦੇ ਨਾਲ, ਤਸਵੀਰਾਂ ਨਾਲ ਭਰੀਆਂ ਹੋਈਆਂ, ਜੋ ਹਰ ਰਾਤ ਮੇਰੇ ਮੱਥੇ ਵਿੱਚ ਛੱਡ ਜਾਂਦੀ ਸੀ ਅਤੇ ਆਪਣੇ ਭਿਆਨਕ ਜਾਂ ਸੁਹਾਵਣੇ ਵਾਵਰੋਲਿਆਂ ਵਿੱਚ ਡੁੱਬੋ ਜਾਂਦੀ ਸੀ)।
ਇਸ ਸਮੇਂ ਦੌਰਾਨ ਮੇਰੇ ਕਿੰਨੇ ਹੀ ਛੋਟੇ ਮੋਟੇ ਖ਼ਜਾਨੇ ਡੁੱਬ ਚੁੱਕੇ ਸਨ ! ਲੇਕਿਨ ਮੇਰੀਆਂ ਕਿਸ਼ਤੀਆਂ ਅਤੇ ਘੋਗਿਆਂ ਦਾ ਖਾਮੋਸ਼ ਗੀਤ ਕਾਫ਼ੀ ਨਹੀਂ ਸੀ। ਮੈਨੂੰ ਘਰ ਦੇ ਅੰਦਰ ਮੱਛੀਆਂ ਦੀ ਕਲੋਨੀ ਬਣਾਉਣੀ ਪਈ ਸੀ। ਮੈਂ ਕਬੂਲ ਕਰਦਾ ਹਾਂ ਕਿ ਮੈਨੂੰ ਮੱਛੀਆਂ ਨੂੰ ਆਪਣੀ ਸਹੇਲੀ ਵਿੱਚ ਤੈਰਦੇ, ਉਸਦੀਆਂ ਛਾਤੀਆਂ ਨੂੰ ਛੇੜਦੇ, ਉਸਦੀਆਂ ਟੰਗਾਂ ਦੇ ਵਿੱਚ ਸੌਂਦੇ, ਰੰਗਾਂ ਦੀ ਹਲਕੀਆਂ ਲਿਸ਼ਕੋਰਾਂ ਨਾਲ ਉਸਦੇ ਵਾਲਾਂ ਨੂੰ ਰਮਣੀਕ ਬਣਾਉਂਦੇ ਵੇਖਕੇ ਈਰਖਾ ਹੁੰਦੀ ਸੀ। ਇਨ੍ਹਾਂ ਸਾਰੀਆਂ ਮੱਛੀਆਂ ਵਿਚ ਕੁਝ ਖ਼ਾਸ ਤੌਰ ਤੇ ਘਿਰਣਾਜਨਕ ਅਤੇ ਭਿਆਨਕ ਪ੍ਰਾਣੀ ਸਨ। ਐਕੁਏਰੀਅਮ ਵਿੱਚ ਨਿੱਕੇ ਨਿੱਕੇ ਬਾਘ, ਵੱਡੀਆਂ ਵੱਡੀਆਂ ਚਿਪਕੀਆਂ ਅੱਖਾਂ, ਖੌਫ਼ਨਾਕ ਦੰਦਾਂ ਵਾਲੇ ਅਤੇ ਖ਼ੂਨ ਦੇ ਪਿਆਸੇ। ਮੇਰੀ ਸਮਝ ਵਿੱਚ ਨਹੀਂ ਆਉਂਦਾ ਸੀ ਕਿ ਮੇਰੀ ਸਹੇਲੀ ਕਿਸ ਭਟਕਣ ਕਰਕੇ ਉਨ੍ਹਾਂ ਨਾਲ ਖੇਡਣਾ ਪਸੰਦ ਕਰਦੀ ਸੀ ਅਤੇ ਬੇਹਯਾਈ ਨਾਲ ਉਨ੍ਹਾਂ ਨੂੰ ਅਜਿਹੀ ਤਰਜੀਹ ਦੇ ਰਹੀ ਸੀ ਜਿਸਦੀ ਅਹਿਮੀਅਤ ਨੂੰ ਨਜ਼ਰਅੰਦਾਜ਼ ਕਰਨਾ ਮੈਨੂੰ ਪਸੰਦ ਸੀ। ਲੇਕਿਨ ਉਹ ਦੇਰ ਤੱਕ ਇਨ੍ਹਾਂ ਡਰਾਉਣੇ ਪ੍ਰਾਣੀਆਂ ਦੇ ਨਾਲ ਬਤੀਤ ਕਰ ਕਰਦੀ। ਇੱਕ ਦਿਨ ਮੇਰੇ ਤੋਂ ਰਿਹਾ ਨਾ ਗਿਆਲ ਮੈਂ ਬੂਹਾ ਖੋਲ੍ਹਿਆ ਅਤੇ ਮੱਛੀਆਂ ਦੇ ਮਗਰ ਪੈ ਗਿਆ। ਉਹ ਭੂਤਾਂ ਵਰਗੀਆਂ ਅਤੇ ਫੁਰਤੀਲੀਆਂ ਮੱਛੀਆਂ ਮੇਰੇ ਹੱਥਾਂ ਵਿੱਚੋਂ ਤਿਲਕ ਜਾਂਦੀਆਂ ਸਨ। ਮੇਰੀ ਸਹੇਲੀ ਇਹ ਵੇਖ ਹੱਸਤੀ ਰਹੀ ਅਤੇ ਓਦੋਂ ਤੱਕ ਮੈਨੂੰ ਪੀਂਹਦੀ ਰਹੀ, ਜਦੋਂ ਤੱਕ ਮੈਂ ਬੇਬਸ ਹੋ ਕੇ ਡਿੰਗ ਨਾ ਪਿਆ। ਮੈਨੂੰ ਲੱਗਿਆ ਮੈਂ ਡੁੱਬ ਰਿਹਾ ਸੀ।
ਮੈਂ ਮਰਨ ਦੇ ਕਰੀਬ ਸੀ ਅਤੇ ਬੈਂਗਣੀ ਹੋ ਗਿਆ ਸੀ, ਉਸਨੇ ਮੈਨੂੰ ਕਿਨਾਰੇ ਉੱਤੇ ਸੁੱਟ ਲਿਆ ਅਤੇ ਮੈਨੂੰ ਚੁੰਮਣਾ ਸ਼ੁਰੂ ਕਰ ਦਿੱਤਾ ਅਤੇ ਨਾਲੇ ਉਹ ਬੋਲੀ ਜਾਂਦੀ ਸੀ, ਜਿਸ ਬਾਰੇ ਮੈਨੂੰ ਕੁੱਝ ਪਤਾ ਨਹੀਂ ਉਹ ਕੀ ਬੋਲਦੀ ਸੀ। ਮੈਂ ਬਹੁਤ ਕਮਜ਼ੋਰ, ਥੱਕਿਆ ਥੱਕਿਆ ਅਤੇ ਅਪਮਾਨਿਤ ਮਹਿਸੂਸ ਕੀਤਾ। ਅਤੇ ਨਾਲ ਹੀ ਉਸਦੀ ਭਰਵੀਂ ਕਾਮੁਕਤਾ ਨੇ ਮੇਰੀਆਂ ਅੱਖਾਂ ਮੀਚ ਦਿੱਤੀਆਂ, ਕਿਉਂਜੋ ਉਸ ਦੀ ਆਵਾਜ਼ ਮਿੱਠੀ ਸੀ ਅਤੇ ਉਸਨੇ ਮੈਨੂੰ ਡੁੱਬ ਮੋਇਆਂ ਦੀ ਸੁਆਦਲੀ ਮੌਤ ਦੀਆਂ ਗੱਲਾਂ ਸੁਣਾਈਆਂ। ਜਦੋਂ ਮੈਂ ਠੀਕ ਹੋਇਆ ਤਾਂ ਮੈਂ ਉਸ ਕੋਲੋਂ ਡਰਨ ਅਤੇ ਉਸ ਨੂੰ ਨਫਰਤ ਕਰਨ ਲੱਗਿਆ।
ਮੈਂ ਆਪਣੇ ਮਾਮਲਿਆਂ ਦੀ ਅਣਦੇਖੀ ਕੀਤੀ ਸੀ। ਹੁਣ ਮੈਂ ਪੁਰਾਣੇ ਦੋਸਤਾਂ ਦੀ ਖ਼ਬਰਸਾਰ ਲੈਣੀ ਸ਼ੁਰੂ ਕੀਤੀ ਅਤੇ ਪੁਰਾਣੇ ਅਤੇ ਸਿਸਕਦੇ ਰਿਸ਼ਤਿਆਂ ਨੂੰ ਨਵਿਆਇਆ । ਮੈਂ ਇੱਕ ਪੁਰਾਣੀ ਦੋਸਤ ਕੁੜੀ ਨੂੰ ਮਿਲਿਆ ਉਸ ਨੂੰ ਆਪਣੇ ਭੇਤ ਗੁਪਤ ਰੱਖਣ ਦੀ ਸਹੁੰ ਪਵਾਈ ਅਤੇ ਉਸ ਨੂੰ ਲਹਿਰ ਦੇ ਨਾਲ ਆਪਣੀ ਜ਼ਿੰਦਗੀ ਦੇ ਸਭ ਭੇਤ ਦੱਸੇ। ਔਰਤ ਨੂੰ ਹੋਰ ਕੋਈ ਗੱਲ ਏਨੀ ਛੇਤੀ ਨਹੀਂ ਟੁੰਬਦੀ ਜਿੰਨੀ ਕਿਸੇ ਮਰਦ ਨੂੰ ਬਚਾਉਣ ਦੀ ਸੰਭਾਵਨਾ ਦੀ ਗੱਲ ।
ਮੇਰੀ ਮੁਕਤੀਦਾਤਾ ਨੇ ਆਪਣੀਆਂ ਸਾਰੀਆਂ ਕਲਾਵਾਂ ਨੂੰ ਕਾਰੇ ਲਾ ਦਿਤਾ। ਪਰ ਇੱਕ ਔਰਤ, ਜੋ ਸੀਮਿਤ ਗਿਣਤੀ ਵਿੱਚ ਰੂਹਾਂ ਅਤੇ ਦੇਹਾਂ ਦੀ ਮਾਲਕ ਹੁੰਦੀ ਹੈ, ਮੇਰੀ ਉਸ ਸਹੇਲੀ ਦੇ ਸਾਹਮਣੇ ਕੀ ਕਰ ਸਕਦੀ ਸੀ, ਜੋ ਹਮੇਸ਼ਾ ਬਦਲਦੀ ਰਹਿੰਦੀ ਸੀ ਅਤੇ ਹਮੇਸ਼ਾਂ ਆਪਣੇ ਅਲਗ-ਅਲਗ ਕਾਇਆਪਲਟਿਆਂ ਵਿੱਚ ਆਪਣੇ ਆਪ ਦੇ ਸਮਾਨਰੂਪ ਰਹਿੰਦੀ ਸੀ।
ਸਿਆਲ ਆਇਆ। ਅਸਮਾਨ ਸਲੇਟੀ ਹੋ ਗਿਆ। ਸ਼ਹਿਰ ਉੱਤੇ ਧੁੰਦ ਡਿੱਗੀ। ਬਰਫ਼ੀਲੀ ਕਿਣਮਿਣ ਹੋਈ। ਮੇਰੀ ਸਹੇਲੀ ਹਰ ਰਾਤ ਰੋ ਕੇ ਬਿਤਾਉਂਦੀ ਰਹੀ। ਦਿਨ ਨੂੰ ਉਹ ਆਪਣੇ ਆਪ ਨੂੰ ਅਲੱਗ ਕਰ ਲੈਂਦੀ, ਸ਼ਾਂਤ ਅਤੇ ਮਨਹੂਸ ਅਤੇ ਇੱਕੋ ਉਚਾਰ-ਖੰਡ ਉਚਾਰਦੀ ਰਹਿੰਦੀ, ਕਿਸੇ ਬੁਢੀ ਔਰਤ ਵਾਂਗ, ਜੋ ਖੂੰਜੇ ਲੱਗੀ ਬੁੜਬੁੜ ਕਰਦੀ ਰਹਿੰਦੀ ਹੈ। ਉਹ ਠੰਢੀ ਹੋ ਗਈਲ ਉਸ ਨਾਲ ਸੌਣ ਦਾ ਭਾਵ ਸੀ ਸਾਰੀ ਰਾਤ ਕੰਬਦੇ ਰਹਿਣਾ ਅਤੇ ਜੰਮ ਜਾਣ, ਹੌਲੀ ਹੌਲੀ ਖ਼ੂਨ, ਹੱਡੀਆਂ, ਵਿਚਾਰਾਂ ਦੇ ਜੰਮ ਜਾਣ ਦਾ ਅਹਿਸਾਸ ਭੋਗਣਾ। ਉਹ ਡੂੰਘੀ, ਅਲੰਘ, ਬੇਚੈਨ ਹੋ ਗਈ। ਮੈਂ ਅਕਸਰ ਚਲਿਆ ਜਾਂਦਾ ਅਤੇ ਹਰ ਵਾਰ ਮੇਰੀਆਂ ਗੈਰਹਾਜ਼ਰੀਆਂ ਹੋਰ ਲੰਬੀਆਂ ਹੋ ਜਾਂਦੀਆਂ ਸਨ। ਉਹ, ਆਪਣੇ ਕੋਨੇ ਵਿਚ, ਉੱਚੀ ਆਵਾਜ਼ ਵਿਚ ਚੀਖ਼ਦੀ। ਸਟੀਲ ਵਰਗੇ ਦੰਦਾਂ ਅਤੇ ਇਕ ਸੰਘਾਰਕ ਜ਼ਬਾਨ ਨਾਲ ਉਸ ਨੇ ਕੰਧਾਂ ਨੂੰ ਕੁਤਰ ਦਿੱਤਾ, ਉਨ੍ਹਾਂ ਨੂੰ ਗਿਰਾ ਦਿੱਤਾ। ਉਹ ਰਾਤਾਂ ਨੂੰ

...... ਬਾਕੀ ਸਫ਼ਾ 44 'ਤੇ

# ਭੋਰੇ ਵਾਲੇ

## ਸਾਥੀ ਲੁਧਿਆਣਵੀ-ਲੰਡਨ

ਕਹਾਣੀ



ਕੈਨੇਡਾ ਦਾ ਇਹ ਸ਼ਹਿਰ ਨ੍ਹਾਂ ਨੂੰ ਚੰਗਾ ਤਾਂ ਬਹੁਤ ਲੱਗਦਾ ਸੀ ਪਰ ਜਿਸ ਕਦਰ ਉਨ੍ਹਾਂ ਦੀ ਜ਼ਿੰਦਗੀ ਦੂਭਰ ਅਤੇ ਦੁਖੀ ਸੀ, ਉਸ ਦੇ ਦਰਦ ਦਾ ਕੋਈ ਆਲਮ ਨਹੀਂ ਸੀ ਤੇ ਉਨ੍ਹਾਂ ਨੂੰ ਇਹ ਦੇਸ ਅਤੇ ਇਸਦੀ ਕੋਈ ਵੀ ਚੀਜ਼ ਚੰਗੀ ਨਹੀਂ ਸੀ ਲਗਦੀ। ਉਨ੍ਹਾਂ ਦਾ ਜੀਵਨ ਮੁਸਲਸਲ ਇਕ ਅਸਹਿ ਪੀੜ ਵਿਚੀਂ ਗੁਜ਼ਰ ਰਿਹਾ ਸੀ। ਦਿਨ ਚੜ੍ਹਦਾ ਤਾਂ ਸ਼ਾਮ ਆਉਣ 'ਚ ਨਾ ਆਉਂਦੀ। ਸ਼ਾਮ ਆਉਂਦੀ ਤਾਂ ਸਵੇਰ ਆਉਣ ਦੇ ਕੋਈ ਆਸਾਰ ਨਾ ਦਿਸਦੇ। ਉਹ ਇਕ ਬੇਸਮੈਂਟ ਵਿਚ ਰਹਿੰਦੇ ਸਨ ਜਿਥੇ ਨੈਚੁਰਲ ਲਾਈਟ ਤਾਂ ਹੈ ਹੀ ਨਹੀਂ ਸੀ। ਉਹ ਸਾਰਾ ਦਿਨ ਬਿਜਲਈ ਲਾਈਟ ਵਿਚ ਹੀ ਗੁਜ਼ਾਰਦੇ। ਜ਼ਮੀਨ ਦੀ ਸਤਹ ਦੇ ਉੱਥੇ ਲੱਗੇ ਨਿੱਕੇ ਨਿੱਕੇ ਰੋਸ਼ਨਦਾਨ ਹੀ ਸਨ ਜਿਹੜੇ ਉਨ੍ਹਾਂ ਨੂੰ ਸੰਕੇਤ ਦਿੰਦੇ ਸਨ ਕਿ ਹੁਣ ਦਿਨ ਚੜ੍ਹ ਆਈਆਂ ਸੀ। ਉਹ ਇੰਝ ਮਹਿਸੂਸ ਕਰਦੇ ਜਿਵੇਂ ਉਹ ਇਕ ਹਵਾਲਾਤ ਵਿਚ ਬੰਦ ਹੋਣ। ਉਹ ਭੋਰੇ ਵਿਚ ਰਹਿਣ ਵਾਲੇ ਲੋਕ ਸਦੀਂਦੇ ਸਨ। ਜ਼ਿੰਦਗੀ ਦੀ ਘੁਟਨ ਉਨ੍ਹਾਂ ਲਈ ਅਸਹਿ ਹੁੰਦੀ ਜਾ ਰਹੀ ਸੀ।

ਮਿਸਟਰ ਐਂਡ ਮਿਸਜ਼ ਕੁਮਾਰ ਅੰਦਰੇ ਅੰਦਰ ਝੁਰਦੇ ਕਿ ਉਨ੍ਹਾਂ ਨੇ ਕਿਓਂ ਆਪਣੇ ਇਕਲੌਤੇ ਬੇਟੇ ਰਵੇਲ ਦੀ ਉਹ ਗੱਲ ਮੰਨ ਲਈ ਸੀ ਕਿ ਉਹ ਕੈਨੇਡਾ ਤੋਂ ਆਈ ਹੋਈ ਇਕ ਕੈਨੇਡੀਅਨ ਸਿਟੀਜ਼ਨ ਪਰ ਇੰਡੀਅਨ ਮੂਲ ਦੀ ਕੁੜੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ। ਉਹ ਕਹਿੰਦਾ ਸੀ ਕਿ ਉਹ ਉਸ ਨੂੰ ਪਿਆਰ ਕਰਨ ਲੱਗ ਪਿਆ ਸੀ। ਰਮੇਸ਼ ਅਤੇ ਦਰੋਪਦੀ ਨੇ ਤਾਂ ਕਦੇ ਵੈਸੇ ਵੀ ਉਹਦੀ ਗੱਲ ਨਹੀਂ ਸੀ ਮੋੜੀ ਤਾਂ ਹੁਣ ਭਲਾ ਉਹਦੀ ਪਿਆਰ ਵਾਲੀ ਗੱਲ ਨੂੰ ਕਿਵੇਂ ਮੋੜ ਦਿੰਦੇ? ਇਕਲੌਤੀ ਔਲਾਦ ਤੇ ਖ਼ਾਸ ਕਰਕੇ ਇਕੌਤੇ ਪੁੱਤਰ ਵਾਲੇ ਪੰਜਾਬੀ ਮਾਪੇ ਇੰਝ ਹੀ ਸੋਚਦੇ ਹਨ। ਸ਼ਾਇਦ ਇਹ ਗੱਲ ਸਾਰੀਆਂ ਕੌਮਾਂ ਉੱਥੇ ਹੀ ਢੁਕਦੀ ਹੋਵੇ। ਇਕੋ ਇਕ ਅਮੁੱਲੀ ਚੀਜ਼ ਦੇ ਖੁਸਣ ਦਾ ਖ਼ੌਫ਼ ਹਮੇਸ਼ਾ ਹੀ ਮਾਪਿਆਂ ਨੂੰ ਡਰਾਉਂਦਾ ਰਹਿੰਦਾ ਹੈ।

ਰਵੇਲ ਦੇ ਸਹੁਰਿਆਂ ਨੇ ਇਹ ਵਿਆਹ ਕੈਨੇਡਾ ਤੋਂ ਆ ਕੇ ਕੀਤਾ ਸੀ। ਆਪ ਤਾਂ ਉਹ ਲਾਗਲੇ ਪਿੰਡ ਦੇ ਹੀ ਸਨ ਪਰ ਉਨ੍ਹਾਂ ਨੇ ਵਿਆਹ ਜਲੰਧਰ ਵਿਚ ਇੱਕ ਕੋਠੀ ਕਿਰਾਏ ਉਤੇ ਲੈ ਕੇ ਕੀਤਾ। ਵਿਆਹ ਦਾ ਸਾਰਾ ਪ੍ਰਬੰਧ ਇਕ ਮੈਰੇਜ ਪੈਲੇਸ ਵਿਚ ਸੀ। ਰਵੇਲ ਕੁੜੀ ਉਤੇ ਏਨਾ ਲੱਟੂ ਹੋਇਆ ਹੋਇਆ ਸੀ ਕਿ ਉਹ ਦਾਜ ਦਹੇਜ ਚਾਹੁੰਦਾ ਹੀ ਨਹੀਂ ਸੀ। ਖ਼ੁਸ਼ੀ ਦੀ ਗੱਲ ਇਹ ਵੀ ਸੀ ਕਿ ਉਸਦੇ ਮਾਂ ਬਾਪ ਵੀ ਦਾਜ ਦਹੇਜ ਵਿਚ ਦਿਲਚਸਪੀ ਨਹੀਂ ਸਨ ਰੱਖਦੇ। ਉਹ ਅਗਾਂਹ ਵਧੂ ਵਿਚਾਰਾਂ ਵਾਲੇ ਲੋਕ ਸਨ। ਉਹ ਸਮਾਜ ਦੇ ਇਸ ਕੋਹੜ ਨੂੰ ਖਤਮ ਹੋਇਆ ਵੇਖਣਾ ਚਾਹੁੰਦੇ ਸਨ ਤੇ ਉਨ੍ਹਾਂ ਸੋਚਿਆ ਹੋਇਆ ਸੀ ਕਿ ਇਸ ਦੀ ਸ਼ੁਰੂਆਤ ਉਹ ਆਪਣੇ ਘਰ ਤੋਂ ਹੀ ਕਰਨਗੇ। ਕਿਸੇ ਨੇ ਦੱਸਿਆ ਸੀ ਕਿ ਕੈਨੇਡਾ ਤੋਂ ਆਈ ਹੋਈ ਕੈਨੇਡੀਅਨ ਸਿਟੀਜ਼ਨ ਕੁੜੀ ਨੂੰ ਤਾਂ ਲੋਕੀਂ ਆਪਣੇ ਕੋਲੋਂ ਵੀ ਦਾਜ ਦੇ ਕੇ ਵਿਆਹੁਣ ਲਈ ਤਿਆਰ ਹੋ ਸਕਦੇ ਹਨ। ਇਹੋ ਜਿਹੀਆਂ ਕੁੜੀਆਂ ਕੁੜੀਆਂ ਨਹੀਂ ਸਗੋਂ ਇਕ ਵਸਤੂ (commodity) ਬਣ ਕੇ ਰਹਿ ਗਈਆਂ ਸਨ।

ਰਵੇਲ ਦੇ ਸਹੁਰੇ ਬਾਹਲੇ ਹੀ ਪੇਂਡੂ ਜਿਹੇ ਸਨ ਜਦ ਕਿ ਕੁਮਾਰ ਹੁਰੀਂ ਠਹਿਰੇ ਖਾਂਦੇ ਪੀਂਦੇ ਸ਼ਹਿਰੀ ਲੋਕ। ਜੱਦੀ ਪੁਸ਼ਤੀ ਲਾਲੇ। ਉਨ੍ਹਾਂ ਦੇ ਕੁੜਮਾਂ ਨਾਲ ਉਨ੍ਹਾਂ ਦਾ ਸੁਭਾਉ ਉੱਕਾ ਹੀ ਨਹੀਂ ਸੀ ਮਿਲਦਾ। ਇਨ੍ਹਾਂ ਨੂੰ ਕਈ ਗੱਲਾਂ ਤਾਂ ਸਮਝ ਵੀ ਨਾ ਪੈਂਦੀਆਂ ਤੇ ਐਵੇਂ ਮੂੰਹ ਰੱਖਣੀ ਲਈ ਹੀ ਹੂੰ ਹੂੰ ਕਰੀ ਜਾਂਦੇ ਆਪਣੇ ਬੇਟੇ ਦੀ ਖ਼ੁਸ਼ੀ ਲਈ ਉਹ ਸਭ ਕੁਝ ਸਹਿਣ ਲਈ ਤਿਆਰ ਸਨ। ਰਵੇਲ ਦੇ ਸਹੁਰਿਆਂ ਨੇ ਕੁੜੀ ਜਲੰਧਰੋਂ ਹੀ ਤਿੰਨਾਂ ਕਪੜਿਆਂ 'ਚ ਤੋਰ ਦਿੱਤੀ। ਸਾਰੇ ਮਿਸਟਰ ਅਤੇ ਮਿਸਜ਼ ਕੁਮਾਰ ਨੂੰ ਕਹਿਣ ਕਿ ਚਲੋ ਕੁੜੀ ਮੁੰਡਾ ਤਾਂ ਸ਼ਾਇਦ ਇਕ ਦੂਜੇ ਨਾਲ ਅਡਜਸਟ ਕਰ ਲੈਣਗੇ ਪਰ ਤੁਹਾਡੇ ਕੁੜਮਾਂ ਦੇ ਖਿਆਲ ਨਹੀਂ ਮਿਲਣੇ ਤੁਹਾਡੇ ਨਾਲ। ਦੁਬਿਧਾ ਤੇ ਬੇਚੈਨੀ ਵਿਚ ਤਾਂ ਰਵੇਲ ਦੇ ਮਾਂ ਬਾਪ ਵੀ ਸਨ ਪਰ ਉਨ੍ਹਾਂ ਦਾ ਪੁੱਤਰ-ਮੋਹ ਸਾਹ ਨਹੀਂ ਸੀ ਲੈਣ ਦਿੰਦਾ। ਇਕੋ ਇਕ ਔਲਾਦ ਹੋਣ ਕਾਰਨ ਉਹ ਉਹਨੂੰ ਡਾਢਾ ਹੀ ਚਮਲ੍ਹਾਈ ਬੈਠੇ ਸਨ। ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ, ਵਾਲੀ ਕਹਾਵਤ ਉਨ੍ਹਾਂ ਉੱਥੇ ਖੂਬ ਢੁਕਦੀ ਸੀ। ਉਨ੍ਹਾਂ ਦੇ ਫ਼ੈਸਲੇ ਵਿਚ ਕਿਸੇ ਦਾ ਕੋਈ ਦਖ਼ਲ ਨਹੀਂ ਸੀ। ਉਹ ਆਪਣੇ ਪੁੱਤਰ ਦੀ ਖ਼ੁਸ਼ੀ ਲਈ ਕੁਝ ਵੀ ਕਰ ਸਕਦੇ ਸਨ।

ਪੰਜਾਬ ਭਰ ਵਿਚ ਪਤਾ ਨਹੀਂ ਕੀ ਹਨੇਰੀ ਝੁੱਲੀ ਹੋਈ ਸੀ ਕਿ ਹਰ ਨੌਜਵਾਨ ਅਤੇ ਮੁਟਿਆਰ ਬਾਹਰਲੇ ਮੁਲਕੀਂ ਹੀ ਜਾਣਾ ਚਾਹੁੰਦਾ ਸੀ। ਅਗਰ ਕੈਨੇਡਾ ਜਾਂ ਕਿਸੇ ਹੋਰ ਬਾਹਰਲੇ ਦੇਸ 'ਚੋਂ ਕੋਈ ਕੁੜੀ ਆਉਂਦੀ ਸੀ ਤਾਂ ਮੁੰਡੇ ਦਾਜ ਦਹੇਜ ਵਿਚ ਦਿਲਚਸਪੀ ਨਹੀਂ ਸਨ ਰਖਦੇ। ਬਸ ਇਹੀ ਕਹਿੰਦੇ ਸੀ ਕਿ ਜੀ ਪਰਮਾਤਮਾ ਦਾ ਦਿੱਤਾ ਹੋਇਆ ਸਾਡੇ ਕੋਲ ਬਹੁਤ ਕੁਝ ਹੈ। ਬਸ ਕੰਨਿਆ ਦੇਵੀ ਹੀ ਚਾਹੀਦੀ ਹੈ। ਅਗਰ ਕੋਈ ਮੁੰਡਾ ਉਥੋਂ ਆਉਂਦਾ ਸੀ ਤਾਂ ਉਸਦੀ ਵੀ ਮੈਟਰੀਮੋਨੀਅਲ ਦੇ ਖੇਤਰ ਵਿਚ ਵਾਹਵਾ ਕੀਮਤ ਪੈਂਦੀ ਸੀ। ਕਿਸੇ ਵੇਲੇ ਅੱਟੇ ਸੱਟੇ ਦੇ ਵਿਆਹ ਚੰਗੇ ਨਹੀਂ ਸਨ ਸਮਝੇ ਜਾਂਦੇ ਪਰ ਇਮੀਗ੍ਰੇਸ਼ਨ ਦੀ ਲਿੱਲ੍ਹਾ ਨੇ ਸਭ ਨੈਤਿਕ ਕਦਰਾਂ ਕੀਮਤਾਂ ਛਿੱਕੇ ਟੰਗ ਦਿਤੀਆਂ ਸਨ ਤੇ ਕੈਨੇਡਾ ਵਿਚ ਵਸਦੇ ਕਈ ਲੋਕ ਇਸੇ ਕਿਸਮ ਦੇ ਰਿਸ਼ਤੇ ਕਰਨ ਲਗ ਪਏ ਸਨ। ਪਰੰਤੂ ਜੇ ਕੋਈ ਰਵੇਲ ਵਰਗਾ ਆਲ੍ਹੜ ਮੁੰਡਾ ਮਿਲ

ਭੋਰੇ ਵਾਲੇ

ਸਾਥੀ ਲੁਧਿਆਣਵੀ-ਲੰਡਨ

ਕਹਾਣੀ

ਜਾਵੇ ਤੇ ਅਗਰ ਉਹ ਸੁਹਣਾ ਸੁਨੱਖਾ ਵੀ ਹੋਵੇ, ਪੜ੍ਹਿਆ ਲਿਖਿਆ ਵੀ ਹੋਵੇ ਤੇ ਅਮੀਰ ਘਰੋਂ ਵੀ ਹੋਵੇ ਤਾਂ ਕੈਨੇਡਾ ਤੋਂ ਆਏ ਲੋਕ ਹੱਲਾਤ ਨਾਲ ਸਮਝੌਤਾ ਵੀ ਕਰ ਲੈਂਦੇ ਸਨ। ਵੈਸੇ ਵੀ ਅਗਰ ਕੁੜੀ ਇਹੋ ਜਿਹੇ ਮੁੰਡੇ ਨਾਲ ਵਿਆਹ ਕਰਨ ਦੀ ਜ਼ਿਦ ਤੋਂ ਹਟੇ ਹੀ ਨਾ ਤਾਂ ਇਸ ਦਾ ਚਾਰਾ ਹੋ ਵੀ ਕੀ ਸਕਦਾ ਸੀ?

ਰਵੇਲ ਅਮ੍ਰਿਤਸਰ ਦੇ ਇਕ ਵਿਆਹ ਦੇ ਜਸ਼ਨ ਵੇਲੇ ਹੀ ਇਸ ਕੁੜੀ ਪਿੰਕੀ ਨੂੰ ਮਿਲਿਆ ਸੀ। ਪਿੰਕੀ ਕੈਨੇਡਾ ਵਿਚ ਰਹਿੰਦੀ ਕਰਕੇ ਅੰਗ੍ਰੇਜ਼ੀ ਤਾਂ ਬੋਲਦੀ ਹੀ ਸੀ, ਉਸ ਦੇ ਰੰਗ ਢੰਗ ਵੀ ਪੂਰੀ ਤਰ੍ਹਾਂ ਪੱਛਮੀ ਸਨ। ਉਧਰ ਰਵੇਲ ਵੀ ਕਾਨਵੈਂਟ ਸਕੂਲਾਂ ਵਿਚ ਪੜ੍ਹਿਆ ਹੋਇਆ ਸੀ। ਕੁੜੀ ਨੂੰ ਇਹ ਗੱਲ ਚੰਗੀ ਲੱਗੀ। ਉਸ ਦੀ ਜ਼ਿਦ ਮੂਹਰੇ ਪਿੰਕੀ ਦੇ ਮਾਪਿਆਂ ਦੇ ਸਾਰੇ ਉਹ ਇਰਾਦੇ ਜਾਂਦੇ ਰਹੇ ਜਿਹੜੇ ਕਹਿੰਦੇ ਸਨ ਕਿ ਮੁੰਡਾ ਆਪਣੇ ਪਿੰਡਾਂ ਵਲੋਂ ਰਿਸ਼ਤੇਦਾਰੀਆਂ ਵਿਚੋਂ ਹੀ ਹੋਵੇ ਤੇ ਹੋਣ ਵੀ 'ਖਾਣ ਪੀਣ' ਵਾਲੇ ਬੰਦੇ। ਕੁੜੀ ਦੀ ਜ਼ਿਦ ਨੇ ਉਨ੍ਹਾਂ ਦੀ ਪੇਸ਼ ਨਾ ਜਾਣ ਦਿੱਤੀ।

ਖ਼ੈਰ ਰਵੀਇੰਦਰ ਕੌਰ ਯਾਨੀ ਕਿ ਪਿੰਕੀ ਤਾਂ ਆਪਣੇ ਮਾਂ ਬਾਪ ਨਾਲ ਹੀ ਕੈਨੇਡਾ ਵਾਪਿਸ ਚਲੀ ਗਈ ਤੇ ਰਵੇਲ ਲੱਗਾ ਵੀਜ਼ੇ ਦੀ ਉਡੀਕ ਕਰਨ। ਉਸ ਦੇ ਮਾਂ ਬਾਪ ਨੂੰ ਜਿਵੇਂ ਹੁਣ ਅਹਿਸਾਸ ਹੋਇਆ ਸੀ ਕਿ ਰਵੇਲ ਦੇ ਜਾਣ ਤੋਂ ਬਾਅਦ ਉਨ੍ਹਾਂ ਦੀ ਬਿਹਬਲਤਾ ਤੇ ਇਕੱਲਤਾ ਦੀ ਕੀ ਬੁਲੰਦੀ ਹੋਵੇਗੀ? ਫਿਰ ਰਵੇਲ ਉਨ੍ਹਾਂ ਨੂੰ ਭਰੋਸਾ ਦੁਆਉਂਦਾ ਰਹਿੰਦਾ ਕਿ ਜਿਓਂ ਹੀ ਉਹ ਓਥੇ ਪਹੁੰਚਾ ਕਿ ਉਹ ਉਨ੍ਹਾਂ ਨੂੰ ਵੀ ਓਥੇ ਮੰਗਵਾਅ ਲਵੇਗਾ ਤੇ ਫਿਰ ਉਹ ਸਭੋ ਇਕੱਠੇ ਰਹਿਣਗੇ। ਲਾਲਾ ਜੀ ਇਹ ਚਾਹੁੰਦਿਆਂ ਵੀ ਇਹ ਗੱਲ ਨਾ ਉਹਨੂੰ ਕਹਿ ਪਾਏ ਕਿ ਇਨ੍ਹਾਂ ਮਹਿਲਾਂ ਵਰਗੇ ਘਰਾਂ ਦਾ ਕੀ ਹੋਵੇਗਾ? ਜਿਨ੍ਹਾਂ ਕੰਧਾਂ ਨੇ ਇਸ ਘਰ ਵਿਚ ਏਨੇ ਦੁਖ ਸੁਖ ਵੇਖੇ ਹਨ ਕਿਆ ਇਹ ਵਿਲਕਣਗੀਆਂ ਨਹੀਂ? ਇਨ੍ਹਾਂ ਨਾਲ ਤਾਂ ਤੇਰੇ ਪਿਤਰਾਂ ਦੀਆਂ ਯਾਦਾਂ ਬੱਝੀਆਂ ਹੋਈਆਂ ਹਨ। ਇਹ ਦੁਕਾਨਾਂ 'ਚੋਂ ਆਉਂਦੇ ਕਿਰਾਏ, ਇਹ ਬੈਂਕ ਬੈਲੈਂਸ, ਇਹ ਭਾਈਚਾਰੇ, ਇਹ ਪੁਸ਼ਤ ਦਰ ਪੁਸ਼ਤ ਦੀਆਂ ਸਾਂਝਾਂ ਕਿਥੇ ਜਾਣਗੀਆਂ?

ਬਹੁਤੀ ਦੇਰ ਨਾ ਲੱਗੀ ਕਿ ਰਵੇਲ ਦੇ ਵੀਜ਼ਾ ਪੇਪਰ ਸੰਪੂਰਨ ਹੋ ਗਏ ਤੇ ਉਹ ਰੋਂਦੇ ਮਾਂ ਬਾਪ ਨੂੰ ਛੱਡ ਕੇ ਵਿਦੇਸ਼ੀਂ ਉਡਾਰੀ ਮਾਰ ਗਿਆ।

ਕੈਨੇਡਾ ਪਹੁੰਚਦਿਆਂ ਹੀ ਰਵੇਲ ਨੂੰ ਇਹ ਅਹਿਸਾਸ ਹੋ ਗਿਆ ਕਿ 'ਦ ਲਾਈਫ਼ ਵਿਲ ਨੌਟ ਬੀ ਅ ਸਮੂਥ ਸੇਲਿੰਗ'' -ਜ਼ਿੰਦਗੀ ਇਥੇ ਏਨੀ ਆਸਾਨ ਨਹੀਂ ਜੋ ਗੁਜ਼ਰਨ ਵਾਲੀ। ਇਹ ਉੱਚੀਆਂ ਉੱਚੀਆਂ ਇਮਾਰਤਾਂ, ਇਹ ਖੁੱਲ੍ਹੀਆਂ ਡੁਲ੍ਹੀਆਂ ਜੂਹਾਂ ਤੇ ਵਿਸ਼ਾਲ ਪਏ ਕੈਨੇਡਾ ਦੇ ਮੈਦਾਨ, ਇਹ ਸੀ ਐੱਨ ਟਾਵਰ, ਝੀਲਾਂ, ਇਹ ਡਾਊਨ ਟਾਊਨ ਦੀਆਂ ਰੌਣਕਾਂ, ਵਧੀਆ ਕਲਬ ਤੇ ਸੁਹਣੇ ਸ਼ੌਪਿੰਗ ਮਾਲ ਛੇਤੀ ਹੀ ਉਸ ਲਈ ਕੁਝ ਵੀ ਨਾ ਰਹੇ। ਬਸ ਇਹ ਪਿੰਕੀ ਦੀ ਮੁਹੱਬਤ ਹੀ ਸੀ ਜੋ ਉਸਨੂੰ ਟੋਰੀ ਜਾ ਰਹੀ ਸੀ।

ਉਹ ਇਕ ਬੈਂਕ ਵਿਚ ਕੰਮ ਕਰਦੀ ਸੀ। ਜਦੋਂ ਉਹ ਕੰਮ ਉੱਥੇ ਚਲੇ ਜਾਂਦੀ ਤਾਂ ਰਵੇਲ ਦੀ ਤਨਹਾਈ ਹੋਰ ਵੀ ਵਧ ਜਾਂਦੀ। ਘਰ ਵਿਚ ਉਹਦੇ ਸਹੁਰਾ ਤੇ ਸਾਸ ਹੀ ਰਹਿ ਜਾਂਦੇ ਸਨ ਜਿਨ੍ਹਾਂ ਨਾਲ ਉਹਦੇ ਵਿਚਾਰ ਉੱਕਾ ਹੀ ਨਹੀਂ ਸਨ ਮਿਲਦੇ। ਇਕ ਦੁਪਾਸੀਂ ਸ਼ਿਸ਼ਟਾਚਾਰ ਵਾਲਾ ਰਿਸ਼ਤਾ ਹੀ ਬਣਿਆ ਹੋਇਆ ਸੀ ਬਸ। ਉਸਦਾ ਦਿਲ ਕਰਦਾ ਸੀ ਕਿ ਉਹ ਪਿੰਕੀ ਨੂੰ ਲੈ ਕੇ ਕਿਤੇ ਦੂਰ ਦੁਰਾਡੇ ਥਾਂ ਚਲਾ ਜਾਵੇ। ਸਾਰਾ ਦਿਨ ਉਹ ਕੁਝ ਪੜ੍ਹਦਾ ਲਿਖਦਾ ਰਹਿੰਦਾ। ਉਹਦੇ ਕੰਮੋਂ ਵਿਹਲੇ ਬੈਠੇ ਸਾਸ ਅਤੇ ਸਹੁਰਾ ਸਾਰਾ ਦਿਨ ਟੈਲੀਵੀਜ਼ਨ ਮੂਹਰੇ ਬੈਠੇ ਪੰਜਾਬੀ ਤੇ ਹਿੰਦੀ ਦੀਆਂ ਫ਼ਿਲਮਾਂ ਵੇਖਦੇ ਰਹਿੰਦੇ। ਉਹ ਨਾ ਕਦੇ ਦੇਸ ਵਿਦੇਸ ਦੇ ਸਮਾਚਾਰ ਜਾਂ ਕੋਈ ਡਾਕੂਮੈਂਟਰੀ ਵੇਖਦੇ ਅਤੇ ਨਾ ਕੈਨੇਡਾ ਦੀ ਲਾਈਫ਼ ਬਾਰੇ ਹੀ ਕੋਈ ਗਿਆਨ ਹਾਸਿਲ ਕਰਨ ਵਾਲੇ ਪ੍ਰੋਗਰਾਮਾਂ ਵੱਲ ਹੀ ਧਿਆਨ ਦਿੰਦੇ। ਉਨ੍ਹਾਂ ਵਰਗੇ ਹੋਰ ਲੋਕ ਵੀ ਇਹੋ ਜਿਹੇ ਹੀ ਸਨ। ਅਪਣਾਏ ਹੋਏ ਦੇਸ ਕੈਨੇਡਾ ਨਾਲ ਜਿਵੇਂ ਉਨ੍ਹਾਂ ਦਾ ਰਿਸ਼ਤਾ ਬਸ ਡਾਲਰਾਂ ਅਤੇ ਉਥੋਂ ਦੀਆਂ ਸਹੂਲਤਾਂ ਤੱਕ ਹੀ ਸੀ। ਉਹ ਜਦੋਂ ਕਿਤੇ ਬਾਹਰ ਅੰਦਰ ਜਾਂਦੇ ਤਾਂ ਤਦ ਹੀ ਕੋਈ ਅੰਗ੍ਰੇਜ਼ੀ ਦੀਆਂ ਫ਼ਿਲਮਾਂ ਜਾਂ ਖਬਰਾਂ ਦੇਖ ਸਕਦਾ। ਇਕ ਦਿਨ ਪਿੰਕੀ ਨੇ ਉਹਨੂੰ ਇਕ ਨਿੱਕਾ ਟੈਲੀਵੀਜ਼ਨ ਲਿਆ ਦਿੱਤਾ ਜਿਹੜਾ ਉਨ੍ਹਾਂ ਨੇ ਆਪਣੇ ਬੈਂਡਰੂਮ ਵਿਚ ਰਖ ਲਿਆ। ਰਵੇਲ ਨੂੰ ਆਪਣੀ ਬੀਵੀ ਦੀ ਇਹ ਜੈਸਚਰ (ਵਿਖਾਈ ਚੰਗਿਆਈ-ਸੰ।) ਚੰਗੀ ਲੱਗੀ। ਸ਼ਾਇਦ ਉਹ ਆਪਣੇ ਖ਼ਾਵੰਦ ਦੀ ਬੋਰੀਅਤ ਨੂੰ ਸਮਝਦੀ ਸੀ। ਇਸ ਟੀਵੀ ਦੇ ਬਾਵਜੂਦ ਉਸਦੀ ਬੋਰੀਅਤ ਦਾ ਮਸਲਾ ਹਲ ਨਾ ਹੋਇਆ। ਭਲਾ ਕਿੰਨਾ ਕੁ ਚਿਰ ਬੰਦਾ ਟੀਵੀ ਮੂਹਰੇ ਬੈਠਾ ਰਹਿ ਸਕਦਾ ਹੈ?

ਉਸ ਨੂੰ ਇਥੇ ਆ ਕੇ ਮਹਿਸੂਸ ਹੋਇਆ ਕਿ ਉਹ ਤਾਂ ਕੁਝ ਵੀ ਕਰਨ ਜੋਗਾ ਨਹੀਂ ਸੀ। ਉਸ ਦੀ ਕੁਆਲੀਫ਼ੀਕੇਸ਼ਨ ਇਹੋ ਜਿਹੀ ਨਹੀਂ ਸੀ ਕਿ ਉਸ ਨੂੰ ਕੋਈ ਵਧੀਆ ਜੌਬ ਮਿਲ ਸਕਦੀ। ਪਿਓ ਦੀ ਦਿਸਦੀ ਦੌਲਤ ਤੇ ਮਾਂ ਦੇ ਲਾਡ ਨੇ ਉਸ ਨੂੰ ਇਸ ਗੱਲ ਦਾ ਅਹਿਸਾਸ ਹੀ ਨਾ ਹੋਣ ਦਿੱਤਾ ਕਿਉਹ ਕੋਈ ਐਸੀ ਕੁਆਲੀਫ਼ਿਕੇਸ਼ਨ ਹਾਸਿਲ ਕਰੇ ਜਿਸ ਦੁਆਰਾ ਉਸਨੂੰ ਕੋਈ ਚੰਗੀ ਨੌਕਰੀ ਮਿਲ ਸਕਦੀ। ਉਹ ਖੁੱਲ੍ਹੇ ਡੁੱਲ੍ਹੇ ਪੈਸੇ ਖਰਚਣ ਦਾ ਆਦੀ ਸੀ। ਸੁਹਣੇ ਕਪੜੇ, ਵਧੀਆ ਕਾਰਾਂ ਤੇ ਵਧੀਆ ਰੈਸਟੋਰੈਂਟਾਂ ਵਿਚ ਜਾਣ ਦਾ ਸ਼ੌਕੀਨ ਸੀ। ਉਹ ਆਯਾਸ਼ੀ ਅਮੀਰਜ਼ਾਦਾ ਸੀ ਜਿਹੜਾ ਜ਼ਿੰਦਗੀ ਦੀ ਕਠੋਰਤਾ ਤੋਂ ਅਭਿੱਜ ਸੀ। ਲੇਕਿਨ ਪਤਾ ਨਹੀਂ ਕਿੰਝ ਉਸ ਵਿਚ ਇਹ ਗੱਲ ਘਰ ਕਰ ਗਈ ਸੀ ਕਿ ਪਿਆਰੇ ਅਗਰ ਇਥੇ ਰਹਿਣਾ ਹੈ ਤੇ ਪਿੰਕੀ ਨਾਲ ਜ਼ਿੰਦਗੀ ਨਿਭਾਉਣੀ ਹੈ ਤਾਂ ਮਿਹਨਤ ਜ਼ਰੂਰੀ ਹੈ। ਇਸ ਚਾਹ ਕਾਰਨ ਤੇ ਘਰ ਦੀ ਬੋਰੀਅਤ ਤੋਂ ਬਚਣ ਖਾਤਿਰ ਹੀ ਉਸ ਨੇ ਇਕ ਪੀਜ਼ਾ ਰੈਸਟੋਰੈਂਟ ਵਿਚ ਵੇਟਰ, ਆਦਿ, ਦੀ ਜੌਬ ਲੈ ਲਈ। ਪਹਿਲੇ ਕੁਝ ਦਿਨ ਉਸ ਨੇ ਬਹੁਤ ਹੀ ਹੀਣਤਾ ਜਿਹੀ ਮਹਿਸੂਸ ਕੀਤੀ ਪਰ ਜਦ ਉਸ ਨੇ ਦੇਖਿਆ ਕਿ ਉਸ ਨਾਲ ਕੰਮ ਕਰਨ ਵਾਲੇ ਉਸ ਤੋਂ ਵੀ ਤਕੜੇ ਇੰਡੀਅਨ ਅਮੀਰਜ਼ਾਦਿਆਂ ਦੇ ਪੁੱਤਰ ਧੀਆਂ ਹਨ ਤਾਂ ਉਸ ਨੂੰ ਜ਼ਰਾ ਢਾਰਸ ਮਹਿਸੂਸ ਹੋਈ। ਉਧਰ ਪਿੰਕੀ ਵੀ ਕਹਿ ਰਹੀ ਸੀ ਕਿ ਇਥੇ ਪਹਿਲਾਂ ਪਹਿਲਾਂ ਇਹੋ ਜਿਹੀਆਂ ਤੰਗੀਆਂ ਤਾਂ ਆਉਂਦੀਆਂ ਹੀ ਹਨ। ਆਪਣੀ ਬੀਵੀ ਦੇ ਇੰਝ ਕਹਿਣ ਨਾਲ ਉਸਨੂੰ ਬੜਾ ਹੌਸਲਾ ਮਿਲਿਆ। ਉਹਦਾ ਜੀਅ ਕਰਦਾ ਸੀ ਕਿ ਉਹ ਛੇਤੀ ਤੋਂ ਛੇਤੀ ਪੈਸੇ ਜੋੜ ਕੇ ਆਪਣਾ ਘਰ ਲੈ ਲੈਣ ਪਰ ਉਹਨੂੰ ਉਦੋਂ ਹੈਰਾਨੀ ਹੋਈ ਜਦੋਂ ਉਸ ਦੀ ਬੀਵੀ ਨੇ ਇਹ

# ਭੋਰੇ ਵਾਲੇ

ਸਾਥੀ ਲੁਧਿਆਣਵੀ-ਲੰਡਨ

ਕਹਾਣੀ

ਕਹਿ ਕੇ ਗੱਲ ਮੁਕਾਅ ਦਿੱਤੀ ਕਿ ਉਹ ਆਪਣੇ ਮੰਮ ਡੈਡ ਤੇ ਭਰਾ ਭਰਜਾਈ ਤੋਂ ਦੂਰ ਨਹੀਂ ਰਹਿ ਸਕਦੀ। ਰਵੇਲ ਨੇ ਆਪਣੇ ਮਨ ਨੂੰ ਇਹ ਕਹਿ ਕੇ ਤਸੱਲੀ ਦੇ ਲਈ ਕਿ ਜਦੋਂ ਵਕਤ ਆਵੇਗਾ ਤਾਂ ਸਭ ਕੁਝ ਆਪਣੀ ਜਗਹਾ ਫ਼ਿੱਟ ਹੋ ਜਾਵੇਗਾ। ਪਰ ਫਿਰ ਵੀ ਉਸ ਨੂੰ ਇਸ ਗੱਲ ਦਾ ਬਹੁਤ ਝੋਰਾ ਸੀ ਕਿ ਉਹ ਇਕ ਘਰ ਜੁਆਈ ਦੇ ਤੌਰ 'ਤੇ ਰਹਿ ਰਿਹਾ ਸੀ। ਉਹ ਆਪਣੀ ਇੰਡੀਆ ਵਿਚਲੀ ਐਸ਼ ਦੀ ਜ਼ਿੰਦਗੀ ਨੂੰ ਯਾਦ ਕਰ ਕਰ ਕੇ ਹੋਰ ਵੀ ਉਦਾਸ ਹੋ ਜਾਂਦਾ। ਅਗਰ ਉਹਨੂੰ ਪਿੰਕੀ ਪਿਆਰ ਨਾ ਕਰਦੀ ਹੁੰਦੀ ਤਾਂ ਉੱਥੇ ਹੀ ਮਰ ਜਾਂਦਾ।

ਇਕ ਦਿਨ ਉਹ ਕੰਮ ਤੋਂ ਪਰਤਿਆ ਤਾਂ ਪਿੰਕੀ ਨੇ ਇਕ ਹੋਰ ਬਭਬ ਸੁਟ ਦਿੱਤਾ ਅਖੇ ਉਹ ਪ੍ਰੈਗਨੈਂਟ ਹੈ। ਉਸ ਦੇ ਮੂੰਹ ਉੱਥੇ ਤਾਂ ਰਵੇਲ ਨੇ ਖੁਸ਼ੀ ਅਤੇ ਬੇਫ਼ਿਕਰੀ ਜ਼ਾਹਿਰ ਕੀਤੀ ਪਰ ਉਹ ਅੰਦਰੋ ਅੰਦਰੀਂ ਵਿਸ ਘੋਲ ਕੇ ਰਹਿ ਗਿਆ। ਉਹ ਜਿਵੇਂ ਛਿੱਲਿਆ ਹੀ ਗਿਆ। ਨਾ ਘਰ ਨਾ ਘਾਟ ਤੇ ਹੁਣ ਨਿਆਣੇ ਨੂੰ ਕਿਵੇਂ ਪਾਲਿਆ ਜਾਊ?

ਇੰਡੀਆ ਫ਼ੋਨ ਕੀਤਾ ਤਾਂ ਮਾਂ ਬਾਪ ਖੁਸ਼ੀ ਵਿਚ ਪਾਗਲਾਂ ਵਾਂਗ ਹੋ ਗਏ। ਆਖਰ ਤਾਂ ਘਰ ਨੂੰ ਭਾਗ ਲੱਗਣ ਵਾਲੇ ਸਨ। ਉਨ੍ਹਾਂ ਨੇ ਕਹਿ ਦਿੱਤਾ, 'ਡਲਿਵਰੀ ਮੌਕੇ ਆਉਣਾ ਚਾਹੁਣਗੇ ਉਹ ਕੈਨੇਡਾ ਦੋਵੇਂ ਜਣੇ। ਉਹ ਆਪਣਾ ਕਿਰਾਇਆ ਭਾੜਾ ਵੀ ਆਪੇ ਲਗਾ ਕੇ ਆਉਣਗੇ ਤੇ ਉਥੇ ਖਰਚਣ ਲਈ ਰੁਪੱਈਆਂ ਵਾਟੇ ਡਾਲਰ ਵੀ ਲੈ ਕੇ ਆਉਣਗੇ ਤਾਂ ਜੁ ਪਿੰਕੀ ਅਤੇ ਰਵੇਲ ਉਤੇ ਕੋਈ ਵਾਧੂ ਭਾਰ ਵੀ ਨਾ ਪਵੇ'।

ਬੇਬੀ ਹੋਣ ਤੋਂ ਕੁਝ ਹਫ਼ਤੇ ਹੀ ਪਹਿਲਾਂ ਮਿਸਟਰ ਐਂਡ ਮਿਸਜ਼ ਕੁਮਾਰ ਕੈਨੇਡਾ ਦੀ ਸਰਜ਼ਮੀਨ ਉਤੇ ਪਹੁੰਚ ਗਏ। ਉਨ੍ਹਾਂ ਦੇ ਕੁੜਮਾਂ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ। ਸ਼ਾਮਾਂ ਪਈਆਂ ਤਾਂ ਦਾਰੂ ਸਿੱਖਾ ਔਫ਼ਰ ਕੀਤਾ। ਰਮੇਸ਼ ਅਤੇ ਦਰੋਪਦੀ ਵੈਸ਼ਨੂੰ ਸਨ ਤੇ ਸ਼ਰਾਬ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਪਿੰਕੀ ਦੇ ਭਰਾਵਾਂ ਅਤੇ ਬਾਪ ਨੇ ਬਹੁਤ ਜ਼ੋਰ ਦਿੱਤਾ ਪਰ ਰਮੇਸ਼ ਕੁਮਾਰ ਪੀਣ ਲਈ ਨਾ ਮੰਨਿਆਂ। ਨਵੇਂ ਰਿਸ਼ਤੇਦਾਰਾਂ ਦੀ ਬੌਡੀ ਲੈਂਗੁਵੇਜ

> "ਕਿਆਂ ਇਥੇ ਹਰ ਘਰ ਵਿਚ ਹੀ ਐਹੋ ਜਿਹੇ ਭੋਰੇ ਬਣੇ ਨੇ ਭੈਣ ਜੀ?"
>
> "ਹਾਇ ਤੁਸੀਂ ਆਹ ਵਰਡ ਕੀ ਯੂਜ਼ ਕੀਤਾ ਬੇਸਮੈਂਟ ਬਾਰੇ? ਭੋਰਾ ਕਹਿ ਕੇ ਤਾਂ ਤੁਸੀਂ ਸਾਡੀ ਲਾਹ ਕੇ ਰੱਖ 'ਤੀ। ਮੰਨਿਆ ਕਿ ਹੈ ਤਾਂ ਭੋਰਾ ਹੀ ਪਰ ਇਹੋ ਜਿਹੇ ਇਥੇ ਪੰਜਾਬੀ ਦੇ ਸ਼ਬਦ ਅਸੀਂ ਨਹੀਂ ਬੋਲਦੇ। ਪੜ੍ਹੇ ਲਿਖੇ ਹੋ ਕੇ ਤੁਸੀਂ ਆਹ ਕੀ ਬੋਲ ਦਿੱਤਾ।"

(ਸਰੀਰਕ ਹਾਵ ਭਾਵ-ਸੰ।) ਦਸਦੀ ਸੀ ਕਿ ਉਹ ਇਸ ਗੱਲ ਤੋਂ ਬਹੁਤੇ ਖੁਸ਼ ਨਹੀਂ ਸਨ ਕਿ ਉਨ੍ਹਾਂ ਦੇ ਜਵਾਈ ਦਾ ਬਾਪ ਖਾਣ ਪੀਣ ਵਾਲਾ ਬੰਦਾ ਨਹੀਂ ਸੀ। "ਇਹ ਕਾਹਦੀ ਕੁੜਮਾਚਾਰੀ ਹੋਈ ਭਲਾ? ਜਦੋਂ ਅਸੀਂ ਜਾਵਾਂਗੇ ਤਾਂ ਸਾਨੂੰ ਕਿੱਥੇ ਇਨ੍ਹਾਂ ਨੇ ਡਰਿੰਕ ਵਗੈਰਾ ਔਫ਼ਰ ਕਰਨੀ ਹੈ? ਲੱਸੀ ਪਿਆ ਕੇ ਤੋਰ ਦਿਆ ਕਰਨਗੇ!"

ਭਾਵੇਂ ਪਿੰਕੀ ਦੇ ਮਾਪਿਆਂ ਦਾ ਘਰ ਕਾਫ਼ੀ ਵੱਡਾ ਸੀ। (ਇਸ ਦੀਆਂ ਵੀ ਉਹ ਡੀਂਗਾਂ ਮਾਰੀ ਜਾ ਰਹੇ ਸਨ) ਪਰ ਘਰ ਦੇ ਬਹੁਤੇ ਜੀਅ ਹੋਣ ਕਾਰਨ ਪਰਾਹੁਣਿਆਂ ਦੇ ਸੌਣ ਲਈ ਉਨ੍ਹਾਂ ਕੋਲ ਇਕ ਬੇਸਮੈਂਟ ਹੀ ਸੀ। ਸੋ ਰਮੇਸ਼ ਤੇ ਦਰੋਪਦੀ ਨੂੰ ਉਹ ਦੇ ਦਿੱਤਾ ਗਿਆ। ਦਰੋਪਦੀ ਦੀ ਕੁੜਮਣੀ ਨੇ ਉਨ੍ਹਾਂ ਨੂੰ ਬੇਸਮੈਂਟ ਦਿਖਾਉਂਦਿਆਂ ਕਿਹਾ, "ਭੈਣ ਜੀ, ਲੋਕੀਂ ਤਾਂ ਇਥੇ ਬੇਸਮੈਂਟਾਂ ਵਿਚ ਰਹਿਣ ਲਈ ਤਰਸਦੇ ਆ। ਪੂਰੀ ਪ੍ਰਾਈਵੇਸੀ ਆ ਇਥੇ। ਕੋਈ ਡਿਸਟਰਬ ਨਹੀਂ ਕਰਦਾ ਇਥੇ। ਉਪਰ ਤਾਂ ਡੋਰ ਦੀ ਘੰਟੀ ਵਜਦੀ ਹੀ ਰਹਿੰਦੀ ਐ। ਸਾਡੀ ਇਥੇ ਵਾਕਫ਼ੀ ਜੁ ਬਹੁਤ ਆ। ਸੁਖ ਨਾਲ ਰਿਸ਼ਤੇਦਾਰੀਆਂ ਵੀ ਬਥੇਰੀਆਂ।"

"ਕਿਆਂ ਇਥੇ ਹਰ ਘਰ ਵਿਚ ਹੀ ਐਹੋ ਜਿਹੇ ਭੋਰੇ ਬਣੇ ਨੇ ਭੈਣ ਜੀ?" ਰਮੇਸ਼ ਦੀ ਬੀਵੀ ਨੇ ਘੱਟ ਲਾਈਟ ਤੇ ਬੇਸਿਕ ਜਿਹੇ (ਮਾੜੇ ਮੋਟੇ-ਸੰ।) ਫ਼ਰਨੀਚਰ ਵੱਲ ਦੇਖਦਿਆਂ ਸਹਿਜ ਭਾਅ ਹੀ ਪੁੱਛਿਆ ਤਾਂ ਰਵੇਲ ਦੀ ਸੱਸ ਕੁਝ ਖੁਰ੍ਹਦਰੀ ਜਿਹੀ ਆਵਾਜ਼ ਵਿਚ ਬੋਲੀ, "ਹਾਇ ਤੁਸੀਂ ਆਹ ਵਰਡ ਕੀ ਯੂਜ਼ ਕੀਤਾ (ਵਰਤਿਆ-ਸੰ।) ਬੇਸਮੈਂਟ ਬਾਰੇ? ਭੋਰਾ ਕਹਿ ਕੇ ਤਾਂ ਤੁਸੀਂ ਸਾਡੀ ਲਾਹ ਕੇ ਰੱਖ 'ਤੀ। ਮੰਨਿਆ ਕਿ ਹੈ ਤਾਂ ਭੋਰਾ ਹੀ ਪਰ ਇਹੋ ਜਿਹੇ ਇਥੇ ਪੰਜਾਬੀ ਦੇ ਸ਼ਬਦ ਅਸੀਂ ਨਹੀਂ ਬੋਲਦੇ। ਪੜ੍ਹੇ ਲਿਖੇ ਹੋ ਕੇ ਤੁਸੀਂ ਆਹ ਕੀ ਬੋਲ ਦਿੱਤਾ। ਸਾਡਾ ਬੇਸਮੈਂਟ ਤਾਂ ਬਹੁਤ ਕੁਆਲਟੀ ਵਾਲਾ। ਇਹੋ ਜਿਹੇ ਬੇਸਮੈਂਟ ਦੇ ਤਾਂ ਇਥੇ ਸੱਤ ਅੱਠ ਸੌ ਡਾਲਰ ਮਿਲ ਜਾਂਦੇ ਆ ਕਿਰਾਏ 'ਤੇ ਦਿਓ ਤਾਂ। ਪਰ ਸਾਡੇ ਸਰਦਾਰ ਜੀ ਕਹਿੰਦੇ ਆ ਕਿ ਅਸੀਂ ਨਹੀਂ ਆਪਣਾ ਬੇਸਮੈਂਟ ਕਿਰਾਏ 'ਤੇ ਦੇਣਾ। ਇਥੇ ਪ੍ਰਾਹੁਣਿਆਂ ਨੂੰ ਸੁਆਇਆ ਕਰਾਂਗੇ।" ਫੇਰ ਉਸਨੇ ਬਾਥਰੂਮ ਤੇ ਕਲੀ ਟੌਇਲਟ ਦਿਖਾਉਂਦਿਆਂ ਕਿਹਾ, "ਫੇਰ ਭੈਣ ਜੀ, ਤੁਸੀਂ ਇਹ ਦੱਸੋ ਕਿ ਡਾਲਰਾਂ ਨੇ ਕਿਤੇ ਨਾਲ ਚਲੇ ਜਾਣਾ? ਇਥੇ ਹੀ ਸਭ ਕੁਝ ਰਹਿ ਜਾਣਾ। ਭੈਣ ਜੀ, ਆਹ ਟੌਇਲਟ ਬਾਥਰੂਮ ਕਲੀਨ ਰੱਖਿਓ। ਇਥੇ ਕੋਈ ਨੀਵੀਆਂ ਜਾਤੀਆਂ ਵਾਲੇ ਲੋਕ ਨਹੀਂ ਹਨ। ਸਭ ਬਰਾਬਰ ਹੀ ਹਨ। ਕੀ ਕਰੀਏ? ਕੋਈ ਸੁੱਚਮ ਨਹੀਂ। ਸਾਡੇ ਪਿੰਡ ਦੇ ਭੰਗੀ ਦਾ ਮਹਿਲਾਂ ਵਰਗਾ ਘਰ ਆ। ਪੰਜ ਪੁੱਤ ਆ ਭਲਵਾਨਾਂ ਵਰਗੇ। ਡਾਲਰਾਂ ਦਾ ਢੇਰ ਲਾਈ ਜਾਂਦੇ ਆ। ਜੀਹਦੇ ਡੌਲਿਆਂ ਵਿਚ ਜਾਨ ਆ ਉਹ ਤਾਂ ਇਥੇ ਕਿਸੇ ਨੂੰ ਇਥੇ ਕੁਝ ਸਮਝਦਾ ਹੀ ਨਹੀਂ। ਭਸ ਹਿੰਮਤ ਚਾਹੀਦੀ ਆ। ਬਸ ਹਿੰਮਤ ਅੱਗੇ ਲਕਸ਼ਮੀ ਪੱਖੇ ਅੱਗੇ ਪੌਣ।"

ਫੇਰ ਉਸ ਨੇ ਇਕ ਕੋਨੇ ਵੱਲ ਇਸ਼ਾਰਾ ਕਰਦਿਆਂ ਕਿਹਾ, " ਭੈਣ ਜੀ, ਘਾਰਬੇਜ ਤੇ ਟਰੈਸ਼ ਉਹਨਾਂ ਕਾਲੇ ਬੈਗਾਂ ਵਿਚ ਪਾ ਕੇ ਗੈਰਜ ਵਿਚ ਪਈਆਂ ਟਰੈਸ਼ ਬਿਨ ਵਿਚ ਸੁੱਟਿਓ। ਇਥੇ ਹਰ ਟਿਊਜ਼ਡੇ ਟਰੈਸ਼ ਕਲੈਕਸ਼ਨ ਹੁੰਦੀ ਆ।" ਫੇਰ ਕਚਰਾ ਹੱਸਾ ਹੱਸਦੀ ਹੋਈ ਬੋਲੀ, " ਕੱਲ੍ਹ ਨੂੰ ਤੁਹਾਨੂੰ ਇਸ ਭੋਰੇ ਦੀ ਚਾਬੀ ਦੀ ਸਪੇਅਰ ਕਾਪੀ ਵੀ ਬਣਵਾਅ ਦਿਆਂਗੇ। ਜਦੋਂ ਮਰਜ਼ੀ ਆਓ ਜਦੋਂ ਮਰਜ਼ੀ ਜਾਓ। ਰੋਟੀ ਉਪਰ ਆ ਕੇ

ਖਾ ਲਿਆ ਕਰਿਓ। ਅਸੀਂ ਸ਼ਹਿਰੀ ਬਾਣੀਏਂ ਨਹੀਂ। ਮੌਜਾਂ ਕਰੋ। ਵਾਹਿਗੁਰੂ ਨੇ ਬਥੇਰਾ ਦਿੱਤਾ ਹੋਇਆ। ਭਸ ਦੁਹਤਾ ਹੋ ਜਾਏ ਮੇਰੇ। ਫਿਰ ਭਾਗ ਲੱਗਣੇ ਨੇ ਇਸ ਘਰ ਨੂੰ।''

ਉਹ ਦੋਵੇਂ ਛਿੱਥੇ ਜਿਹੇ ਪੈ ਗਏ। ਬਾਣੀਆ ਸ਼ਬਦ ਹੀ ਉਨ੍ਹਾਂ ਨੂੰ ਬੜਾ ਚੁਭਿਆ ਤੇ ਇਹ ਗੱਲ ਵੀ ਬੁਰੀ ਲੱਗੀ ਕਿ ਇਹ ਔਰਤ ਦੁਹਤਾ ਹੀ ਚਾਹੁੰਦੀ ਹੈ ਦੁਹਤੀ ਨਹੀਂ। ਦਰੋਪਦੀ ਤੋਂ ਇਹ ਕਹਿਣੋਂ ਰੁਕਿਆ ਨਾ ਗਿਆ, ''ਭੈਣ ਜੀ, ਜੇ ਦੁਹਤੀ ਹੋ ਗਈ?''

ਉਸ ਨੂੰ ਇਕਦਮ ਮੋੜਵਾਂ ਉੱਤਰ ਮਿਲਿਆ, '' ਸੁਖ ਬੋਲੋ ਜੀ।'' ਪਰ ਫਿਰ ਹਉਕਾ ਭਰ ਕੇ ਦਰੋਪਦੀ ਦੀ ਕੁੜਮਣੀ ਬੋਲੀ, '' ਚਲੋ ਜੇ ਦੋਹਤੀ ਤਾਂ ਦੋਹਤੀ ਹੀ ਸਹੀ। ''ਜੋ ਕਰਮਾਂ ਵਿਚ ਲਿਖਿਆ ਉਹੋ ਹੁੰਦਾ। ਕੰਨਿਆ ਦੇਵੀ ਆ ਗਈ ਤਾਂ ਆਪੇ ਆਪਣੇ ਭਾਗ ਨਾਲ ਲਿਆਊ।'' ਸਾਫ਼ ਜ਼ਾਹਿਰ ਸੀ ਕਿ ਇਸ ਘਰ ਵਿਚ ਨਵੀਂ ਕੁੜੀ ਨੂੰ ਵੈਲਕਮ ਨਹੀਂ ਕੀਤਾ ਜਾਵੇਗਾ। ਇਸ ਬਹੁਤ ਬੋਲਣ ਵਾਲੀ ਔਰਤ ਤੋਂ ਉਨ੍ਹਾਂ ਨੂੰ ਉਦੋਂ ਰਾਹਤ ਮਿਲੀ ਜਦੋਂ ਰਵੇਲ ਵੀ ਨੀਚੇ ਆ ਗਿਆ ਤੇ ਪਿੰਕੀ ਵੀ। ਨੂੰਹ ਰਾਣੀ ਨੇ ਆਉਂਦਿਆਂ ਹੀ ਪੁੱਛਿਆ, ''ਆਰ ਯੂ ਕਮਫ਼ਰਟੇਬਲ ਮੰਮ ਐਂਡ ਡੈਡ? ਐਨੀ ਪਰੌਬਲਮ ਹੋਵੇ ਤਾਂ ਪਲੀਜ਼ ਮੇਰੀ ਮੰਮ ਨੂੰ ਦੱਸ ਦਿਓ। ਸ਼ੀ ਵਿਲ ਸੋਰਟ ਇਟ ਆਊਟ ਸਟ੍ਰੇਟ ਅਵੇਅ।'' ਮੈਨੂੰ ਬਹੁਤ ਖੁਸ਼ੀ ਹੋ ਰਹੀ ਔਟ ਟੂ ਸੀ ਯੂ ਹਿਅਰ। ਔਨੈਸਟ! ਮੈਂ ਝੂਠ ਨਹੀਂ ਬੋਲਦੀ। ਆਸਕ ਰਵੇਲ ਹਾਓ ਹੈਪੀ ਆਇ ਐਮ। ਇਜ਼ ਇਟ ਨੌਟ ਸੋ, ਰਵੇਲ ਡਾਰਲਿੰਗ?''

''ਅਫ਼ ਕੋਰਸ ਪਿੰਕੀ। ਇਹ ਵੀ ਕੋਈ ਕਹਿਣ ਵਾਲੀ ਗੱਲ ਹੈ? ਮਾਇ ਪੇਰੈਂਟਸ ਆਰ ਯੂਅਰ ਪੇਰੈਂਟਸ।'' ਰਵੇਲ ਦਾ ਅਗਲਾ ਵਾਕ ਪਿੰਕੀ ਨੇ ਪੂਰਾ ਕਰ ਦਿੱਤਾ,'' ਐਂਡ ਮਾਇ ਪੇਅਰੈਂਟਸ ਆਰ ਯੂਅਰ ਪੇਅਰੈਂਟਸ।'' ਸੱਭ ਹੱਸ ਪਏ। ਸਿਰਫ਼ ਪਿੰਕੀ ਦੀ ਮਾਂ ਹੀ ਨਹੀਂ ਸੀ ਹੱਸੀ। ਜਾਂ ਤਾਂ ਉਸ ਨੂੰ ਅੰਗ੍ਰੇਜ਼ੀ ਵਿਚ ਕਹੀ ਹੋਈ ਗੱਲ ਸਮਝ ਨਹੀਂ ਸੀ ਪਈ ਜਾਂ ਉਸ ਨੂੰ ਵੈਸੇ ਇਹ ਸਭੋ ਹੱਸਦੇ ਚੰਗੇ ਨਹੀਂ ਸੀ ਲੱਗੇ।

ਰਵੇਲ ਦੇ ਮਾਂ ਬਾਪ ਨੀਂਦਰ ਅਤੇ ਥਕੇਵੇਂ ਨਾਲ ਟੁੱਟੇ ਪਏ ਸਨ। ਪੁੱਤਰ ਅਤੇ ਨੂੰਹ ਰਾਣੀ ਨੇ ਦੋਹਾਂ ਦੀਆਂ ਗੱਲ੍ਹਾਂ ਉਪਰ ਬੋਸੇ-ਚੁੰਮਣ ਦਿੱਤੇ ਅਤੇ ਗੁਡ ਨਾਈਟ ਕਹਿ ਕੇ ਉਪਰ ਚਲੇ ਗਏ। ਤੇ ਇਹ ਵੀ ਭਰੋਸਾ ਦੁਵਾਅ ਗਏ ਕਿ ਉਹ ਉਨ੍ਹਾਂ ਦਾ ਬਹਤ ਖਿਆਲ ਰੱਖਣਗੇ ਤੇ ਉਨ੍ਹਾਂ ਦਾ ਕੈਨੇਡਾ ਦਾ ਸਫ਼ਰ ਸੁਖਾਵਾਂ ਬਨਾਉਣ ਲਈ ਯਤਨਸ਼ੀਲ ਰਹਿਣਗੇ। ਰਮੇਸ਼ ਕੁਮਾਰ ਤੇ ਮਿਸਜ਼ ਰਮੇਸ਼ ਉਨ੍ਹਾਂ ਦੀ ਇਸ ਗੱਲ ਤੋਂ ਬਹੁਤ ਖੁਸ਼ ਹੋਏ। ਉਹ ਕੁੜਮਣੀ ਦੀਆਂ ਕੁਸੈਲੀਆਂ ਗੱਲਾਂ ਭੁੱਲ ਗਏ।

ਉਨ੍ਹਾਂ ਦੀ ਕੁੜਮਣੀ ਦੀ ਇੱਛਾ ਤੋਂ ਉਲਟ ਪਿੰਕੀ ਨੂੰ ਹੋਈ ਕੁੜੀ ਹੀ। ਘਰ ਸੋਗਵਾਰ ਹੋ ਗਿਆ। ਕੁੜਮਣੀ ਨੇ ਕਿਸੇ ਔਰਤ ਨੂੰ ਦੱਸਿਆ, ''ਆਹ ਭੋਰੇ ਵਾਲਿਆਂ ਦੇ ਮੂੰਹੋਂ ਜੋ ਚੰਦਰੀ ਗੱਲ ਨਿਕਲੀ ਸੀ ਕਿ ਕੁੜੀ ਹੋਣੀ ਹੈ।''

ਦਰੋਪਦੀ ਨੂੰ ਪਤਾ ਚੱਲਿਆ ਤਾਂ ਉਸ ਨੇ ਚੁੱਪ ਵੱਟਣੀ ਹੀ ਬਿਹਤਰ ਸਮਝੀ। ਉਨ੍ਹਾਂ ਦੇ ਵੱਸ ਜਿਉਂ ਪਏ ਹੋਏ ਸਨ ਤੇ ਉਨ੍ਹਾਂ ਦੇ ਭੋਰੇ ਵਿਚ ਜਿਓਂ ਰਹਿੰਦੇ ਸਨ। ਉਨ੍ਹਾਂ ਦੀ ਕੁੜਮਣੀ ਜਾਣ ਬੁੱਝ ਕੇ ਉਨ੍ਹਾਂ ਨੂੰ ਭੋਰੇ ਵਾਲੇ ਕਹਿੰਦੀ ਸੀ। ਜ਼ਾਹਰ ਹੈ ਕਿ ਉਹ ਦਰੋਪਦੀ ਦੀ ਉਹ ਗੱਲ ਨਹੀਂ ਸੀ ਭੁੱਲੀ ਜਿਹੜੀ ਉਸ ਨੇ ਪਹਿਲੇ ਦਿਨ ਹੀ ਕਹਿ ਦਿੱਤੀ ਸੀ – ਭਾਵ ਉਸ ਨੇ ਬੇਸਮੈਂਟ ਨੂੰ ਭੋਰਾ ਕਹਿ ਦਿੱਤਾ ਸੀ।

ਹੌਲੀ ਹੌਲੀ ਨਵੀਂ ਬੇਬੀ ਪਰਵਾਣਤ ਹੋ ਗਈ। ਬੱਚੀ ਦੀ ਨਾਨੀ ਘੜੀ ਮੁੜੀ ਆਖਦੀ, ''ਚਲੋ ਜੇ ਵਾਹਿਗੁਰੂ ਨੇ ਚਾਹਿਆ ਤਾਂ ਅਗਲੀ ਵਾਰ ਕਾਕਾ ਹੀ ਹੋਵੇਗਾ।'' ਦਰੋਪਦੀ ਹੈਰਾਨ ਸੀ ਕਿ ਇਹ ਤਾਂ ਕੁੜੀ ਦੀ ਨਾਨੀ ਹੈ। ਦਾਦੀ ਨਹੀਂ। ਇਹ ਗੱਲਾਂ ਤਾਂ ਦਾਦੀ ਨੂੰ ਕਰਨੀਆਂ ਚਾਹੀਦੀਆਂ ਸਨ। ਇਹੋ ਜਿਹੀਆਂ ਗੱਲਾਂ ਦਰੋਪਦੀ ਕਰ ਹੀ ਨਹੀਂ ਸੀ ਸਕਦੀ। ਉਸ ਲਈ ਤਾਂ ਮੁੰਡੇ ਅਤੇ ਕੁੜੀ ਵਿਚ ਕੋਈ ਫ਼ਰਕ ਹੀ ਨਹੀਂ ਸੀ ਲਗਦਾ। ਇਹ ਸਭ ਭਗਵਾਨ ਦੀ ਲੀਲ੍ਹਾ ਹਨ। ਇਸਤ੍ਰੀ ਹੀ ਜਨਨੀ ਹੈ ਸਾਰੇ ਜਗਤ ਦੀ। 'ਸੋ ਕਿਓ ਮੰਦਾ ਆਖੀਐ ਜਿਸੁ ਜੰਮੇ ਰਾਜਾਨੁ'...। ਪਰ ਦਰੋਪਦੀ ਨੂੰ ਪਤਾ ਸੀ ਕਿ ਕੈਨੇਡਾ ਵਿਚ ਸਮਾਜੀ ਰਿਸ਼ਤਿਆਂ ਦੀਆਂ ਕੀਮਤਾਂ ਬਦਲੀਆਂ ਹੋਈਆਂ ਹਨ। ਕੁੜੀ ਦੇ ਜੰਮਣ ਦਾ ਗ਼ਮ ਹੋਣਾ

ਪਿੰਕੀ ਦੀ ਮਾਂ ਕਿਸੇ ਨਾ ਕਿਸੇ ਬਹਾਨੇ ਬੇਬੀ ਨੂੰ ਉਨ੍ਹਾਂ ਤੋਂ ਲੈ ਲੈਂਦੀ। ਜਦੋਂ ਉਹ ਇਕ ਦਿਨ ਬੇਬੀ ਨੂੰ ਬੇਸਮੈਂਟ ਵਿਚ ਲੈ ਗਏ ਤਾਂ ਉਨ੍ਹਾਂ ਨੇ ਪਿੰਕੀ ਦੀ ਮਾਂ ਨੂੰ ਕਹਿੰਦਿਆਂ ਸੁਣਿਆ, ''ਕੁੜੀ ਨੂੰ ਭੋਰੇ ਵਾਲਿਆਂ ਕੋਲ ਨਾ ਬਹੁਤਾ ਛੱਡਿਆ ਕਰ। ਓਥੇ ਨਾ ਕਿਤਿਓਂ ਫ਼ਰੈੱਸ਼ ਏਅਰ ਆਉਂਦੀ ਆ ਤੇ ਨਾ ਹੀ ਬਾਹਰਲੀ ਲਾਈਟ। ਸਿੱਕ ਹੋ ਸਕਦੀ ਹੈ ਨਿਆਣੀ ਕੁੜੀ।''

ਤਾਂ ਚਾਹੀਦਾ ਸੀ ਕੁੜੀ ਦੀ ਦਾਦੀ ਨੂੰ (ਜਿਹੜਾ ਕਿ ਹੋ ਹੀ ਨਹੀਂ ਸੀ ਸਕਦਾ) ਪਰ ਹੋ ਨਾਨੀ ਨੂੰ ਰਿਹਾ ਹੈ। ਗੰਗਾ ਉਲਟੀ ਵਗ ਰਹੀ ਸੀ ਕੈਨੇਡਾ ਵਿਚ। 15

ਸਵੇਰਾ ਹੁੰਦਾ ਤਾਂ ਰਵੇਲ ਤਾਂ ਕੰਮ ਉਤੇ ਚਲਾ ਜਾਂਦਾ ਪਰ ਪਿੰਕੀ ਘਰ ਹੀ ਹੁੰਦੀ ਕਿਓਂਕਿ ਉਹ ਮੈਟਰਨਿਟੀ ਲੀਵ ਅਤੇ ਜੋ ਸੀ। ਦਰੋਪਦੀ ਤੇ ਉਹਦਾ ਖਾਵੰਦ ਭੋਰੇ ਤੋਂ ਬਾਹਰ ਆ ਕੇ ਉਪਰਲੇ ਹਿੱਸੇ ਵਿਚ ਆਉਂਦੇ ਤਾਂ ਬੇਬੀ ਨਾਲ ਖੇਡਣ ਲਗਦੇ ਪਰ ਉਨ੍ਹਾਂ ਨੇ ਦੇਖਿਆ ਕਿ ਪਿੰਕੀ ਦੀ ਮਾਂ ਕਿਸੇ ਨਾ ਕਿਸੇ ਬਹਾਨੇ ਬੇਬੀ ਨੂੰ ਉਨ੍ਹਾਂ ਤੋਂ ਲੈ ਲੈਂਦੀ। ਜਦੋਂ ਉਹ ਇਕ ਦਿਨ ਬੇਬੀ ਨੂੰ ਬੇਸਮੈਂਟ ਵਿਚ ਲੈ ਗਏ ਤਾਂ ਉਨ੍ਹਾਂ ਨੇ ਪਿੰਕੀ ਦੀ ਮਾਂ ਨੂੰ ਕਹਿੰਦਿਆਂ ਸੁਣਿਆ, ''ਕੁੜੀ ਨੂੰ ਭੋਰੇ ਵਾਲਿਆਂ ਕੋਲ ਨਾ ਬਹੁਤਾ ਛੱਡਿਆ ਕਰ। ਓਥੇ ਨਾ ਕਿਤਿਓਂ ਫ਼ਰੈੱਸ਼ ਏਅਰ ਆਉਂਦੀ ਆ ਤੇ ਨਾ ਹੀ ਬਾਹਰਲੀ ਲਾਈਟ। ਸਿੱਕ ਹੋ ਸਕਦੀ ਹੈ ਨਿਆਣੀ ਕੁੜੀ।'' ਉਸ ਦਿਨ ਤੋਂ ਬਾਅਦ ਉਹ ਕੁੜੀ ਨੂੰ ਨੀਚੇ ਨਾ ਲੈ ਕੇ ਗਏ। ਉਹ ਬੇਹੱਦ ਉਦਾਸ ਰਹਿਣ ਲੱਗੇ। ਇਹ ਕੀ ਭਾਣਾ ਵਰਤ ਗਿਆ ਹੈ ਉਨ੍ਹਾਂ ਨਾਲ? ਚਾਅ ਤਾਂ ਨਵੀਂ ਬੇਬੀ ਦੇ ਉਨ੍ਹਾਂ ਨੇ ਕਰਨੇ ਸਨ ਪਰ ਗੱਲ ਉਲਟ ਹੋ ਰਹੀ ਹੈ। ਉਨ੍ਹਾਂ ਨੂੰ ਤਾਂ ਆਪਣੀ ਪੋਤੀ ਨੂੰ ਗੋਦੀ

ਭੋਰੇ ਵਾਲੇ

ਸਾਥੀ ਲੁਧਿਆਣਵੀ-ਲੰਡਨ

ਕਹਾਣੀ

ਵਿਚ ਲੈ ਕੇ ਖਿਡਾਉਣ ਦੀ ਵੀ ਇਜਾਜ਼ਤ ਨਹੀਂ ਸੀ। ਹਨੇਰ ਸਾਈਂ ਦਾ।

ਇਕ ਦਿਨ ਰਮੇਸ਼ ਕੁਮਾਰ ਨੇ ਆਪਣੇ ਦਿਲ ਦੀ ਗੱਲ ਰਵੇਲ ਨੂੰ ਕਹਿ ਹੀ ਦਿੱਤੀ ਕਿ ਭਾਈ ਜਾਂ ਤਾਂ ਦੋ ਤਿੰਨ ਬੈਡਰੂਮ ਵਾਲਾ ਘਰ ਕਿਰਾਏ 'ਤੇ ਲੈ ਲੈ ਜਾਂ ਫਿਰ ਪੁੱਤਰਾ ਆਪਾਂ ਵਾਪਸ ਚੱਲਦੇ ਹਾਂ। ਕੁੜਮਾਂਚਾਰੀ ਵਿਚ ਸਾਥੋਂ ਨੀ ਰਿਹਾ ਜਾਂਦਾ।

ਰਵੇਲ ਮਾਂ ਬਾਪ ਦੀ ਗੱਲ ਸਮਝਦਾ ਸੀ। ਉਸ ਨੇ ਸੱਚ ਦੱਸ ਦਿੱਤਾ, "ਪਾਪਾ ਤੇ ਮੰਮੀ ਜੀ, ਪਿੰਕੀ ਡਜ਼ ਨੌਟ ਐਗਰੀ ਟੂ ਮੂਵ। ਉਹ ਨਹੀਂ ਛੱਡਣਾ ਚਾਹੁੰਦੀ ਆਪਣੇ ਮਾਂ ਬਾਪ ਨੂੰ। ਮੈਂ ਕੀ ਕਰਾਂ? ਇਥੇ ਤਾਂ ਮੈਰੇਜ ਵੀ ਬੜੀ ਛੇਤੀ ਟੁੱਟਦੀ ਆ। ਔਨ ਟੌਪ ਔਫ਼ ਦੈਟ ਮੇਰੀ ਅਜੇ ਪਰਮਾਨੇਂਟ ਇਮੀਗ੍ਰੇਸ਼ਨ ਵੀ ਨਹੀਂ ਹੋਈ। ਸਿਟੀਜ਼ਨਸ਼ਿਪ ਲੈਣ ਲਈ ਵੀ ਕਾਫ਼ੀ ਸਮਾਂ ਲਗਦਾ ਹੈ। ਕੈਨੇਡੀਅਨ ਸਰਕਾਰ ਸ਼ਿਓਰ ਹੋਣਾ ਚਾਹੁੰਦੀ ਹੈ ਕਿ ਬਾਹਰੋਂ ਆਇਆ ਬੰਦਾ ਕਿਤੇ ਮੈਰਿਜ ਆਫ਼ ਕਨਵੀਨੀਐਂਸ ਕਰਵਾਅ ਕੇ ਤਾਂ ਕੈਨੇਡਾ ਨਹੀਂ ਆਇਆ?"

"ਪੁੱਤਰ ਤੂੰ ਮੇਰੇਜ ਟੁੱਟਣ ਵਾਲੀ ਗੱਲ ਨਾ ਕਰ," ਦਰੋਪਦੀ ਡਰ ਗਈ, "ਤੁਸੀਂ ਸੁੱਖੀਂ ਸਾਂਦੀਂ ਵੱਸੋ। ਅਸੀਂ ਚਲੇ ਜਾਂਦੇ ਹਾਂ ਵਾਪਿਸ ਇੰਡੀਆ। ਡੋਂਟ ਵੱਰੀ ਅਬਾਊਟ ਅਸ। ਅਸੀਂ ਉਥੇ ਹੀ ਚੰਗੇ ਹਾਂ।"

ਰਮੇਸ਼ ਕੁਮਾਰ ਨੇ ਦਰੋਪਦੀ ਨਾਲ ਸਹਿਮਤੀ ਜ਼ਾਹਰ ਕਰਦਿਆਂ ਬੇਟੇ ਨੂੰ ਕਿਹਾ, "ਯੂ ਲਿਵ ਹੈਪਿਲੀ ਮਾਇ ਬੁਆਏ। ਹੌਲੀ ਹੌਲੀ ਮੰਨ ਜਾਵੇਗੀ ਪਿੰਕੀ ਵੀ ਮੂਵ ਹੋਣ ਵਾਸਤੇ। ਇਟ ਇਜ਼ ਅ ਮੈਟਰ ਆਫ਼ ਟਾਈਮ ਓਨਲੀ। ਨਾਲੇ ਭਰਾਵਾਂ ਭਰਜਾਈਆਂ ਕੋਲ ਬਹੁਤੀ ਦੇਰ ਨਹੀਂ ਟਿਕਿਆ ਜਾ ਸਕਦਾ ਹੁੰਦਾ।"

ਰਮੇਸ਼ ਕੁਮਾਰ ਨੇ ਆਪਣੇ ਦਿਲ ਦੀ ਉਹ ਗੱਲ ਨਾ ਦੱਸੀ ਕਿ ਉਹ ਚਾਹੁੰਦਾ ਹੈ ਕਿ ਉਹ ਤਾਂ ਚਾਹੁੰਦੇ ਸਨ ਕਿ ਉਹ ਆਪਣੀ ਬੀਵੀ ਬੱਚੀ ਸਮੇਤ ਵਾਪਿਸ ਇੰਡੀਆ ਆ ਜਾਵੇ। ਉਥੇ ਕਿਸੇ ਗੱਲ ਦਾ ਘਾਟਾ ਨਹੀਂ। ਪਰ ਇਥੇ ਤਾਂ ਗੱਲ ਹੀ ਹੋਰ ਹੈ ਕਿਉਂਕਿ ਜਿਹੜੀ ਕੁੜੀ ਆਪਣੇ ਮਾਂ ਬਾਪ ਨੂੰ ਇਥੇ ਨਹੀਂ ਛੱਡ ਸਕਦੀ ਉਹ ਇਨ੍ਹਾਂ ਨੂੰ ਛੱਡ ਕੇ

"ਪੁੱਤਰ ਤੂੰ ਮੇਰੇਜ ਟੁੱਟਣ ਵਾਲੀ ਗੱਲ ਨਾ ਕਰ," ਦਰੋਪਦੀ ਡਰ ਗਈ, "ਤੁਸੀਂ ਸੁੱਖੀਂ ਸਾਂਦੀਂ ਵੱਸੋ। ਅਸੀਂ ਚਲੇ ਜਾਂਦੇ ਹਾਂ ਵਾਪਿਸ ਇੰਡੀਆ। ਡੋਂਟ ਵੱਰੀ ਅਬਾਊਟ ਅਸ। ਅਸੀਂ ਉਥੇ ਹੀ ਚੰਗੇ ਹਾਂ।"

ਇੰਡੀਆ ਕਿਵੇਂ ਜਾ ਸਕਦੀ ਹੈ?

ਰਵੇਲ ਉਦਾਸ ਸੀ ਪਰ ਉਹ ਵਾਕਈ ਪਿੰਕੀ ਨੂੰ ਪਿਆਰ ਕਰਦਾ ਸੀ। ਹੁਣ ਤਾਂ ਉਹ ਇਕ ਬੱਚੇਦਾ ਬਾਪ ਵੀ ਬਣ ਗਿਆ ਸੀ। ਉਸ ਨੇ ਆਪਣੇ ਮਾਂ ਬਾਪ ਨੂੰ ਤਸੱਲੀ ਦਿੱਤੀ, "ਪਾਪਾ ਮੰਮੀ, ਡੋਂਟ ਵਰੀ। ਮੈਂ ਛੇਤੀ ਹੀ ਮੈਕਡੌਨਲਡ ਦੀ ਇਸ ਬ੍ਰਾਂਚ ਦਾ ਮੈਨੇਜਰ ਬਣ ਰਿਹਾ ਹਾਂ ਕਿਉਂਕਿ ਮੈਨੇਜਮੈਂਟ ਮੇਰੇ ਕੰਮ ਤੋਂ ਬਹੁਤ ਖੁਸ਼ ਹੈ। ਦੇ ਹੈਵ ਈਵਨ ਇੰਡੀਕੇਟਜ਼ ਦੈਟ ਆਈ ਵਾਜ਼ ਮੈਨੇਜਮੈਂਟ ਕੁਆਲਿਟੀ। ਮੈਂ ਪਿੰਕੀ ਨੂੰ ਮਨਾਉਣ ਦੀ ਕੋਸ਼ਿਸ਼ ਜ਼ਰੂਰ ਕਰੂੰਗਾ। ਆਪਣਾ ਰੈਜ਼ੀਡੈਂਸ ਯਾਨੀ ਕਿ ਘਰ ਹੋਇਆ ਤਾਂ ਫਿਰ ਤੁਸੀਂ ਵੀ ਇਥੇ ਹੀ ਆ ਜਾਇਓ। ਡੂ ਯੂ ਨੋਅ ਕਿ ਅਗਰ ਤੁਸੀਂ ਇਥੇ ਦਸ ਸਾਲ ਰਹਿ ਲਓ ਸਰਕਾਰ ਤੁਹਾਨੂੰ ਓਲਡ ਏਜ ਪੈਂਸ਼ਨ ਲਗਾ ਦੇਵੇਗੀ।

ਪੁੱਤਰ ਦੀ ਖੁਸ਼ੀ ਦੇਖ ਕੇ ਮਿਸਟਰ ਅਤੇ ਮਿਸਜ਼ ਕੁਮਾਰ ਤੋਂ ਮਨ ਦੀ ਇਹ ਗੱਲ ਨਾ ਕਹੀ ਗਈ ਕਿ ਕਮਲਿਆ, ਇਥੋਂ ਦੀਆਂ ਪੈਨਸ਼ਨਾਂ ਆਪਾਂ ਕੀ ਕਰਨੀਆਂ ਨੇ? ਓਥੇ ਇੰਡੀਆ ਵਿਚ ਸਾਡੇ ਕੋਲ ਕੋਈ ਕਮੀ ਹੈ ਕਿਆ?

ਮਿਸਟਰ ਐਂਡ ਮਿਸਜ਼ ਕੁਮਾਰ ਦਾ ਵਾਪਿਸ ਇੰਡੀਆ ਜਾਣ ਦਾ ਟਾਈਮ ਆ ਗਿਆ ਸੀ। ਉਹ ਪੂਰੇ ਪੰਜ ਮਹੀਨੇ ਕੈਨੇਡਾ ਵਿਚ ਰਹਿ ਕੇ ਚਾਲੇ ਸਨ। ਇਹ ਮਹੀਨੇ ਪੁੱਤਰ, ਨੂੰਹ ਤੇ ਹੁਣ ਨਵੀਂ ਬੇਬੀ ਕਰਕੇ ਹੀ ਕਿਸੇ ਤਰ੍ਹਾਂ ਕੱਟੇ ਗਏ ਸਨ ਵਰਨਾ ਇਹ ਗੱਲ ਉਨ੍ਹਾਂ ਦੇ ਖ਼ੁਆਬ ਵਿਚ ਵੀ ਨਹੀਂ ਸੀ ਆ ਸਕਦੀ ਕਿ ਉਹ ਇਸ ਢੰਗ ਨਾਲ ਰਹਿ ਸਕਦੇ ਸਨ। ਅਖੀਰਲੀ ਰਾਤ ਉਨ੍ਹਾਂ ਦਾ ਬੇਟਾ ਰਵੇਲ ਉਨ੍ਹਾਂ ਕੋਲ ਹੀ ਸੁੱਤਾ। ਮਾਂ ਬਾਪ ਉਸ ਨੂੰ ਕੋਈ ਇਹੋ ਜਿਹੀ ਗੱਲ ਨਹੀਂ ਸੀ ਕਹਿਣਾ ਚਾਹੁੰਦੇ ਜਿਸ ਨਾਲ ਕਿਸੇ ਗੱਲੇ ਵੀ ਉਸਦਾ ਦਿਲ ਦੁਖੇ ਤੇ ਉਹ ਵੀ ਇੰਡੀਆ ਵਿਚ ਏਦਾ ਦੀ ਗੱਲ ਨੂੰ ਸੋਚ ਸੋਚ ਕੇ ਉਦਾਸ ਹੋਈ ਜਾਣ। ਸਾਰੇ ਦਿਨ ਦਾ ਥੱਕਿਆ ਹੋਇਆ ਰਵੇਲ ਛੇਤੀ ਹੀ ਸੌਂ ਗਿਆ। ਉਸਦੇ ਮਾਂ ਬਾਪ ਸਾਰੀ ਰਾਤ ਉੱਕਾ ਹੀ ਸੁੱਤੇ ਨਾ। ਉਹ ਆਪਣੇ ਬੇਟੇ ਦਾ ਚਿਹਰਾ ਹੀ ਨਿਹਾਰਦੇ ਰਹੇ। ਕਦੇ ਉਹ ਨਿੱਕਾ ਜਿਹਾ ਬੇਬੀ ਲੱਗਦਾ, ਕਦੇ ਸਕੂਲੀ ਵਿਦਿਆਰਥੀ, ਕਦੇ ਕਾਲਜ ਪੜ੍ਹਦਾ ਨੌਜਵਾਨ ਤੇ ਕਦੇ ਉਹ ਅੱਜ ਦੀ ਰੀਐਲਿਟੀ ਵਿਚ ਕੈਨੇਡਾ ਵਸਦਾ ਇਕ ਬੇਟੀ ਦਾ ਬਾਪ ਲਗਦਾ।

ਏਅਰਪੋਰਟ ਉਥੇ ਉਨ੍ਹਾਂ ਨੂੰ ਸਾਰੇ ਛੱਡਣ ਆਏ। ਰਵੇਲ ਉਦਾਸ ਸੀ ਤੇ ਹੌਲੀ ਹੌਲੀ ਮਾਂ ਬਾਪ ਨੂੰ ਤਸੱਲੀਆਂ ਦਈ ਜਾ ਰਿਹਾ ਸੀ। ਉਹ ਇੰਡੀਆ ਆਵੇਗਾ ਨਵੀਂ ਬੇਬੀ ਨੂੰ ਲੈ ਕੇ। ਉਹ ਆਪਣਾ ਘਰ ਲੈ ਲਵੇਗਾ ਕੈਨੇਡਾ ਵਿਚ। ਫੇਰ ਉਹ ਉਨ੍ਹਾਂ ਨੂ ਇਥੇ ਕੈਨੇਡਾ ਮੰਗਵਾਅ ਲਵੇਗਾ। ਉਹ ਆਪਣੀ ਸਿਹਤ ਦਾ ਖਿਆਲ ਰੱਖਣ। ਪਲੀਜ਼ ਫ਼ੋਨ ਜਲਦੀ ਜਲਦੀ ਕਰਿਆ ਕਰੋ, ਆਦਿ।

ਵਿਛੜਣ ਲੱਗਿਆਂ ਰਵੇਲ ਦੀ ਮਾਂ ਦੀਆਂ ਧਾਹਾਂ ਨਿਕਲ ਗਈਆਂ। ਭਾਪ ਆਪਣੇ ਇਮੋਸ਼ਨਜ਼ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਪਿੰਕੀ ਤਸੱਲੀਆਂ ਦੇ ਰਹੀ ਸੀ। ਬੇਬੀ ਘੂਕ ਸੁੱਤੀ ਪਈ ਸੀ। ਪਿੰਕੀ ਦੀ ਮਾਂ ਇਹੋ ਹੀ ਕਹੀ ਜਾ ਰਹੀ ਸੀ ਕਿ ਸਾਡੀ ਤਾਂ ਤੁਸੀਂ ਰੌਣਕ ਹੀ ਲੈ ਚੱਲੇ ਹੋ। ਸਾਡਾ ਤਾਂ ਬੇਸਮੈਂਟ ਹੀ ਤੁਸੀਂ ਸੁੰਨਾ ਕਰ ਚੱਲੇ ਓ, ਆਦਿ।

ਸਕਿਓਰਿਟੀ ਕਾਊਂਟਰ ਵੱਲ ਵਧਦਿਆਂ ਦਰੋਪਦੀ ਅਤੇ ਰਮੇਸ਼ ਕੁਮਾਰ ਨੇ ਆਖਰੀ ਵੇਰ ਅਲਵਿਦਾ ਆਖੀ। ਰਮੇਸ਼ ਸਿਕਿਓਰਿਟੀ ਅਫ਼ਸਰ ਨੂੰ ਪਾਸਪੋਰਟ ਦੇਣ ਹੀ ਲੱਗਾ ਸੀ ਕਿ ਦਰੋਪਦੀ ਨੇ ਉਨ੍ਹਾਂ ਨੂੰ ਰੋਕਦਿਆਂ ਕਿਹਾ, "ਠਹਿਰੋ ਜੀ ਠਹਿਰੋ। ਮੈਂ ਤਾਂ ਭੁੱਲ ਹੀ ਚੱਲੀ ਸੀ।" ਫਿਰ ਉਸ ਨੇ ਆਪਣੀ ਕੁੜਮਣੀ ਨੂੰ ਵਾਜ ਮਾਰਦਿਆਂ ਤੇ ਪਰਸ ਖੋਲ੍ਹਦਿਆਂ ਕਿਹਾ, "ਮਾਫ਼ ਕਰਨਾ ਭੈਣ ਜੀ, ਮੈਂ ਤਾਂ ਭੁੱਲ ਹੀ ਚੱਲੀ ਸੀ, ਆਹ ਲਵੋ ਆਪਣੇ ਭੋਰੇ ਦੀ ਚਾਬੀ।"

drsathi41@gmail.co.uk

# ਪੁਲ ਕੰਜਰੀ

## ਸੁਭਾਸ਼ ਭਾਸਕਰ

ਕਹਾਣੀ





ਢੰਢੋਰਚੀ ਨੇ ਢੋਲ ਕੁੱਟਣ ਤੋਂ ਬਾਅਦ ਪੂਰੇ ਜ਼ੋਰ ਨਾਲ ਸੰਘ ਪਾੜਵੀਂ ਆਵਾਜ਼ ਕੱਢਦਿਆਂ ਕਿਹਾ,

ਸੁਣੋ! ਸੁਣੋ!! ਸੁਣੋ!!!

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬਘਰ ਵਿਭਾਗ ਨੇ 28.12.2010 ਨੂੰ ਇੱਕ ਅਧਿਸੂਚਨਾ ਜਾਰੀ ਕਰ ਕੇ ਇਤਿਹਾਸਕ ਸਥਾਨ ਧਨੋਇਆ ਕਲਾਂ, ਅੰਮ੍ਰਿਤਸਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਬਣਾਏ ਪੁਲ ਕੰਜਰੀ ਦੀ ਇਤਿਹਾਸਿਕ ਮਹੱਤਤਾ ਨੂੰ ਸਨਮੁੱਖ ਰੱਖਦਿਆਂ ਇਸ ਸਮਾਰਕ ਨੂੰ ਪੰਜਾਬ ਪ੍ਰਾਚੀਨ ਅਤੇ ਇਤਿਹਾਸਕ ਸਮਾਰਕਾਂ ਤੇ ਪੁਰਾਤੱਤਵੀ ਥਾਵਾਂ ਤੇ ਰੀਮੇਨਜ਼ ਐਕਟ, 1964 ਤਹਿਤ ਸੁਰੱਖਿਅਤ ਕਰਾਰ ਦਿੱਤਾ ਹੈ...ਹੈ...ਹੈ। ਲੰਬੀ ਹੇਕ ਲਾਉਂਦਾ ਜਿਉਂ ਹੀ ਮੁਨਿਆਦੀ ਵਾਲਾ ਲੰਘਿਆ ਤਾਂ ਦਰਵਾਜੇ ਬੈਠੀ ਤਾਸ਼ ਦੀ ਢਾਣੀ ਨੇ ਕੰਨ ਚੁੱਕ ਲਏ।

ਪਾਸ਼ੂ ਬੋਲਿਆ, –ਸਰਕਾਰ ਦਾ ਧਿਆਨ ਜੇ ਇੱਧਰ ਆ ਗਿਆ, ਹੁਣ ਸਾਡੇ ਪਿੰਡ ਦੀ ਤਰੱਕੀ ਹੋ ਜੂ।"

ਗੁਰਮੇਲਾ ਕਹਿਣ ਲੱਗਿਆ, –ਚਾਚਾ, ਖਬਰੇ ਆਪਣੇ ਪਿੰਡ ਦਾ ਨਾਂਅ ਈ ਬਦਲ ਦੇਣ। ਜਦੋਂ ਕਿਸੇ ਨੂੰ ਦੱਸਣਾ ਪੈਂਦਾ ਪੁਲ ਕੰਜਰੀ ਦੇ ਆਂ, ਤਾਂ ਬਹੁਤੀ ਏ ਸ਼ਰਮ ਆਉਂਦੀ ਐ।"

–ਇਸ ਤਰ੍ਹਾਂ ਨਾਂਅ ਬਦਲਣ ਲੱਗੇ ਪਿੰਡਾਂ ਦੇ, ਫੇਰ ਸਰ ਗਿਆ। ਪਿੰਡਾਂ ਦੇ ਨਾਂਅ ਬਦਲਣੇ ਏਨੇ ਸੌਖੇ ਨਹੀਂ, ਭਤੀਜ।"

–ਲੈ ਚੱਕ ਸਰ।" ਹੁਕਮ ਦੀ ਬੇਗੀ ਸਿੱਟਦੇ ਹਰਨਾਮ ਨੇ ਕਿਹਾ।

–ਪਰ ਚਾਚਾ ਆਪਣੇ ਪਿੰਡ ਦਾ ਇਹ ਨਾਂਅ ਪਿਆ ਕਿਵੇਂ?"

–ਗੁਰਮੇਲਿਆ ਇਹ ਲੰਬੀਆਂ ਗੱਲਾਂ, ਮਹਾਰਾਜਾ ਰਣਜੀਤ ਸਿੰਘ ਸਿਓਂ ਦੇ ਟੈਮ ਦਾ ਪਿਆ ਹੋਇਆ ਇਹ ਨਾਂਅ, ਇਹਦੀ ਹਿਸਟਰੀ ਤਾਂ ਦੱਸੂ ਬਾਬਾ ਰਣੀਆ, ਤੂੰ ਪਹਿਲਾਂ ਚਾਰ ਲਾਈਨਾਂ ਸੁਣ," ਹਰਨਾਮ ਹੇਕ ਲਾਉਂਦਾ ਹੋਇਆ ਸ਼ੁਰੂ ਹੋ ਗਿਆ...।

'ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ।
ਨਾਲ ਜੋਰ ਦੇ ਮੁਲਕ ਹਿਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ।
ਅੱਛਾ ਰੱਜ ਕੇ ਰਾਜ ਕਮਾਇ ਗਿਆ।'

ਬਾਬਾ ਰਣੀਏ ਨੂੰ ਪੁੱਛਣ ਦੀ ਦੇਰ ਸੀ, ਅੱਸੀ ਸਾਲਾਂ ਤੋਂ ਉਪਰ ਹੋਣ ਦੇ ਬਾਵਜੂਦ ਉਸ ਦੀ ਜਾਣਕਾਰੀ ਅਤੇ ਯਾਦਦਾਸ਼ਤ ਕਮਾਲ ਸੀ। ਉਹ ਖੋਲ੍ਹਣ ਲੱਗ ਗਿਆ ਇਤਿਹਾਸ ਦੇ ਪੰਨੇ।

–169 ਵਰ੍ਹੇ ਬੀਤ ਚੁੱਕੇ ਐ ਪਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀਆਂ ਯਾਦਾਂ ਅੱਜ ਵੀ ਲੋਕਾਂ ਦੇ ਮਨਾਂ ਵਿੱਚ ਤਰੋ-ਤਾਜ਼ਾ ਨੇ। ਨੈਤਿਕਤਾ, ਧਰਮ ਨਿਰਪੱਖਤਾ, ਨਿਡਰਤਾ ਤੇ ਸਮਾਜਕ ਸੁਧਾਰਾਂ ਕਾਰਨ ਉਹ ਹਰ ਵਰਗ ਦੇ ਲੋਕਾਂ ਵਿੱਚ ਹਰਮਨ ਪਿਆਰਾ ਸੀ।"

ਗੁਰਮੇਲਾ ਚਿੜੀਏ ਦੀ ਛਿੱਕੀ ਸੁੱਟਦਾ ਫੇਰ ਬੋਲਿਆ, –ਬਾਬਾ ਤੂੰ ਨਾਂਅ ਦਾ ਦਾਸ, ਕਿਵੇਂ ਪਿਆ ਪੁਲ ਕੰਜਰੀ?"

–ਲੈ ਸੁਣ ਫੇਰ", ਖੰਘੂਰਾ ਮਾਰ ਕੇ ਬਾਬੇ ਰਣੀਏ ਨੇ ਗਲਾ ਸਾਫ਼ ਕੀਤਾ, ਤੇ ਬੱਸ ਸ਼ੁਰੂ ਹੋ ਗਿਆ,

–ਗੱਲ ਉਸ ਸਮੇਂ ਦੀ ਐ, ਜਦੋਂ ਮਹਾਰਾਜਾ ਨਹਿਰ ਦੇ ਕੰਢੇ ਮਹਿਫ਼ਲ ਸਜਾਇਆ ਕਰਦਾ ਸੀ। 12 ਫੁੱਟ ਚੌੜੀ ਨਹਿਰ ਦੇ ਕੰਢੇ ਬਣੀ ਬਾਰਾਂਦਰੀ ਵਿੱਚ, ਲਾਹੌਰ ਨੂੰ ਜਾਂਦੇ ਸਮੇਂ ਮਹਾਰਾਜਾ ਵਿਸ਼ਰਾਮ ਕਰਨ ਤੋਂ ਬਾਅਦ ਦਰਬਾਰ ਸਜਾਉਂਦਾ, ਲੋਕੀ ਸਜ-ਸੰਵਰ ਕੇ ਰਾਜੇ ਦੇ ਸਨਮਾਨ ਲਈ ਢੁਕਦੇ। ਸ਼ਾਹੀ ਸ਼ਾਨੋ ਸ਼ੌਕਤ ਭਰਪੂਰ ਕਾਫ਼ਲੇ ਸਮੇਤ ਮਹਾਰਾਜੇ ਦੀ ਸਵਾਰੀ ਦਾ ਸ਼ਾਹੀ ਸਨਮਾਨ ਹੁੰਦਾ।

ਵਿਸ਼ਰਾਮ ਤੋਂ ਬਾਅਦ ਸਭ ਤੋਂ ਵੱਧ ਮਹੱਤਵਪੂਰਨ ਹੁੰਦਾ, ਮੋਰਾਂ ਦਾ ਨਾਚ। ਮੰਨੇ ਪ੍ਰਮੰਨੇ ਲਾਹੌਰ ਘਰਾਣੇ ਨਾਲ ਸਬੰਧ ਰੱਖਣ ਵਾਲੀ ਮੋਰਾਂ ਬਹੁਤ ਖੂਬਸੂਰਤ ਤੇ ਮਨਮੋਹਕ ਸੁੰਦਰੀ ਸੀ ਜਿਸਨੇ ਮਹਾਰਾਜੇ ਦੇ ਮਨ ਨੂੰ ਮੋਹ ਲਿਆ ਸੀ। ਲਗਰ ਵਰਗੀ ਮੋਰਾਂ ਦੀ ਸੁਰਾਹੀ ਜਿਹੀ ਗਰਦਨ ਤੇ ਮ੍ਰਿਗ ਨੈਣੀ ਅੱਖਾਂ ਸਨ। ਜਦੋਂ ਉਹ ਅੱਖ ਮਟਕਾਉਂਦੀ ਏਧਰ ਓਧਰ ਘੁੰਮਦੀ ਤਾਂ ਉਸ ਦੀ ਲੰਮੀ ਗੁੱਤ ਸੱਪ ਵਾਂਗ ਮੇਲ੍ਹਦੀ। ਕੱਢਵੀਂ ਜੁੱਤੀ ਪਾ ਜਦ ਉਹ ਠੁਮਕੇ ਲਾਉਂਦੀ ਹੁੰਦੀ ਤਾਂ ਧਰਤੀ ਹਿਲਾਅ ਕੇ ਰੱਖ ਦਿੰਦੀ। ਇੱਕ ਦਿਨ ਦੀ ਗੱਲ ਐ ਬਈ ਮੋਰਾਂ ਦੀ ਤਿੱਲੇਵਾਲੀ ਕੱਢਵੀਂ ਕਸੂਰੀ ਜੁੱਤੀ ਹੰਸਾਲੀ ਨਹਿਰ ਪਾਰ ਕਰਦੇ ਹੋਏ ਵਿੱਚ ਡਿੱਗ ਪਈ। ਦਰਬਾਰ ਵਿੱਚ ਓਦਣ ਨਮੋਸ਼ੀ ਛਾਈ ਰਹੀ, ਕਿਉਂਕਿ ਮੋਰਾਂ ਦਾ ਨਾਚ ਨਾ ਹੋਇਆ। ਉਸ ਆਖ ਦਿੱਤਾ ਕਿ ਜਿੰਨਾ ਚਿਰ ਨਹਿਰ ਤੇ ਪੁਲ ਨਹੀਂ ਲੱਗਦਾ, ਓਨੀ ਦੇਰ ਤੀਕ ਉਹ ਬਾਰਾਂਦਾਰੀ ਵਿੱਚ ਨਾਚ ਨਹੀਂ ਕਰੇਗੀ। ਘੁਸਰ ਮੁਸਰ ਹੁੰਦੀ ਰਹੀ ਤੇ ਗੱਲ ਰਾਜੇ ਦੇ ਕੰਨਾਂ ਤੀਕ ਵੀ ਪਹੁੰਚ ਗਈ। ਉਹ ਹੁਣ ਮੋਰਾਂ ਦੇ ਨਾਚ ਤੋਂ ਬਿਨਾ ਨਹੀਂ ਸੀ ਰਹਿ ਸਕਦਾ। ਮਹਾਰਾਜੇ ਨੇ ਪੁਲ ਬਨਾਉਣ ਦਾ ਆਦੇਸ਼ ਦੇ ਦਿੱਤਾ। ਕੰਮ ਤੇਜੀ ਨਾਲ ਚੱਲਿਆ ਤੇ ਦੇਖਦੇ ਹੀ ਦੇਖਦੇ ਪੁਲ ਦਾ ਨਿਰਮਾਣ ਹੋ ਗਿਆ।



ਮੋਰਾਂ ਦੇ ਨਾਮ 'ਤੇ ਉਸ ਪੁਲ ਦਾ ਨਾਂਅ ਪੁਲ ਕੰਜਰੀ ਪੈ ਗਿਆ ਤੇ ਦੇਖਦੇ ਹੀ ਦੇਖਦੇ ਜਗ੍ਹਾ ਇੱਕ ਵਪਾਰਕ ਕੇਂਦਰ

ਪੁਲ ਕੰਜਰੀ

ਸੁਭਾਸ਼ ਭਾਸਕਰ

ਕਹਾਣੀ

ਵਜੋਂ ਵਿਕਸਿਤ ਹੋ ਗਈ।

ਹੱਦਾਂ ਬਦਲਣ ਨਾਲ ਸਿਰਨਾਵੇਂ ਵੀ ਬਦਲ ਗਏ। ਪੁਲ ਕੰਜਰੀ ਹਿੰਦ ਪਾਕ ਸੀਮਾ 'ਤੇ ਆ ਗਿਆ।

ਹੱਲਿਆਂ ਵੇਲੇ ਤਾਂ ਲੋਕਾਂ ਨੇ ਆਪਣੇ ਮੁਸਲਮਾਨ ਭਰਾਵਾਂ ਨੂੰ ਸਹੀ ਸਲਾਮਤ ਸਰਹੱਦੋਂ ਪਾਰ ਪੁਚਾਅ ਦਿੱਤਾ, ਪ੍ਰੰਤੂ 23 ਅਗਸਤ, 1947 ਨੂੰ ਹਥਿਆਰਬੰਦ ਹਮਲਾਵਰਾਂ ਨੇ ਹਮਲਾ ਕਰ ਕੇ 250 ਦੇ ਕਰੀਬ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ 100 ਕੁੜੀਆਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਪਿੰਡ ਨੂੰ ਅੱਗ ਲਾ ਦਿੱਤੀ।

-ਫੇਰ ਬਾਬਾ ਕੀ ਹੋਇਆ?"

-ਹੌਲੀ-ਹੌਲੀ ਪਿੰਡ ਫਿਰ ਵੱ'ਸ ਗਿਆ ਜੋ 1965 ਦੀ ਲੜਾਈ ਮੌਕੇ ਪਾਕਿਸਤਾਨ ਵਿੱਚ ਚਲਿਆ ਗਿਆ, ਪਰ 1971 ਦੀ ਪੁੱਲ ਕੰਜਰੀ ਦੀ ਭਿਆਨਕ ਲੜਾਈ ਸਮੇਂ ਪਿੰਡ ਨੂੰ ਮੁੜ ਭਾਰਤ ਨੇ ਜਿੱਤ ਲਿਆ। ਬਹੁਤ ਯੋਧੇ ਸ਼ਹੀਦ ਹੋਏ, ਜਿਨ੍ਹਾਂ ਦੀ ਯਾਦ 'ਚ ਹੁਣ ਆਪਣੇ ਪਿੰਡ ਮੇਲਾ ਭਰਦੈ।"

-ਅੱਛਿਆ, ਨਾ ਫੇਰ ਬਾਬਾ ਮੋਰਾਂ ਦਾ ਨਾਚ ਹੋਇਆ?"

ਗੁਰਮੇਲਾ ਹੁਕਮ ਦੇ ਬਾਦਸ਼ੇ ਨਾਲ ਸਰ ਚੱਕਦਾ ਬੋਲਿਆ, -ਹਾਂ, ਨਾਚ ਹੁੰਦਾ ਰਿਹਾ ਸਗੋਂ ਪੁਲ ਕੰਜਰੀ ਨੇ ਮੋਰਾਂ ਤੇ ਮਹਾਰਾਜੇ ਦਰਮਿਆਨ ਦੂਰੀ ਹੋਰ ਘੱਟ ਕਰ'ਤੀ। ਮਹਾਰਾਜਾ ਉਦੋਂ 21 ਵਰ੍ਹਿਆਂ ਦਾ ਸੀ ਜਦੋਂ ਮੋਰਾਂ ਨੂੰ ਉਸ ਨਾਲ ਸੱਚਾ ਇਸ਼ਕ ਹੋ ਗਿਆ। ਉਨ੍ਹੀਂ ਦਿਨੀਂ ਮੋਰਾਂ ਦੇ ਤਵਾਇਫ਼ੀ ਕਬੀਲੇ ਦਾ ਸਮਾਜ ਵੱਲੋਂ ਸ਼ੋਸ਼ਣ ਕੀਤਾ ਜਾ ਰਿਹਾ ਸੀ। ਸਮਾਜ ਸੁਧਾਰਕ ਨਾਤੇ ਲੋਕਾਂ ਨੂੰ ਸੰਦੇਸ਼ ਦੇਣ ਲਈ 1802 ਵਿੱਚ ਮਹਾਰਾਜੇ ਨੇ ਮੋਰਾਂ ਨਾਲ ਵਿਆਹ ਕਰਾਅ ਲਿਆ ਤੇ ਹਾਥੀ ਤੇ ਬਿਠਾਅ ਕੇ ਪੂਰੇ ਸ਼ਹਿਰ ਦਾ ਗੇੜਾ ਕੱਢਿਆ। ਸ਼ਾਦੀ ਤੋਂ ਬਾਅਦ ਗੰਗਾ ਇਸ਼ਨਾਨ ਲਈ ਉਹ ਹਰਿਦੁਆਰ ਵੀ ਗਏ। ਮੋਰਾਂ ਦੇ ਨਾਂ 'ਤੇ ਸਿੱਕਾ ਚਲਾ ਦਿੱਤਾ ਤੇ ਉਹ ਮੋਰਾਂ ਤੋਂ ਮੋਰਾਂ ਸਰਕਾਰ ਬਣ ਗਈ।

ਸ਼ਾਂਤਮਈ ਜੀਵਨ ਜਿਉਂਦੀ ਹੁਣ ਉਹ ਮਹਾਰਾਜੇ ਤੇ ਆਮ ਜਨਤਾ ਦਰਮਿਆਨ ਕੜੀ ਦਾ ਕੰਮ ਕਰਨ ਲੱਗੀ ਜੋ ਕਈ ਰਾਜ



ਦਰਬਾਰੀਆਂ ਤੇ ਪ੍ਰਭਾਵੀ ਵਿਅਕਤੀਆਂ ਨੂੰ ਖਟਕਦਾ ਸੀ।

ਓਧਰ, ਜੱਥੇਦਾਰ ਅਕਾਲ ਤਖਤ, ਅਕਾਲੀ ਫੂਲਾ ਸਿੰਘ ਨੇ ਮਹਾਰਾਜੇ ਨੂੰ ਤਨਖਾਹੀਆ ਕਰਾਰ ਦੇ ਦਿੱਤਾ, ਕਿਉਂਕਿ ਉਸ ਦੇ ਇੱਕ ਮੁਸਲਮਾਨ ਨਾਚੀ ਮੋਰਾਂ ਨਾਲ ਸਬੰਧ ਸਨ। ਮਹਾਰਾਜਾ ਅਕਾਲ ਤਖਤ ਅੱਗੇ ਝੁਕ ਗਿਆ ਤੇ ਉਸ ਨੂੰ ਇੱਕ ਕੋੜੇ ਦੀ ਸਜ਼ਾ ਹੋਈ।

ਪਰ ਮਹਾਰਾਜੇ ਦੀ ਮੋਰਾਂ ਨਾਲ ਸ਼ਾਦੀ ਸਮਾਜ ਸੁਧਾਰ ਦੀ ਲਹਿਰ ਦੇ ਕੰਮਾਂ ਦਾ ਇੱਕ ਹਿੱਸਾ ਸੀ ਜਿਸ ਨਾਲ ਉਸ ਦੂਜੀਆਂ ਜਾਤੀਆਂ ਦੇ ਲੋਕਾਂ ਦਾ ਵਿਸ਼ਵਾਸ ਵੀ ਜਿੱਤਿਆ। ਮੋਰਾਂ ਦੇ ਪਿਤਾ ਸਮਧੂ ਦੀ ਸ਼ਰਤ ਮੁਤਾਬਕ ਮਹਾਰਾਜੇ ਨੇ ਮੋਰਾਂ ਦੀ ਬਿਰਾਦਰੀ ਨੂੰ ਉੱਚਾ ਚੁੱਕਣ ਦੇ ਯਤਨ ਵੀ ਕੀਤੇ ਜੋ ਅੰਮ੍ਰਿਤਸਰ ਲਾਗੇ ਮੱਖਣਪੁਰ ਰਹਿੰਦੇ ਸਨ। ਉਹਨਾਂ ਦੇ ਮੁੜ ਵਸੇਬੇ ਲਈ ਜਗ੍ਹਾ ਵੀ ਮੁਹੱਈਆ ਕਰਵਾਈ ਤੇ ਨਾਮ ਰਾਖਿਆ ਸ਼ਰੀਫ਼ਪੁਰਾ। ਉਹਨਾਂ ਨੂੰ ਆਪਣੀ ਮਰਜ਼ੀ ਦੇ ਹੋਰ ਧੰਦੇ ਅਪਨਾਉਣ ਦੀ ਵੀ ਖੁੱਲ੍ਹ ਦੇ ਦਿੱਤੀ।

ਇੱਕ ਪਾਕਿਸਤਾਨ ਦਾ ਡਾਕਟਰ ਫ਼ੌਜੀ ਆ, ਉਹਨੇ ਲਾਹੌਰ ਦੀ ਹੀਰਾ ਮੰਡੀ ਤੇ "ਟੈਬੂ" ਨਾਂ ਦੀ ਇੱਕ ਕਿਤਾਬ ਲਿਖੀ ਐ ਜਿਸ ਵਿੱਚ ਲਿਖਿਆ ਕਿ ਮੋਰਾਂ ਦੀ ਤਵਾਇਫ਼ ਬਿਰਾਦਰੀ ਚਾਹੁੰਦੀ ਸੀ ਕਿ ਕੁਝ ਅਜਿਹੇ ਨਿਯਮ ਬਣਨ ਜਿਸ ਨਾਲ ਉਨ੍ਹਾਂ ਦੀ ਕਲਾ ਆਪਣੇ ਅਸਲੀ ਰੂਪ ਵਿੱਚ ਜੀਵਤ ਰਹਿ ਸਕੇ।

ਓਧਰ, ਲੋਕ ਪਿਆਰ ਤੇ ਸਤਿਕਾਰ ਨਾਲ ਮੋਰਾਂ ਨੂੰ ਮੋਰਾਂ ਸਰਕਾਰ ਆਖਣ ਲੱਗ ਪਏ। ਕਰੀਬ 10 ਵਰ੍ਹੇ ਸਮਾਜਕ, ਧਾਰਮਕ ਤੇ ਵਿਦਿਅਕ ਕੰਮਾਂ ਵਿੱਚ ਯੋਗਦਾਨ ਪਾਉਣ ਤੋਂ ਬਾਅਦ ਉਹ ਲਾਹੌਰ ਤੋਂ ਪਠਾਨਕੋਟ ਆ ਗਈ ਜਿੱਥੇ ਉਸ ਨੂੰ ਕਾਫ਼ੀ ਜਾਗੀਰ ਦਿੱਤੀ ਗਈ। ਲਾਹੌਰ 'ਚ ਵੀ ਮੋਰਾਂ ਦੇ ਨਾਂਅ ਤੇ 'ਮਸਜਿਦੇ-ਤਵਾਇਫ਼' ਐ ਪਰ ਹੁਣ ਕਹਿੰਦੇ ਐ ਬਈ ਉਹਦਾ ਨਾਂਅ ਬਦਲ ਕੇ 'ਮਸਜਿਦ ਮੋਰਾਂ' ਰੱਖ ਤੈਂ'।

ਸਾਰੀ ਵਿੱਥਿਆ ਸੁਣਨ ਤੋਂ ਬਾਅਦ ਗੁਰਮੇਲਾ ਬੋਲਿਆ, -ਪਰ ਬਾਬਾ ਪੁਲ ਕੰਜਰੀ ਦਾ ਨਾਓਂ ਬਦਲੂ?"


ਬਾਬਾ ਰਣੀਆ ਨਮੋਸ਼ਿਆ ਜਿਹਾ ਬੋਲਿਆ, -ਵਾਹਿਗੁਰੂ ਜਾਣੇ।"

{ਚੰਡੀਗੜ੍ਹ



## *ਵਾਰ ਵਾਰ ਪੰਜਾਬ ਦਾ ਇਤਿਹਾਸ ਬਦਲਣ ਵਾਲਾ-*

# ਦੱਰਾ ਖ਼ੈਬਰ



ਜਾਣਕਾਰੀ

ਦੁਨੀਆ ਦੇ ਕਿਸੇ ਖਿੱਤੇ ਦੇ ਇਤਿਹਾਸ 'ਤੇ ਇੱਕੋ ਭੂਗੋਲਿਕ ਵਿਸ਼ੇਸ਼ਤਾ ਨੇ ਐਨਾ ਪ੍ਰਭਾਵ ਨਹੀਂ ਪਾਇਆ ਹੋਵੇਗਾ ਜਿੰਨਾ ਪੰਜਾਬ ਦੇ ਇਤਿਹਾਸ 'ਤੇ ਦੱਰਾ ਖ਼ੈਬਰ ਨੇ ਪਾਇਆ ਹੈ। ਅਸਲ ਵਿੱਚ ਪੰਜਾਬ ਦਾ ਇਤਿਹਾਸ ਲਿਖਿਆ ਹੀ ਦੱਰਾ ਖ਼ੈਬਰ ਨੇ ਹੈ। ਇਸ ਕਾਰਨ ਕਈ ਸਲਤਨਤਾਂ ਬਣੀਆਂ ਤੇ ਕਈ ਤਬਾਹ ਹੋਈਆਂ।

ਦੱਰਾ ਖ਼ੈਬਰ ਰਾਹੀਂ ਭਾਰਤ 'ਤੇ ਹਮਲਾ ਕਰਨ ਵਾਲੇ ਸਭ ਤੋਂ ਪਹਿਲੇ ਵਿਦੇਸ਼ੀ ਸਨ ਆਰੀਅਨ ਕਬੀਲੇ। ਉਹਨਾਂ ਨੇ 3300 ਸਾਲ ਪਹਿਲਾਂ 1500 ਬੀ.ਸੀ. ਵਿੱਚ ਖ਼ੈਬਰ ਦੱਰੇ ਨੂੰ ਪਾਰ ਕੀਤਾ। ਉਹਨਾਂ ਨੇ ਅਤਿ ਆਧੁਨਿਕ ਸਿੰਧ ਘਾਟੀ ਦੀ ਸਭਿਅਤਾ ਨੂੰ ਤਬਾਹ ਕਰ ਕੇ ਸਾਰੇ ਉੱਤਰੀ ਅਤੇ ਮੱਧ ਭਾਰਤ 'ਤੇ ਕਬਜ਼ਾ ਜਮਾ ਲਿਆ ਅਤੇ ਭਾਰਤ ਵਿੱਚ ਹਿੰਦੂ ਧਰਮ ਦੀ ਨੀਂਹ ਰੱਖੀ। ਆਰੀਅਨਾਂ ਤੋਂ ਬਾਅਦ ਇਰਾਨ ਦੇ ਬਾਦਸ਼ਾਹ ਡੇਰੀਅਸ-1 ਨੇ 516 ਬੀ.ਸੀ. ਅਤੇ ਯੂਨਾਨ ਦੇ ਪ੍ਰਸਿੱਧ ਸਮਰਾਟ ਸਿਕੰਦਰ ਮਹਾਨ ਨੇ 326 ਬੀ.ਸੀ. (ਅੱਜ ਤੋਂ 2126 ਸਾਲ ਪਹਿਲਾਂ) ਦੱਰਾ ਖ਼ੈਬਰ ਪਾਰ ਕੀਤਾ। ਡੇਰੀਅਸ ਨੇ ਤਾਂ ਸਿੰਧ ਅਤੇ ਪੰਜਾਬ 'ਤੇ ਕਬਜ਼ਾ ਕਰ ਲਿਆ ਪਰ ਸਿਕੰਦਰ ਬਹੁਤਾ ਅੱਗੇ ਨਾ ਵਧ ਸਕਿਆ। ਉਹ ਪੋਰਸ ਸਮੇਤ ਪੰਜਾਬ ਦੇ ਕੁਝ ਛੋਟੇ ਮੋਟੇ ਰਾਜਿਆਂ ਨੂੰ ਹਰਾਅ ਕੇ 19 ਮਹੀਨਿਆਂ ਬਾਅਦ ਵਾਪਸ ਚਲਾ ਗਿਆ।

ਜਦੋਂ ਵੀ ਪੰਜਾਬ ਅਤੇ ਭਾਰਤ ਵਿੱਚ ਕਮਜ਼ੋਰ ਅਤੇ ਅੱਯਾਸ਼ ਰਾਜੇ ਤਖ਼ਤ 'ਤੇ ਬੈਠਦੇ ਸਨ, ਵਿਦੇਸ਼ੀ ਹਮਲਾਵਰ ਆ ਧਮਕਦੇ ਸਨ। ਸਿਕੰਦਰ ਤੋਂ ਬਾਅਦ ਕੁਸ਼ਾਣ, ਸ਼ੱਕ, ਪਾਰਥੀਅਨ, ਮਹਿਮੂਦ ਗਜ਼ਨਵੀ (1050 ਤੋਂ 1070), ਮੁਹੰਮਦ ਗੌਰੀ (1191), ਮੰਗੋਲ (1309 ਤੋਂ 1315), ਤੈਮੂਰ ਲੰਗ (1398), ਬਾਬਰ (1525), ਨਾਦਰ ਸ਼ਾਹ (1739) ਅਤੇ ਅਹਿਮਦ ਸ਼ਾਹ ਅਬਦਾਲੀ (1748 ਤੋਂ 1767), ਸਭ ਖ਼ੈਬਰ ਦੇ ਰਸਤੇ ਹੀ ਆਏ। ਹਰੇਕ ਹਮਲੇ ਵਿੱਚ ਸਭ ਤੋਂ ਵੱਧ ਜਾਨੀ ਮਾਲੀ ਨੁਕਸਾਨ ਪੰਜਾਬ ਦਾ ਹੁੰਦਾ ਸੀ ਕਿਉਂਕਿ ਦਿੱਲੀ ਦੇ ਰਸਤੇ ਵਿੱਚ ਸਭ ਤੋਂ ਰੱਜਿਆ ਪੁੱਜਿਆ ਇਲਾਕਾ ਇਹੋ ਸੀ। ਹਮਲਾਵਰ ਦਿੱਲੀ ਵੱਲ ਚੜ੍ਹਾਈ ਕਰਨ ਤੋਂ ਪਹਿਲਾਂ ਪੰਜਾਬ ਵਿੱਚ ਬੈਠ ਕੇ ਜੰਗੀ ਤਿਆਰੀ ਕਰਦੇ ਸਨ।

ਅਖੀਰ ਸਿੱਖ ਮਿਸਲਾਂ, ਤੇ ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਇਹ ਵਰਤਾਰਾ ਹਮੇਸ਼ਾ ਲਈ ਬੰਦ ਕਰ ਦਿੱਤਾ। ਪੇਸ਼ਾਵਰ ਅਤੇ ਜਮਰੂਦ ਦੇ ਕਿਲਿਆਂ 'ਤੇ ਕਬਜ਼ੇ ਜਮਾਅ ਕੇ ਵਿਦੇਸ਼ੀ ਹਮਲਾਵਰਾਂ ਦੇ ਸਿਰ 'ਤੇ ਖ਼ਾਲਸਾ ਫ਼ੌਜ ਬਿਠਾਅ ਦਿੱਤੀ ਗਈ। ਖਾਲਸਾ ਫ਼ੌਜ ਨੇ 1834 ਵਿੱਚ ਖ਼ੈਬਰ 'ਤੇ ਕਬਜ਼ਾ ਕਰ ਲਿਆ। ਹਰੀ ਸਿੰਘ ਨਲਵਾ ਇਥੋਂ ਦਾ ਸਭ ਤੋਂ ਪ੍ਰਸਿੱਧ ਗਵਰਨਰ ਮੰਨਿਆ ਜਾਂਦਾ ਹੈ।

ਖ਼ੈਬਰ ਇੱਕ ਯਹੂਦੀ ਸ਼ਬਦ ਹੈ ਜਿਸ ਦਾ ਅਰਥ ਹੁੰਦਾ ਹੈ ਕਿਲ੍ਹਾ। ਇਹ ਪਾਕਿਸਤਾਨ ਦੇ ਸੂਬਾ ਸਰਹੱਦ ਦੇ ਸਫ਼ੈਦ ਕੋਹ-ਸਪਿਨ ਘਾਰ ਪਰਬਤਾਂ ਵਿੱਚ 3510 ਫੁੱਟ ਦੀ ਉਚਿਆਈ 'ਤੇ ਹੈ। ਇਸ ਦੀ ਕੁੱਲ ਚੌੜਾਈ 5 ਕਿ.ਮੀ. ਹੈ। ਇਥੇ ਸਾਰਾ ਸਾਲ ਮੌਸਮ ਠੰਡਾ ਰਹਿੰਦਾ ਹੈ ਤੇ ਕਾਫ਼ੀ ਬਰਸਾਤ ਹੁੰਦੀ ਹੈ। ਇਸ ਦੇ ਇੱਕ ਪਾਸੇ ਪਾਕਿਸਤਾਨ 'ਤੇ ਦੂਸਰੇ ਪਾਸੇ ਅਫ਼ਗ਼ਾਨਿਸਤਾਨ ਹੈ। ਇਹ ਪੁਰਾਣੇ ਸਿਲਕ ਰੋਡ ਦਾ ਇੱਕ ਪ੍ਰਮੁੱਖ ਲਾਂਘਾ ਸੀ ਤੇ ਦੁਨੀਆ ਦੇ ਪ੍ਰਾਚੀਨਤਮ ਦੱਰਿਆਂ ਵਿੱਚ ਆਉਂਦਾ ਹੈ।

ਇਸ ਨੇ ਪੰਜਾਬ 'ਤੇ ਜ਼ਬਰਦਸਤ ਇਤਿਹਾਸਕ, ਸਮਾਜਕ, ਆਰਥਕ, ਰਾਜਨੀਤਕ ਅਤੇ ਧਾਰਮਕ ਪ੍ਰਭਾਵ ਪਾਇਆ ਹੈ। ਹੁਣ ਤੱਕ ਇਹ ਭਾਰਤ ਅਤੇ ਮੱਧ ਏਸ਼ੀਆ ਦਰਮਿਆਨ ਅਹਿਮ ਵਪਾਰਕ ਅਤੇ ਫ਼ੌਜੀ ਰਸਤਾ ਰਿਹਾ ਹੈ। ਹੁਣ ਇਹ ਪਾਕਿਸਤਾਨ ਦੇ ਅਰਧ ਅਜ਼ਾਦ ਪਸ਼ਤੂਨ ਕਬਾਇਲੀ ਫਾਟਾ (ਫੈਡਰਲੀ ਐਡਮਿਨੀਟਰਡ ਟਰਾਈਬਲ ਏਰੀਆ) ਇਲਾਕੇ ਦਾ ਹਿੱਸਾ ਹੈ।

ਇਸ ਦੇ ਉੱਤਰ ਵੱਲ ਮਲਾਗੋਰੀ ਅਤੇ ਦੱਖਣ ਵੱਲ ਅਫ਼ਰੀਦੀ ਕਬੀਲੇ ਦਾ ਕਬਜ਼ਾ ਹੈ। ਅਫ਼ਰੀਦੀ ਇਸ ਦੱਰੇ ਨੂੰ ਆਪਣੀ ਮਾਲਕੀ ਸਮਝਦੇ ਸਨ ਤੇ ਇਥੋਂ ਗੁਜ਼ਰਨ ਵਾਲੇ ਵਪਾਰੀਆਂ ਤੋਂ ਟੈਕਸ ਵਸੂਲਦੇ ਸਨ। ਇਸ ਦੇ ਰਣਨੀਤਕ ਮਹੱਤਵ ਨੂੰ ਸਮਝਦੇ ਹੋਏ ਅੰਗਰੇਜ਼ਾਂ ਨੇ 1925 ਵਿੱਚ ਜਮਰੂਦ ਤੋਂ ਲੈ ਕੇ ਲੰਡੀ ਕੋਤਲ ਤੱਕ ਰੇਲਵੇ ਲਾਈਨ ਵਿਛਾਅ ਦਿੱਤੀ। ਇਹ ਲਾਈਨ ਇੰਜੀਨੀਅਰਿੰਗ ਕਲਾ ਦਾ ਇੱਕ ਬੇਹਤਰੀਨ ਨਮੂਨਾ ਸਮਝੀ ਜਾਂਦੀ ਹੈ।

ਅਫ਼ਗ਼ਾਨ ਸੰਕਟ ਵੇਲੇ ਇਸ ਦੱਰੇ ਦਾ ਨਾਮ ਸਾਰੀ ਦੁਨੀਆ ਵਿੱਚ ਮਸ਼ਹੂਰ ਹੋ ਗਿਆ- ਜਦੋਂ ਰੂਸ ਨੇ ਅਫ਼ਗ਼ਾਨਿਸਤਾਨ 'ਤੇ ਸੰਨ 1979 ਵਿੱਚ ਹਮਲਾ ਕੀਤਾ ਤਾਂ ਅਮਰੀਕਾ ਦੁਆਰਾ ਇਸ ਰਸਤੇ ਰਾਹੀਂ ਗੋਲੀ ਸਿੱਕਾ ਮੁਜਾਹਦੀਨਾਂ ਕੋਲ ਪਹੁੰਚਾਇਆ ਜਾਂਦਾ ਸੀ। ਜਦੋਂ ਅਮਰੀਕਾ ਨੇ ਸੰਨ 2001 ਵਿੱਚ ਤਾਲਿਬਾਨ ਅਤੇ ਅਲ ਕ਼ਾਇਦਾ 'ਤੇ ਹਮਲਾ ਕੀਤਾ ਤਾਂ ਨਾਟੋ ਫ਼ੌਜਾਂ ਨੂੰ ਵੀ ਸਾਰੀ ਰਸਦ ਅਤੇ ਤੇਲ ਇਸੇ ਰਸਤੇ ਪਹੁੰਚਦਾ ਸੀ।


ਪਾਕਿਸਤਾਨ, ਇਸ ਸਹੂਲਤ ਬਦਲੇ, ਹਰ ਸਾਲ ਅਮਰੀਕਾ ਤੋਂ ਕਰੋੜਾਂ ਡਾਲਰ ਸਹਾਇਤਾ ਪ੍ਰਾਪਤ ਕਰਦਾ ਸੀ। ਤਾਲਿਬਾਨ ਨੇ ਇਹਨਾਂ ਟਰੱਕ ਕਾਨਵਾਈਆਂ 'ਤੇ ਹਮਲੇ ਕਰ ਕੇ ਅਨੇਕਾਂ ਵਾਰ ਸੈਂਕੜੇ ਟਰੱਕ ਸਾੜੇ ਸਨ- ਪਰ ਹੁਣ ਇਹ ਇਲਾਕਾ ਸੁਰੱਖਿਅਤ ਹੈ ਕਿਉਂਕਿ ਪਾਕਿਸਤਾਨੀ ਸਰਕਾਰ ਇਸ ਦੀ ਰਾਖੀ ਲਈ ਅਫ਼ਰੀਦੀ ਕਬੀਲੇ ਨੂੰ ਹਰ ਸਾਲ ਮੋਟਾ ਮੁਆਵਜ਼ਾ ਦਿੰਦੀ ਹੈ।

ਪਰ ਇਸ ਵੇਲੇ ਦਰਾ ਖੈਬਰ ਜਿਸ ਕੰਮ ਲਈ ਸਾਰੇ ਸੰਸਾਰ ਵਿੱਚ ਪ੍ਰਸਿੱਧ ਹੈ, ਉਹ ਹੈ ਨਕਲੀ ਹਥਿਆਰ ਬਣਾਉਣ ਦੀਆਂ ਸੈਂਕੜੇ ਫੈਕਟਰੀਆਂ। ਦੁਨੀਆਂ ਦੇ ਕਿਸੇ ਵੀ ਹਥਿਆਰ ਜਿਵੇਂ ਏ.ਕੇ. 47, ਉਜ਼ੀ ਮਸ਼ੀਨ ਗੰਨ, ਐਮ 16, ਕਿਸੇ ਵੀ ਮਾਰਕੇ ਦੇ ਪਿਸਤੌਲ-ਰਿਵਾਲਵਰ

ਬਾਕੀ ਸਫ਼ਾ 41

# ਸੋਫ਼ੀ ਦਾ ਸੰਸਾਰ

## ਯੌਸਤੀਨ ਗਾਰਦਰ





### ਸੁੰਞ 'ਚੋਂ ਸੁੰਞ ਹੀ ਨਿੱਕਲ ਕੇ ਆ ਸਕਦੈ

ਮਿਲੇਟਸ ਦੇ ਇਹ ਤਿੰਨੇ ਫ਼ਲਸਫ਼ਈ ਸਭ ਚੀਜ਼ਾਂ ਦੇ ਸੋਮੇ ਦੇ ਰੂਪ ਵਿਚ ਸਿਰਫ਼ ਨੀਂਹ ਵਰਗੇ ਕਿਸੇ ਬੁਨਿਆਦੀ-ਤੱਤ ਦੀ ਹੀ ਹੋਂਦ ਨੂੰ ਮੰਨਦੇ ਸੀ। ਪਰ ਕੋਈ ਬੁਨਿਆਦੀ-ਤੱਤ ਚਾਣਚੱਕ ਕਿਵੇਂ ਬਦਲ ਜਾਂਦਾ ਹੋਵੇਗਾ? ਅਸੀਂ ਇਸ ਨੂੰ ਬਦਲ ਜਾਣ (ਤਬਦੀਲੀ) ਦਾ ਮਸਲਾ ਸੱਦ ਸਕਦੇ ਹਾਂ।

ਈਸਾ ਤੋਂ ਕੋਈ 500 ਸਾਲ ਪਹਿਲਾਂ, ਦੱਖਣੀ ਇਟਲੀ ਵਿਚ ਈਲੀਆ ਨਾਂ ਦੀ ਯੂਨਾਨੀ ਬਸਤੀ ਵਿਚ ਫ਼ਲਸਫ਼ਈਆਂ ਦੀ ਇੱਕ ਢਾਣੀ ਸੀ। ਇਨ੍ਹਾਂ 'ਈਲੀਆ ਦੇ" ਫ਼ਲਸਫ਼ਈਆਂ ਦੀ ਉੱਪਰ ਦਿੱਤੇ ਸੁਆਲ ਵਿਚ ਦਿਲਚਸਪੀ ਸੀ।

ਇਨ੍ਹਾਂ ਵਿਚੋਂ ਸਭ ਤੋਂ ਅਹਿਮ ਫ਼ਲਸਫ਼ਈ ਪੈਰਮਨੇਡੀਜ਼ (540-480 ਈ.ਪੂ.) ਸੀ। ਪੈਰਮਨੇਡੀਜ਼ ਕਹਿੰਦਾ ਸੀ ਕਿ ਹੋਂਦ ਰੱਖਦੀ ਹਰੇਕ ਚੀਜ਼ ਦੀ ਹਮੇਸ਼ਾ ਤੋਂ ਹੀ ਹੋਂਦ ਰਹੀ ਹੈ। ਯੂਨਾਨੀਆਂ ਲਈ ਇਹ ਵਿਚਾਰ ਕੋਈ ਨਵਾਂ ਨਹੀਂ ਸੀ। ਉਹ ਬਹੁਤਾ ਕਰਕੇ ਇਹੋ ਮੰਨ ਕੇ ਚੱਲਦੇ ਸੀ ਕਿ ਦੁਨੀਆ ਦੀ ਹਰੇਕ ਸ਼ੈਅ ਮੁੱਢ ਕਦੀਮੋਂ ਹੀ ਤੁਰੀ ਆ ਰਹੀ ਹੈ। ਕੁਝ ਨਹੀਂ ਵਿਚੋਂ ਤਾਂ ਕੁਝ ਵੀ ਨਹੀਂ ਨਿਕਲ ਕੇ ਆ ਸਕਦਾ, ਪੈਰਮਨੇਡੀਜ਼ ਨੇ ਕਹਿਣਾ। ਤੇ ਜਿਸ ਦੀ ਹੋਂਦ ਹੈ, ਉਹ ਕਦੇ ਵੀ ਸੁੰਞ ਨਹੀਂ ਬਣ/ਹੋ ਸਕਦਾ।



ਪੈਰਮਨੇਡੀਜ਼ ਇਸ ਵਿਚਾਰ ਨੂੰ ਹੋਰ ਅੱਗੇ ਵੀ ਲੈ ਗਿਆ। ਅਖੇ ਅਜਿਹੀ ਕੋਈ ਚੀਜ਼ ਹੈ ਹੀ ਨਹੀਂ ਜੋ ਅਸਲ ਵਿਚ ਬਦਲਦੀ ਹੋਵੇ। ਅਜਿਹੀ ਕੋਈ ਸ਼ੈਅ ਨਹੀਂ ਹੈ ਜੋ (ਆਪਣੇ ਸੁਭਾਅ / ਸ਼ਕਲ-ਸੂਰਤ) ਨੂੰ ਵਟਾਅ ਕੇ ਕੋਈ ਦੂਸਰੀ ਸ਼ੈਅ ਬਣ ਜਾਏ।


ਪੈਰਮਨੇਡੀਜ਼ ਨੇ ਜ਼ਰੂਰ ਮਹਿਸੂਸ ਕੀਤਾ ਹੋਏਗਾ ਕਿ ਕੁਦਰਤ ਲਗਾਤਾਰ ਤਬਦੀਲੀ ਦੀ ਹਾਲਤ ਵਿਚ ਬਣੀ ਰਹਿੰਦੀ ਹੈ। ਉਸਨੇ ਆਪਣੀਆਂ ਸੋਝੀ ਕਰਾਉਣ ਵਾਲੀਆਂ (ਗਿਆਨ) ਇੰਦਰੀਆਂ ਨਾਲ ਸਾਫ਼ ਦੇਖਿਆ ਹੋਏਗਾ ਕਿ ਚੀਜ਼ਾਂ ਬਦਲਦੀਆਂ ਰਹਿੰਦੀਆਂ ਹਨ। ਪਰ ਜੋ ਉਸਦਾ ਤਰਕ ਉਸਨੂੰ ਕਹਿ ਰਿਹਾ ਸੀ, ਉਹ ਉਨ੍ਹਾਂ ਨੂੰ ਉਸਦੇ ਬਰਾਬਰ ਰੱਖ ਕੇ ਵੇਖ-ਸਮਝ ਨਾ ਸਕਿਆ। ਜਦ ਉਸਦੇ ਸਾਹਮਣੇ ਆਪਣੀਆਂ ਗਿਆਨ ਇੰਦ੍ਰੀਆਂ ਤੇ ਤਰਕ ਵਿਚੋਂ ਕਿਸੇ ਇੱਕ ਚੀਜ਼ ਨੂੰ ਚੁਣਨ ਦੀ ਮਜਬੂਰੀ ਪੇਸ਼ ਹੋਈ ਤਾਂ ਉਸ ਆਪਣੇ ਤਰਕ ਨੂੰ ਚੁਣਿਆਂ। (ਜਦ ਇਨਸਾਨਾਂ ਨੂੰ ਉਦਾਹਰਣ ਦੇਣੀ ਹੋਵੇ ਕਿ ਗੱਲੇ ਗੱਲੇ ਆਪਣੀ ਗੱਲ, ਸ਼ੀਲ ਤੋਂ ਬਦਲਦੇ ਨਹੀਂ ਰਹਿਣਾ ਚਾਹੀਦਾ ਤਾਂ ਅਕਸਰ ਪੱਥਰ ਦੀ ਉਦਾਹਰਣ ਦਿੱਤੀ ਜਾਂਦੀ ਹੈ ਜਾਂ ਕਿਸੇ ਅਜਿਹੀ ਕੁਦਰਤੀ ਚੀਜ਼ ਦੀ- ਅਤੇ ਮੌਸਮ ਵਾਂਗ ਬਦਲਦੇ ਰਹਿਣ ਨੂੰ ਇੱਕ ਇਨਸਾਨੀ ਔਗੁਣ ਵੀ ਮੰਨਿਆ ਜਾਂਦਾ ਹੈ ਜਿਸ ਕਰਕੇ ਉਸ ਤਬਦੀਲੀ ਨੂੰ ਫ਼ਲਸਫ਼ਈ ਅਣਗੌਲ ਛੱਡਦੇ ਹੋਣਗੇ?- ਸੰ.)

ਤੂੰ ਇਹ ਅਕਸਰ ਦੁਹਰਾਈ ਜਾਂਦੀ ਗੱਲ ਤਾਂ ਸੁਣੀ ਹੀ ਹੋਵੇਗੀ ਕਿ "ਮੈਂ ਇਸ ਉੱਤੇ ਓਦੋਂ ਹੀ ਯਕੀਨ ਕਰਾਂਗਾ ਜਦੋਂ ਮੈਂ ਇਹ ਦੇਖਾਂਗਾ"। ਪਰ ਪੈਰਮਨੇਡੀਜ਼ ਨੇ ਤਾਂ ਵੇਖ ਕੇ ਵੀ ਯਕੀਨ ਨਾ ਕੀਤਾ। ਕਹਿੰਦਾ ਕਈ ਵਾਰੀ ਸਾਡੀਆਂ ਗਿਆਨ-ਇੰਦ੍ਰੀਆਂ ਸਾਡੇ ਸਾਹਮਣੇ ਦੁਨੀਆ ਦੀ ਗਲਤ ਤਸਵੀਰ ਪੇਸ਼ ਕਰਦੀਆਂ ਹਨ, ਅਜਿਹੀ ਤਸਵੀਰ ਜੋ ਸਾਡੇ ਤਰਕ ਨਾਲ ਮੇਲ ਨਹੀਂ ਖਾਂਦੀ। ਅਖੇ ਫ਼ਲਸਫ਼ਈ ਹੋਣ ਦੇ ਨਾਤੇ ਉਸਦਾ ਮੁੱਖ ਫ਼ਰਜ਼ ਹੈ ਪੈਣ ਵਾਲੇ ਭਰਮਾਂ ਦੇ ਸਾਰੇ ਪਖੰਡਾਂ ਦੀ ਮੁੱਠੀ ਨੂੰ ਖੋਲ੍ਹਣਾ।

ਮਨੁੱਖੀ ਤਰਕ ਵਿਚ ਇਸ ਅਡਿੱਗ ਯਕੀਨ ਨੂੰ ਤਰਕਵਾਦ (ਰੇਸ਼ਨਲਿਜ਼ਮ) ਕਹਿੰਦੇ ਹਨ। ਤਰਕਵਾਦੀ ਉਹ ਇਨਸਾਨ ਹੈ ਜੋ ਮੰਨੇ ਕਿ ਦੁਨੀਆ ਵਿਚ ਸਾਡੇ ਗਿਆਨ ਦਾ ਬੁਨਿਆਦੀ-ਮੂਲ ਸੋਮਾ ਇਨਸਾਨੀ ਤਰਕ (ਦਲੀਲ) ਹੈ।

### ਸਭੇ ਸ਼ੈਆਂ ਵਹਿੰਦੀਆਂ ਹਨ

ਪੈਰਮਨੇਡੀਜ਼ ਦਾ ਇਕ ਸਮਕਾਲੀ ਹਿਰੇਕਲਿਟਸ (540-480 ਈ.ਪੂ.) ਸੀ; ਉਹ ਏਸ਼ੀਆ ਮਾਈਨਰ (ਅੱਜ ਕੱਲ੍ਹ ਦੇ ਤੁਰਕੀ ਦਾ ਬਹੁਤਾ ਇਲਾਕਾ-ਸੰ.) ਦੇ ਇਫ਼ੀਸਸ ਦਾ ਰਹਿਣ ਵੱਲਾ ਸੀ। ਉਸਦਾ ਵਿਚਾਰ ਸੀ ਕਿ ਲਗਾਤਾਰ ਤਬਦੀਲੀ ਯਾ ਵਹਾਅ-ਵਹਿਣ,



ਅਸਲ ਵਿਚ ਕੁਦਰਤ ਦਾ ਸਭ ਤੋਂ ਬੁਨਿਆਦੀ ਲੱਛਣ ਸੀ। ਅਸੀਂ ਸ਼ਾਇਦ ਇਹ ਆਖ ਸਕਦੇ ਹਾਂ ਕਿ ਮਹਿਸੂਸ ਕੀਤੇ ਸੱਚ ਵਿਚ ਹਿਰੇਕਲਿਟਸ ਦਾ ਯਕੀਨ ਪੈਰਮਨੇਡੀਜ਼ ਤੋਂ ਕਿਤੇ ਵਧ ਕੇ ਸੀ। (ਏਸ਼ੀਆਈ ਸੋਚ ਦਾ ਪੱਛਮੀ ਫ਼ਲਸਫ਼ੇ ਉੱਤੇ ਅਸਰ ਅਜੇ ਵੀ ਟਟੋਲਿਆ/ਸਾਬਤ ਕੀਤਾ ਜਾ ਰਿਹਾ ਹੈ ਈਸਾ ਤੋਂ ਪਹਿਲਾਂ ਦੇ ਬਹੁਤ ਸਾਰੇ ਫ਼ਲਸਫ਼ੇ ਉੱਤੇ- ਤੇ ਈਸਾ ਵੀ ਪੂਰਬ ਦੇ ਫ਼ਲਸਫ਼ੇ ਤੋਂ ਅਸਰ ਲੈ ਕੇ ਗਏ ਦੱਸੇ ਜਾਂਦੇ ਹਨ-ਸੰ।)

'ਹਰ ਚੀਜ਼ ਵਹਿੰਦੀ ਹੈ,'ਹਿਰੇਕਲਿਟਸ ਦਾ ਕਹਿਣਾ ਸੀ। ਹਰ ਚੀਜ਼ ਲਗਾਤਾਰ ਤਬਦੀਲੀ ਵਿਚ ਅਤੇ ਚਾਲਨਹਾਰਤਾ ਵਿਚ ਹੈ, ਹਮੇਸ਼ਾ (ਇੱਕੋ-ਜਿਹੀ) ਬਣੀ ਰਹਿਣ ਵਾਲੀ ਕੋਈ ਚੀਜ਼ ਨਹੀਂ। ਇਸ ਲਈ, ਅਸੀਂ 'ਓਸੇ ਨਦੀ ਵਿਚ ਕਦੇ ਦੂਸਰੀ ਵਾਰ ਪੈਰ ਨਹੀਂ ਰੱਖ ਸਕਦੇ।' ਜਦ ਦੂਸਰੀ ਵਾਰ ਨਦੀ ਵਿਚ ਪੈਰ ਰੱਖਦਾਂ ਤਾਂ ਨਾ ਮੈਂ ਤੇ ਨਾ ਨਦੀ ਪਹਿਲਾਂ ਵਰਗੀ ਹੁੰਦੀ ਹੈ।'

ਹਿਰੇਕਲਿਟਸ ਦੇ ਮੁਤਾਬਕ ਉਲਟ-ਹਕੀਕਤਾਂ (ਵਿਪਰੀਤਤਾਈਆਂ) ਦੁਨੀਆ ਦਾ ਲੱਛਣ ਹਨ। ਜੇ ਅਸੀਂ ਬੁਰੇ ਨਾ ਹੁੰਦੇ ਤਾਂ ਸਾਨੂੰ ਇਹ ਕਦੇ ਪਤਾ ਨਾ ਲੱਗਦਾ ਕਿ ਚੰਗਾ ਹੋਣਾ ਕੀ ਹੁੰਦਾ ਹੈ। ਜੇ ਅਸੀਂ ਕਦੇ ਭੁੱਖ ਨਹੀਂ ਜਾਣੀ-ਮਾਣੀ ਤਾਂ ਅਸੀਂ ਰੱਜ ਦਾ ਸੁਖ ਨਾ ਲੈ ਸਕਦੇ। ਜੇ ਕਦੇ ਜੰਗ ਨਾ ਹੋਵੇ, ਤਾ ਅਸੀਂ ਅਮਨ ਦੀ ਅਹਿਮੀਅਤ ਨਹੀਂ ਜਾਣ ਸਕਾਂਗੇ। ਤੇ ਜੇ ਕਦੇ ਸਰਦ ਰੁੱਤ ਨਾ ਹੋਵੇ, ਤਾਂ ਵਸੰਤ ਰੁੱਤ ਵੀ ਕਦੇ ਨਾ ਦੇਖ ਸਕਦੇ।

ਦੁਨੀਆ ਦੇ ਇੰਤਜ਼ਾਮ ਵਿਚ, ਚੰਗਿਆਈ ਤੇ ਬੁਰਿਆਈ ਦੋਹਾਂ ਦੀ ਹੀ ਲਾਜ਼ਮੀ ਥਾਂ ਹੈ, ਅਜਿਹਾ ਮੰਨਣਾ ਸੀ ਹਿਰੇਕਲਿਟਸ ਦਾ। ਉਲਟ-ਹਕੀਕਤਾਂ (ਉਲਟ-ਅਸਲੀਅਤਾਂ) ਦੀ ਇਸ ਲਗਾਤਾਰ ਆਪਸੀ-ਖੇਡ ਦੇ ਬਿਨਾ ਦੁਨੀਆ ਦੀ ਹੋਂਦ ਬਣੀ ਨਹੀਂ ਰਹਿ ਸਕਦੀ।

ਸੋਫ਼ੀ ਦਾ ਸੰਸਾਰ

ਯੌਸਤੀਨ ਗੌਰਦਰ

'ਰੱਬ ਦਿਨ ਅਤੇ ਰਾਤ ਹੈ, ਸਰਦੀਆਂ ਅਤੇ ਗਰਮੀਆਂ ਹੈ, ਜੰਗ ਅਤੇ ਅਮਨ ਹੈ, ਭੁੱਖ ਅਤੇ ਰੱਜ ਹੈ,' ਉਸਨੇ ਕਿਹਾ ਕਰਨਾ। ਹਾਲਾਂਕਿ ਉਸ ਨੇ 'ਰੱਬ' ਸ਼ਬਦ ਦੀ ਵਰਤੋਂ ਕੀਤੀ ਪਰ ਇਹ ਸਾਫ਼ ਸੀ ਕਿ ਉਹ ਪੌਰਾਣਿਕ ਕਥਾਵਾਂ ਵਾਲੇ ਦੇਵਤਿਆਂ ਦੀ ਗੱਲ ਨਹੀਂ ਸੀ ਕਰ ਰਿਹਾ। ਹਿਰੇਕਲਿਟਸ ਦੇ ਵਾਸਤੇ, ਰੱਬ – ਜਾਂ ਦੇਵਤਾ – ਕੋਈ ਅਜਿਹੀ ਸ਼ਕਤੀ ਸੀ ਜਿਸ ਸਾਰੀ ਦੁਨੀਆ ਨੂੰ ਆਪਣੇ ਅੰਦਰ ਸਮੋਇਆ ਹੋਇਆ ਸੀ। ਅਖੇ ਕੁਦਰਤ ਦੇ ਲਗਾਤਾਰ ਰੰਗ-ਰੂਪ ਬਦਲਦੇ ਰਹਿਣ ਅਤੇ ਇਸ ਵਿਚ ਆਉਂਦੇ ਫ਼ਰਕਾਂ ਤੋਂ ਰੱਬ ਨੂੰ ਐਨ ਸਾਫ਼ ਦੇਖਿਆ ਜਾ ਸਕਦਾ ਸੀ।

'ਰੱਬ' ਸ਼ਬਦ ਵਰਤਣ ਦੀ ਥਾਂ ਉਹ ਅਕਸਰ ਯੂਨਾਨੀ ਸ਼ਬਦ 'ਲੋਗੋਸ' ਵਰਤਦਾ, ਜਿਸ ਦਾ ਅਰਥ ਤਰਕ (ਅਕਲ ਕਹਿੰਦੀ ਹੈ?-ਸੰ।) ਹੁੰਦਾ ਹੈ । ਹਾਲਾਂਕਿ ਅਸੀਂ ਇਨਸਾਨ ਹਮੇਸ਼ਾ ਇੱਕੋ ਜਿਹਾ ਨਹੀਂ ਸੋਚਦੇ, ਯਾਨੀ ਇੱਕੋ ਜਿੰਨਾ ਤਰਕ ਨਹੀਂ ਕਰਦੇ, ਪਰ ਹਿਰੇਕਲਿਟਸ ਦਾ ਕਹਿਣਾ ਸੀ ਕਿ 'ਕੋਈ ਸੰਸਾਰਵਿਆਪੀ ਜਾਂ ਆਲਮੀ ਤਰਕ' ਵਰਗਾ ਕੁਝ ਹੋਣਾ ਚਾਹੀਦਾ ਹੈ ਜੋ ਕੁਦਰਤ ਵਿਚ ਵਾਪਰ ਰਹੀ ਹਰ ਚੀਜ਼ ਨੂੰ ਕਰ-ਕਰਵਾਅ ਰਿਹਾ ਹੈ।

ਇਹ 'ਸੰਸਾਰਵਿਆਪੀ ਤਰਕ' ਜਾਂ ਆਲਮੀ ਕਾਨੂੰਨ ਕੁਝ ਅਜਿਹਾ ਹੈ ਜੋ ਸਾਡੇ ਸਾਰਿਆਂ ਵਿਚ ਬਰਾਬਰ ਇੱਕੋ ਜਿਹਾ ਹੈ ਅਤੇ ਇਹੀ ਕਾਬਲੀਅਤ ਸਭ ਨੂੰ ਰਾਹ ਦੱਸਦੀ-ਦਿਖਾਂਦੀ ਹੈ। ਪਰ ਫੇਰ ਵੀ ਹਿਰੇਕਲਿਟਸ ਨੂੰ ਲੱਗਦਾ ਸੀ ਕਿ ਬਹੁਤੇ ਲੋਕ ਆਪਣੇ ਨਿਜੀ ਤਰਕ ਮੁਤਾਬਕ ਜੀਵੀ ਜਾਂਦੇ ਹਨ, ਨਿਚੋੜ ਇਹ ਹੈ ਕਿ ਉਹ ਆਪਣੇ ਸਾਥੀ ਇਨਸਾਨਾਂ ਦਾ ਤਿਰਸਕਾਰ ਕਰਦਾ ਸੀ। ਉਸਨੇ ਕਿਹਾ ਕਰਨਾ,''ਬਹੁਤੇ ਲੋਕਾਂ ਦੀ ਸਮਝ ਨਿਆਣਿਆਂ ਦੇ ਖਿਡੌਣਿਆਂ ਵਰਗੀ ਹੈ।'

ਸੋ ਸਾਰੀ ਕੁਦਰਤ ਦੀਆਂ ਲਗਾਤਾਰ ਤਬਦੀਲੀਆਂ ਅਤੇ ਉਲਟ-ਅਸਲੀਅਤਾਂ ਵਿਚ ਹਿਰੇਕਲਿਟਸ ਇੱਕੋ ਰਾਜ ਯਾਨੀ ਏਕਤਾ ਦੇਖਦਾ ਸੀ। ਏਸ 'ਕੋਈ ਚੀਜ਼/ਰਾਜ' ਨੂੰ, ਜੋ ਹਰੇਕ ਚੀਜ਼/ਹਲਾਤ ਦਾ ਸੋਮਾ ਸੀ, ਉਹ ਰੱਬ ਯਾਨੀ ਲੋਗੋਸ (ਅਕਲ?-ਸੰ.)ਕਹਿੰਦਾ ਸੀ।

## ਚਾਰ ਬੁਨਿਆਦੀ ਤੱਤ

ਇੱਕ ਤਰ੍ਹਾਂ ਨਾਲ, ਪੈਰਮਨੇਡੀਜ਼ ਤੇ ਹਿਰੇਕਲਿਟਸ ਇੱਕ-ਦੂਸਰੇ ਦੇ ਐਨ ਉਲਟ ਸਨ। ਪੈਰਮਨੇਡੀਜ਼ ਦੇ ਤਰਕ ਨੇ ਇਹ ਸਾਬਿਤ ਕਰ ਦਿੱਤਾ ਕਿ ਕੋਈ ਚੀਜ਼ ਬਦਲ ਨਹੀਂ ਸਕਦੀ। ਹਿਰੇਕਲਿਟਸ ਦੇ ਇੰਦ੍ਰੀਆਂ-ਦੱਸੇ ਗਿਆਨ ਨੇ ਸਾਫ਼ ਕਰ ਦਿੱਤਾ ਕਿ ਕੁਦਰਤ ਲਗਾਤਾਰ ਤਬਦੀਲੀ ਦੀ ਹਲਾਤ ਵਿਚ ਬਣੀ ਰਹਿੰਦੀ ਹੈ। ਇਨ੍ਹਾਂ ਵਿਚੋਂ ਸਹੀ ਕੌਣ ਸੀ? ਕੀ ਅਸੀਂ ਤਰਕ ਹੇਠ ਚੱਲੀਏ ਕਿ ਜਾਂ ਸਾਨੂੰ ਆਪਣੀਆਂ ਗਿਆਨ-ਇੰਦ੍ਰੀਆਂ ਉੱਤੇ ਟੇਕ ਰੱਖਣੀ ਚਾਹੀਦੀ ਹੈ?

ਤਾਂ, ਪੈਰਮਨੇਡੀਜ਼ ਤੇ ਹਿਰੇਕਲਿਟਸ ਦੋਏ ਦੋ ਗੱਲਾਂ ਕਹਿੰਦੇ ਹਨ।

ਪੈਰਮਨੇਡੀਜ਼ ਕਹਿੰਦਾ ਹੈ:

ੳ) ਕੋਈ ਚੀਜ਼ ਬਦਲ ਨਹੀਂ ਸਕਦੀ, ਅਤੇ


ਅ) ਸਾਡਾ ਇੰਦ੍ਰੀਆਂ-ਦੱਸਿਆ ਤਜਰਬਾ, ਇਸ ਲਈ, ਭਰੋਸੇ ਦੇ ਲਾਇਕ ਨਹੀਂ ਹੈ।

ਓਧਰ ਹਿਰੇਕਲਿਟਸ ਕਹਿੰਦਾ ਹੈ:

ੳ) ਹਰੇਕ ਚੀਜ਼ ਬਦਲਦੀ ਹੈ (ਸਭ ਚੀਜ਼ਾਂ ਵਹਾਅ ਵਿਚ ਹਨ), ਅਤੇ

ਅ) ਸਾਡੇ ਇੰਦ੍ਰੀਆਂ-ਦੱਸੇ ਤਜਰਬੇ ਟੇਕ ਰੱਖਣ ਦੇ ਯੋਗ ਹਨ।

ਦਾਰਸ਼ਨਿਕਾਂ-ਫ਼ਲਸਫ਼ਈਆਂ ਦਰਮਿਆਨ ਇਸ ਤੋਂ ਵਧੇਰੇ ਅਸਹਿਮਤੀ (ਰਾਏ ਦਾ ਫ਼ਰਕ) ਨਹੀਂ ਹੋ ਸਕਦੀ। ਪਰ ਸਹੀ ਕੌਣ ਸੀ? ਸਿਸਲੀ ਦੇ ਏਂਪੀਡੋਕਲੀਜ਼ (490-430 ਈ.ਪੂ.) ਨੇ ਇਹ ਤੈਅ ਕਰਨ ਦਾ ਬੀੜਾ ਚੁੱਕਿਆ ਕਿ ਜਿਸ ਉਲਝਣ ਵਿਚ ਅਸੀਂ ਆ ਫਸੇ ਹਾਂ, ਉਸ ਵਿਚੋਂ ਨਿਕਲਣ ਦਾ ਰਾਹ ਦੱਸੇਗਾ। ਉਸ ਦਾ ਵਿਚਾਰ ਸੀ ਕਿ



ਪੈਰਮਨੇਡੀਜ਼ ਅਤੇ ਹਿਰੇਕਲਿਟਸ ਦੋਏ ਆਪਣੇ ਇੱਕ ਇੱਕ ਦਾਅਵੇ ਉੱਤੇ ਜ਼ੋਰ ਦੇਣ ਵੱਲੋਂ ਸਹੀ ਸਨ, ਪਰ ਦੂਜੇ ਵੱਲੋਂ ਗਲਤ।

ਏਂਪੀਡੋਕਲੀਜ਼ ਮੁਤਾਬਕ ਉਨ੍ਹਾਂ ਦੀ ਅਸਹਿਮਤੀ ਦੀ ਬੁਨਿਆਦ ਇਹ ਸੀ ਕਿ ਦੋਹਾਂ ਹੀ ਦਾਰਸ਼ਨਿਕਾਂ ਨੇ ਸਿਰਫ਼ ਇੱਕੋ ਤ'ਤ ਦੇ ਹੋਣ

ਰੱਬ ਨਹੀਂ ਯੂਨਾਨੀ ਸ਼ਬਦ 'ਲੋਗੋਸ' ਵਰਤਦਾ ਸੀ ਹਿਰੇਕਲਿਟਸ, ਜਿਸਦਾ ਅਰਥ ਤਰਕ ਹੈ। ਇਨਸਾਨ ਹਮੇਸ਼ਾ ਇੱਕੋ ਜਿਹਾ ਨਹੀਂ ਸੋਚਦੇ ਪਰ ਹਿਰੇਕਲਿਟਸ ਦਾ ਕਹਿਣਾ ਸੀ ਕਿ 'ਸੰਸਾਰਵਿਆਪੀ ਜਾਂ ਆਲਮੀ ਤਰਕ ਵਰਗਾ ਕੁਝ ਹੋਣਾ ਚਾਹੀਦੈ ਜੋ ਕੁਦਰਤ 'ਚ ਵਾਪਰ ਰਹੀ ਹਰ ਚੀਜ਼ ਕਰਾਅ ਰਿਹੈ।

ਨੂੰ ਹੀ ਮੰਨਿਆ ਸੀ। ਜੇ ਇਹ ਗੱਲ ਸਹੀ ਹੁੰਦੀ ਤਾਂ ਇਨ੍ਹਾਂ ਦੋਹਾਂ ਦੀ ਦੂਰੀ (ਯਾਨੀ ਤਰਕ ਕੀ ਹੁਕਮ ਦਿੰਦਾ ਹੈ ਅਤੇ 'ਅਸੀਂ ਆਪਣੀ ਅੱਖੀਂ ਕੀ ਦੇਖ ਦੇਖਦੇ ਹਾਂ') ਪੂਰੀ ਨਾ ਜਾ ਸਕਦੀ (ਮਿਟਾਈ ਨਾ ਜਾ ਸਕਦੀ)।

ਪਾਣੀ ਜ਼ਾਹਿਰ ਹੈ ਕਿ ਬਦਲ ਕੇ ਮੱਛੀ ਜਾਂ ਤਿਤਲੀ ਨਹੀਂ ਬਣ ਸਕਦਾ। ਸ਼ੁੱਧ ਪਾਣੀ ਸ਼ੁੱਧ ਪਾਣੀ ਹੀ ਬਣਿਆ ਰਹੇਗਾ। ਸੋ ਪੈਰਮਨੇਡੀਜ਼ ਦਾ ਇਹ ਮੰਨਣਾ ਵਾਜਬ ਸੀ ਕਿ 'ਕੁਝ ਵੀ ਨਹੀਂ ਬਦਲਦਾ'।

ਪਰ ਇਸਦੇ ਨਾਲ ਹੀ ਏਂਪੀਡੋਕਲੀਜ਼ ਹਿਰੇਕਟਿਸ ਦੇ ਏਸ ਵਿਚਾਰ ਨਾਲ ਸਹਿਮਤ ਸੀ ਕਿ ਸਾਨੂੰ ਆਪਣੀਆਂ ਇੰਦ੍ਰੀਆਂ ਤੋਂ ਮਿਲੇ ਗਿਆਨ ਉੱਤੇ ਭਰੋਸਾ ਕਰਨਾ ਚਾਹੀਦਾ ਹੈ। ਜੋ ਅਸੀਂ ਦੇਖਦੇ ਹਾਂ ਸਾਨੂੰ ਉਸ ਉਤੇ ਵਿਸ਼ਵਾਸ ਕਰਨਾ ਚਾਹੀਦਾ ਹੈ ਤੇ ਜੋ ਅਸੀਂ ਦੇਖਦੇ ਹਾਂ ਉਹ ਇਹੀ ਤਾਂ ਹੈ ਕਿ ਕੁਦਰਤ ਬਦਲਦੀ ਰਹਿੰਦੀ ਹੈ।

ਏਂਪੀਡੋਕਲੀਜ਼ ਨੇ ਸਿੱਟਾ ਕੱਢਿਆ ਕਿ ਸਿਰਫ਼ ਇੱਕੋ ਸਾਰ-ਤ'ਤ (ਬੁਨਿਆਦੀ ਮੱਧੇ) ਦੇ ਵਿਚਾਰ ਨੂੰ ਨਾਮਨਜ਼ੂਰ ਕਰਨਾ ਲਾਜ਼ਮੀ ਸੀ। ਇਕੱਲਿਆਂ ਨਾ ਤਾਂ ਹਵਾ ਤੇ ਨਾ ਪਾਣੀ ਬਦਲ ਕੇ ਗੁਲਾਬ ਦੀ ਝਾੜੀ ਜਾਂ ਤਿਤਲੀ ਬਣ ਸਕਦੇ

ਸੋਫ਼ੀ ਦਾ ਸੰਸਾਰ

ਯੌਸਤੀਨ ਗੌਰਦਰ

ਹਨ। ਕੁਦਰਤ ਦਾ ਸੋਮਾ ਸ਼ਾਇਦ ਇੱਕੋ ਇਕੱਲਾ 'ਤੱਤ' ਨਹੀਂ ਹੋ ਸਕਦਾ।

ਏਂਪੀਡੋਕਲੀਜ਼ ਮੁਤਾਬਕ ਕੁਲ ਮਿਲਾਅ ਕੇ ਕੁਦਰਤ, ਚਾਰ ਤੱਤਾਂ ਜਾਂ 'ਜੜ੍ਹਾਂ' ਤੋਂ ਬਣੀ ਹੈ- ਇਹ ਉਸ ਸ਼ਬਦ ਵਰਤਿਆ। ਇਹ ਚਾਰ ਜੜ੍ਹਾਂ ਸਨ: ਧਰਤੀ, ਹਵਾ, ਅੱਗ ਤੇ ਪਾਣੀ।

ਸਾਰੇ ਕੁਦਰਤੀ ਕਾਰਜ ਇਨ੍ਹਾਂ ਚਾਰ ਤੱਤਾਂ ਦੇ ਇਕੱਠਿਆਂ ਮਿਲ ਜਾਣ ਜਾਂ ਅੱਡ ਹੋ ਜਾਣ ਨਾਲ ਹੁੰਦੇ ਸਨ। ਕਿਉਂਕਿ ਸਭ ਚੀਜ਼ਾਂ ਧਰਤੀ, ਹਵਾ, ਅੱਗ ਤੇ ਪਾਣੀ ਦੇ ਰਲੇਵੇਂ ਤੋਂ ਹੀ ਬਣੀਆਂ ਸਨ। ਹਾਂ, ਉਨ੍ਹਾਂ ਦੀ (ਮਿਕਦਾਰ ਦੀ) ਅਨੁਪਾਤ-ਨਿਸਬਤ-ਰੇਸ਼ੋ ਵੱਖ ਵੱਖ ਹੁੰਦੀ ਹੈ। ਉਹ ਕਹਿੰਦਾ ਹੈ ਕਿ ਜਦੋਂ ਕੋਈ ਫੁੱਲ ਜਾਂ ਕੋਈ ਜਾਨਵਰ ਮਰਦਾ ਹੈ ਤਾਂ ਚਾਰੇ ਤੱਤ ਫੇਰ ਅੱਡ ਅੱਡ ਹੋ ਜਾਂਦੇ ਹਨ। ਅਸੀਂ ਇਨ੍ਹਾਂ ਤਬਦੀਲੀਆਂ ਨੂੰ ਆਪਣੀਆਂ ਅੱਖਾਂ ਨਾਲ ਨੋਟ ਕਰ ਸਕਦੇ ਹਾਂ। ਪਰ ਧਰਤੀ (ਮਿੱਟੀ) ਤੇ ਪਾਣੀ, ਅੱਗ ਤੇ ਹਵਾ ਬਰਾਬਰ ਬਣੇ ਰਹਿੰਦੇ ਹਨ, ਇਹ ਇਨ੍ਹਾਂ ਤੋਂ ਬਣੀਆਂ ਵਸਤਾਂ (ਮਿਸ਼੍ਰਣਾਂ, ਆਦਿ) ਤੋਂ ਅਣਛੋਹੇ ਰਹਿੰਦੇ ਹਨ ਜਿਨ੍ਹਾਂ ਦਾ ਉਂਝ ਇਹ ਹਿੱਸਾ ਹੁੰਦੇ ਹਨ। ਇਸ ਲਈ ਇਹ ਕਹਿਣਾ ਸਹੀ ਨਹੀਂ ਹੈ ਕਿ 'ਹਰ ਚੀਜ਼' ਬਦਲਦੀ ਹੈ। ਬੁਨਿਆਦੀ ਰੂਪ ਵਿਚ, ਕੁਝ ਵੀ ਨਹੀਂ ਬਦਲਦਾ। ਹੁੰਦਾ ਇਹ ਹੈ ਕਿ ਚਾਰੇ ਤੱਤ ਮਿਲਦੇ ਹਨ ਤੇ ਅੱਡ ਹੋ ਜਾਂਦੇ ਹਨ- ਮੁੜ ਕਦੇ ਫੇਰ ਦੋਬਾਰਾ ਮਿਲ ਜਾਣ ਦੇ ਲਈ।

ਅਸੀਂ ਇਸ ਦੀ ਤੁਲਨਾ ਕਿਸੇ ਪੇਂਟਿੰਗ ਨਾਲ ਕਰ ਸਕਦੇ ਹਾਂ। ਜੇ ਪੇਂਟਰ ਕੋਲ ਇੱਕੋ ਰੰਗ ਹੋ- ਉਦਾਹਰਣ ਦੇ ਲਈ, ਲਾਲ- ਤਾਂ ਉਹ ਹਰ ਦ੍ਰਖਤ ਪੇਂਟ ਨਹੀਂ ਕਰ ਸਕਦਾ। ਪਰ ਜੇ ਉਹਦੇ ਕੋਲ ਪੀਲਾ, ਲਾਲ, ਨੀਲਾ ਤੇ ਕਾਲਾ ਰੰਗ ਹੈ ਤਾਂ ਉਹ ਸੈਂਕੜੇ ਅੱਡ ਅੱਡ ਰੰਗਾਂ ਦੀ ਪੇਂਟਿੰਗ ਬਣਾਅ ਸਕਦਾ ਹੈ, ਕਿਉਂਕਿ ਉਹ ਇਨ੍ਹਾਂ ਰੰਗਾਂ ਨੂੰ ਘੱਟ ਜਾਂ ਵੱਧ ਮਾਤਰਾ ਜਾਂ ਅਨੁਪਾਤ/ਨਿਸਬਤ ਵਿਚ ਰਲਾਅ ਸਕਦਾ ਹੈ।

ਰਸੋਈ ਵਿਚੋਂ ਇੱਕ ਮਿਸਾਲ ਵੀ ਇਸੇ ਚੀਜ਼ ਨੂੰ ਸਾਫ਼ ਕਰਦੀ ਹੈ। ਜੇ ਮੇਰੇ ਕੋਲ ਸਿਰਫ਼ ਆਟਾ ਹੈ ਤੇ ਮੈਂ ਬਨਾਉਣਾ ਹੈ ਕੇਕ; ਤਾਂ ਸਿਰਫ਼ ਆਟੇ ਤੋਂ ਕੇਕ ਬਨਾਉਣ ਲਈ ਮੈਨੂੰ ਜਾਦੂਗਰੀ ਜ਼ਰੂਰ ਆਉਣੀ ਚਾਹੀਦੀ ਹੈ। ਪਰ ਜੇ ਮੇਰੇ ਕੋਲ ਆਂਡੇ, ਆਟਾ, ਦੁੱਧ ਤੇ ਚੀਨੀ ਹਨ, ਤਦ ਮੈਂ ਕਿੰਨੇ ਹੀ ਕਿਸਮ ਦੇ ਵੱਖ ਵੱਖ ਕੇਕ ਬਣਾਅ ਸਕਦਾ ਹਾਂ।

ਇਹ ਕੋਈ ਸਿਰਫ਼ ਸਬੱਬੀ ਨਹੀਂ ਸੀ ਕਿ ਏਂਪੀਡੋਕਲੀਜ਼ ਨੇ ਧਰਤੀ, ਹਵਾ, ਅੱਗ ਤੇ ਪਾਣੀ ਨੂੰ ਕੁਦਰਤ ਦੀਆਂ 'ਜੜ੍ਹਾਂ' ਵਾਂਗ ਚੁਣਿਆ। ਉਸ ਤੋਂ ਪਹਿਲਾਂ ਦੇ ਕਈ ਦਾਰਸ਼ਨਿਕਾਂ ਨੇ ਇਹ ਦਿਖਾਉਣ ਦਾ ਜਤਨ ਕੀਤਾ ਸੀ ਕਿ ਮੁੱਢਲਾ ਸਾਰ-ਤੱਤ ਪਾਣੀ, ਹਵਾ ਜਾਂ ਅੱਗ ਵਿਚੋਂ ਹੀ ਕੋਈ ਇੱਕ ਹੋਣਾ ਚਾਹੀਦਾ ਹੈ। ਥੇਲਸ ਅਤੇ ਏਨਾਕਸੀਮੇਨੀਜ਼ ਨੇ ਇਹ ਇਸ਼ਾਰਾ ਕੀਤਾ ਸੀ ਕਿ ਪਾਣੀ ਤੇ ਹਵਾ ਦੋਨੋਂ ਹੀ ਭੌਤਿਕ (ਫ਼ਿਜ਼ੀਕਲ; ਜਿਸ ਨੂੰ ਛੋਹ, ਦੇਖ, ਚਖ, ਸੁਣ ਜਾਂ ਸੁੰਘ ਸਕੋ -ਸੰ।) ਦੁਨੀਆ ਦੇ ਲਾਜ਼ਮੀ ਤੱਤ ਸਨ। ਯੂਨਾਨੀ ਮੰਨਦੇ ਸੀ ਕਿ ਅੱਗ ਵੀ ਬਹੁਤ ਹੀ ਜ਼ਰੂਰੀ ਹੈ। ਉਨ੍ਹਾਂ ਉਦਾਹਰਣ ਵਜੋਂ ਸਾਰੇ ਜਿਉਂਦੇ ਜੀਵਾਂ ਲਈ ਸੂਰਜ ਦੀ ਅਹਿਮੀਅਤ ਨੂੰ ਪਛਾਣਿਆ ਤੇ ਇਹ ਵੀ ਜਾਣਦੇ ਸੀ ਕਿ ਜਾਨਵਰ ਤੇ ਮਨੁੱਖ ਦੋਹਾਂ ਦੇ ਸਰੀਰਾਂ ਵਿਚ ਗਰਮਾਇਸ਼ ਹੁੰਦੀ ਹੈ।

ਏਂਪੀਡੋਕਲੀਜ਼ ਨੇ ਲੱਕੜ ਦੇ ਟੁਕੜੇ ਨੂੰ ਬਲਦੇ ਦੇਖਿਆ ਹੋਏਗਾ। ਕੋਈ ਚੀਜ਼ ਟੋਟੇ ਟੋਟੇ ਹੁੰਦੀ ਹੈ। ਅਸੀਂ ਇਸ ਨੂੰ ਚਟਖਦੇ ਦੇ ਛਿਜਦੇ ਦੇਖਦੇ ਹਾਂ। ਇਹ 'ਪਾਣੀ' ਹੈ। ਕੋਈ ਚੀਜ਼ ਧੂਆਂ ਬਣ ਕੇ ਉੱਪਰ ਨੂੰ ਜਾਂਦੀ ਹੈ। ਇ 'ਹਵਾ' ਹੈ। 'ਅੱਗ' ਨੂੰ ਤਾਂ ਅਸੀਂ ਦੇਖ ਸਕਦੇ ਹਾਂ। ਅੱਗ ਦੇ ਬੁਝ ਜਾਣ ਤੋਂ ਬਾਅਦ ਵੀ ਕੋਈ ਚੀਜ਼ ਬਚ ਰਹਿੰਦੀ ਹੈ। ਇਹ ਸੁਆਹ ਹੈ- ਜਾਂ ਧਰਤੀ।

ਏਂਪੀਡੋਕਲੀਜ਼ ਵੱਲੋਂ ਕੁਦਰਤ ਦੇ ਸ਼ਕਲ ਸੂਰਤਾਂ ਬਦਲਦੇ ਰਹਿਣ ਨੂੰ 'ਜੜ੍ਹਾਂ' ਦੇ ਮੇਲ ਅਤੇ ਅੱਡ ਹੋਣ ਦੇ ਤੌਰ 'ਤੇ ਦਿਖਾਅ ਦੇਣ ਤੋਂ ਬਾਅਦ ਵੀ ਕੁਝ ਰਹਿ ਜਾਂਦਾ ਸੀ ਜਿਸ ਬਾਰੇ ਚਾਨਣਾ ਪਾਉਣਾ ਜ਼ਰੂਰੀ ਸੀ। ਇਹ ਤੱਤ ਕਿਸ ਸਿਲਸਿਲੇ ਰਾਹੀਂ ਮਿਲਦੇ ਹਨ ਕਿ ਨਵੇਂ ਜੀਵਨ ਦੀ ਆਮਦ ਹੋ ਸਕੇ? ਅਤੇ ਉਦਾਹਰਣ ਵਜੋਂ, 'ਫੁੱਲ' ਦਾ ਰਲੇਵਾਂ (ਮਿਸ਼ਰਣ) ਫਿਰ ਕਿਸ ਵਜ੍ਹਾ ਕਰਕੇ ਟੁੱਟ-ਭੱਜ (ਖਿੰਡ ਪੁੰਡ) ਜਾਂਦੈ?

ਏਂਪੀਡੋਕਲੀਜ਼ ਮੰਨਦਾ ਸੀ ਕਿ ਕੁਦਰਤ ਵਿਚ ਦੋ ਵੱਖਰੀਆਂ ਤਾਕਤਾਂ ਕੰਮ ਕਰ ਰਹੀਆਂ ਹਨ। ਉਹ ਇਨ੍ਹਾਂ ਨੂੰ ਪ੍ਰੇਮ ਅਤੇ ਸੰਘਰਸ਼ ਕਹਿੰਦਾ ਹੈ। ਪ੍ਰੇਮ ਚੀਜ਼ਾਂ ਨੂੰ ਜੋੜ ਕੇ ਇਕੱਠਿਆਂ ਕਰਦਾ ਹੈ ਅਤੇ ਸੰਘਰਸ਼ ਉਨ੍ਹਾਂ ਨੂੰ ਅੱਡ ਅੱਡ ਕਰ ਦਿੰਦਾ ਹੈ।

ਉਹ 'ਸਾਰ-ਤੱਤ' (ਬੁਨਿਆਦੀ ਮਾਦਾ) ਅਤੇ 'ਸ਼ਕਤੀ' ਦਰਮਿਆਨ ਵੀ ਫ਼ਰਕ ਕਰਦਾ ਹੈ। ਇਸ ਗੱਲ 'ਤੇ ਧਿਆਨ ਦੇਣਾ ਬਣਦਾ ਹੈ। ਅੱਜ ਵੀ ਵਿਗਿਆਨੀ ਤੱਤਾਂ ਅਤੇ ਕੁਦਰਤੀ ਸ਼ਕਤੀਆਂ ਦਰਮਿਆਨ ਇੱਕ ਵੰਡ ਕਰਦੇ ਹਨ। ਅਜੋਕਾ ਵਿਗਿਆਨ ਇਹ ਮੰਨਦਾ ਹੈ ਕਿ ਸਾਰੇ ਕੁਦਰਤੀ ਸਿਲਸਿਲਿਆਂ ਨੂੰ ਵੱਖੋ ਵੱਖਰੇ ਤੱਤਾਂ ਅਤੇ ਕਈ ਸਾਰੀਆਂ ਕੁਦਰਤੀ ਤਾਕਤਾਂ ਦਰਮਿਆਨ ਚੱਲਦੀ ਆਪਸੀ-ਕਾਰਜਾਂ ਦੀ ਸ਼ਕਲ ਵਿਚ ਸਮਝਿਆ ਜਾ ਸਕਦਾ ਹੈ।

ਏਂਪੀਡੋਕਲੀਜ਼ ਨੇ ਇਹ ਸੁਆਲ ਵੀ ਚੁੱਕਿਆ ਕਿ ਜਦੋਂ ਸਾਨੂੰ ਕਿਸੇ ਚੀਜ਼ ਦਾ ਗਿਆਨ-ਅਨੁਭਵ (ਤਜਰਬਾ) ਹੁੰਦਾ ਹੈ ਤਾਂ ਕੀ ਵਾਪਰਦਾ ਹੈ। ਮੈਂ ਫੁੱਲ ਨੂੰ ਕਿਵੇਂ 'ਦੇਖ' ਸਕਦਾ ਹਾਂ, ਉਦਾਹਰਣ ਵਜੋਂ- ਉਹ ਕੀ ਹੈ ਜੋ ਹੁੰਦਾ ਹੈ? ਕੀ ਤੂੰ ਕਦੇ ਇਸ ਦੇ ਬਾਰੇ ਸੋਚਿਆ ਹੈ, ਸੋਫ਼ੀ?

ਏਂਪੀਡੋਕਲੀਜ਼ ਦਾ ਮੰਨਣਾ ਸੀ ਕਿ ਕੁਦਰਤ ਦੀਆਂ ਹੋਰ ਚੀਜ਼ਾਂ ਵਾਂਗ ਹੀ, ਅੱਖਾਂ ਵੀ ਧਰਤੀ, ਹਵਾ, ਅੱਗ ਤੇ ਪਾਣੀ ਦੀਆਂ ਬਣੀਆਂ ਹਨ। ਸੋ ਮੇਰੀ ਅੱਖ ਵਿਚ 'ਧਰਤੀ', ਮੇਰੇ ਚਾਰੇ ਪਾਸੇ ਮੌਜੂਦ ਧਰਤੀ ਨੂੰ ਮਹਿਸੂਸ ਕਰਦੀ ਹੈ, 'ਹਵਾ' ਉਸਨੂੰ ਮਹਿਸੂਸ ਕਰਦੀ ਹੈ ਜੋ ਹਵਾ ਦਾ ਬਣਿਆ ਹੈ, 'ਅੱਗ' ਉਸ ਨੂੰ ਮਹਿਸੂਸ ਕਰਦੀ ਹੈ ਜੋ (ਮੇਰੇ ਆਲੇ ਦੁਆਲੇ ਵਿਚ) ਅੱਗ ਦਾ ਬਣਿਆ ਹੈ ਤੇ 'ਪਾਣੀ' ਉਸ ਨੂੰ ਮਹਿਸੂਸ ਕਰਦਾ ਹੈ ਜੋ ਪਾਣੀ ਦਾ ਬਣਿਆ ਹੈ। ਜੇ ਮੇਰੀਆਂ ਅੱਖਾਂ ਵਿਚ ਇਨ੍ਹਾਂ ਚਾਰ 'ਸਾਰ-ਵਸਤਾਂ' ਵਿਚੋਂ ਕਿਸੇ ਇੱਕ ਦੀ ਵੀ ਕਮੀ ਹੁੰਦੀ ਤਾਂ ਮੈਂ ਸਾਰੀ ਕੁਦਰਤ ਨਹੀਂ ਮਾਣ ਸਕਦਾ ਸੀ।

## ਹਰ ਚੀਜ਼ 'ਚ ਹਰ ਚੀਜ਼ ਦਾ ਕੁਝ


ਅਨੇਕਸਾਗੋਰਸ (500-428 ਈ.ਪੂ.) ਇੱਕ ਹੋਰ ਫ਼ਲਸਫ਼ਈ ਸੀ ਜੋ ਇਸ ਗੱਲ ਨਾਲ ਸਹਿਮਤ ਨਹੀਂ ਸੀ ਕਿ ਕਿਸੇ ਖਾਸ ਮੂਲ

ਸੋਫ਼ੀ ਦਾ ਸੰਸਾਰ

ਯੌਸਤੀਨ ਗੌਰਦਰ

ਸਾਰ-ਤੱਤ ਨੂੰ -(ਜਿਵੇਂ, ਪਾਣੀ)- ਅਸੀਂ ਹਰ ਉਸ ਚੀਜ਼ ਵਿਚ ਤਬਦੀਲ ਕਰ ਸਕਦੇ ਹਾਂ ਜੋ ਕੁਦਰਤੀ ਦੁਨੀਆ ਵਿਚ ਦੇਖਦੇ ਹਾਂ। ਨਾ ਹੀ ਉਹ ਇਹ ਕਬੂਲਦਾ ਸੀ ਕਿ ਧਰਤੀ, ਹਵਾ, ਅੱਗ ਅਤੇ ਪਾਣੀ ਨੂੰ ਲਹੂ ਅਤੇ ਹੱਡੀ ਦੀ ਸ਼ਕਲ ਦਿੱਤੀ ਜਾ ਸਕਦੀ ਹੈ।

ਅਨੇਕਸਾਗੋਰਸ ਮੰਨਦਾ ਸੀ ਕਿ ਕੁਦਰਤ ਬਣੀ ਹੋਈ ਹੈ ਸਰੀਰਕ ਹੋਂਦ ਰੱਖਣ ਵਾਲੇ



ਸੂਖਮ (ਅਤਿ ਮਹੀਨ) ਕਣਾਂ ਦੀ ਅਣਮੁੱਕ ਗਿਣਤੀ ਤੋਂ- ਅਜਿਹੇ, ਜੋ ਅੱਖਾਂ ਨੂੰ ਨਹੀਂ ਦਿਸਦੇ । ਇਸ ਤੋਂ ਇਲਾਵਾ ਹਰ ਚੀਜ਼ ਨੂੰ ਹੋਰ ਵੀ ਸੂਖਮ-ਮਹੀਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ, ਪਰ ਨਿੱਕੇ ਤੋਂ ਨਿੱਕੇ ਹਿੱਸਿਆਂ ਵਿਚ ਵੀ ਬਾਕੀ ਹੋਰ ਸਾਰੀਆਂ ਚੀਜ਼ਾਂ ਦੇ ਕਣ ਹੁੰਦੇ ਹਨ। ਉਹ ਸੋਚਦਾ ਸੀ ਕਿ ਜੇ ਚਮੜੀ (ਮਾਸ) ਅਤੇ ਹੱਡੀ ਕਿਸੇ ਹੋਰ ਚੀਜ਼ ਦੀ ਬਦਲੀ ਹੋਈ ਸ਼ਕਲ ਨਹੀਂ ਹਨ ਤਾਂ ਤੇ ਜੋ ਦੁੱਧ ਅਸੀਂ ਪੀਂਦੇ ਹਾਂ ਜਾਂ ਜੋ ਖਾਣਾ ਅਸੀਂ ਖਾਂਦੇ ਹਾਂ ਉਨ੍ਹਾਂ ਵਿਚ ਹੀ ਲਾਜ਼ਮੀ ਤੌਰ 'ਤੇ ਚਮੜੀ ਅਤੇ ਹੱਡੀ ਹੋਣੇ ਚਾਹੀਦੇ ਹਨ।

ਅਜੋਕੇ ਸਮੇਂ ਦੀਆਂ ਕੁਝ ਮਿਸਾਲਾਂ ਅਨੇਕਸਾਗੋਰਸ ਦੀ ਵਿਚਾਰ ਲੜੀ ਨੂੰ ਤਸਵੀਰਾਂ ਨਾਲ ਪੇਸ਼ ਕਰ ਸਕਦੀਆਂ ਹਨ। ਅਜੋਕੀ ਲੇਜ਼ਰ ਤਕਨਾਲੋਜੀ ਅਖੌਤੀ ਹੇਲੋਗ੍ਰਾਮ (ਹਵਾ 'ਚ ਤੁਹਾਡੇ ਸਾਹਮਣੇ ਕਿਸੇ ਤਸਵੀਰ ਦਾ ਆਪਣੇ ਜਿਊਂਦੇ ਜਾਪਦੇ ਰੂਪ ਵਿਚ ਖੜ੍ਹੀ ਹੋ ਜਾਣਾ-ਸੰ।) ਪੈਦਾ ਕਰ ਸਕਦੀ ਹੈ। ਜੇ ਇਨ੍ਹਾਂ ਵਿਚੋਂ ਇੱਕ ਹੇਲੋਗ੍ਰਾਮ, ਉਦਾਹਰਣ ਦੇ ਲਈ, ਇੱਕ ਕਾਰ ਦੀ ਤਸਵੀਰ ਖੜ੍ਹੀ ਕਰਦਾ ਹੈ ਅਤੇ ਹੇਲੋਗਰਾਮ ਦੇ ਟੁਕੜੇ ਹੋ ਜਾਂਦੇ ਹਨ, ਓਦੋਂ ਵੀ ਅਸੀਂ ਪੂਰੀ ਕਾਰ ਦੀ ਤਸਵੀਰ ਹੀ ਦੇਖਾਂਗੇ, ਬੇਸ਼ਕ ਸਾਡੇ ਕੋਲ ਹੇਲੋਗ੍ਰਾਮ ਦਾ ਸਿਰਫ਼ ਉਹ ਹਿੱਸਾ ਹੋਵੇ ਜੋ ਕਾਰ ਦਾ ਬੰਪਰ ਦਿਖਾਂਦਾ ਹੈ। ਅਜਿਹਾ ਏਸ ਲਈ ਹੈ ਕਿਓਂਕਿ ਉਹ ਸਮੁੱਚਾ ਵਿਸ਼ਾ-ਮਜ਼ਮੂਨ (ਕਾਰ) ਇਸ ਦੇ ਨਿੱਕੇ-ਤੋਂ-ਨਿੱਕੇ ਹਿੱਸੇ ਵਿਚ ਵੀ ਹਾਜ਼ਿਰ ਹੈ।

ਇੱਕ ਅਰਥ ਵਿਚ, ਸਾਡੇ ਸਰੀਰ ਵੀ ਇਸੇ ਤਰ੍ਹਾਂ ਬਣੇ ਹੁੰਦੇ ਹਨ। ਜੇ ਮੈਂ ਆਪਣੀ ਉਂਗਲ ਨਾਲ ਚਮੜੀ-ਮਾਸ ਦੀ ਇੱਕ ਕੋਸ਼ਿਕਾ (ਸ਼ੈਲ) ਨੂੰ ਵੱਖ ਕਰਦਾ ਹਾਂ, ਤਾਂ ਇਸਦੇ ਕੇਂਦ੍ਰਕ (ਨਿਊਕਲਿਅਸ) ਵਿਚ ਨਾ ਸਿਰਫ਼ ਮੇਰੀ ਚਮੜੀ ਦੇ ਲੱਛਣ ਹੋਣਗੇ, ਸਗੋਂ ਓਹੀ ਕੋਸ਼ਿਕਾ ਇਹ ਵੀ ਦਰਸਾਏਗੀ ਕਿ ਮੇਰੀ ਅੱਖ ਕਿਸ ਕਿਸਮ ਦੀ ਹੈ, ਮੇਰੇ ਵੱਲਾਂ ਦਾ ਰੰਗ ਕਿਹੋ ਜਿਹਾ ਹੈ, ਮੇਰੀਆਂ ਉਂਗਲਾਂ ਕਿੰਨੀਆਂ ਤੇ ਕਿਸ ਕਿਸਮ ਦੀਆਂ ਹਨ, ਵਗੈਰਾ, ਵਗੈਰਾ। ਮਨੁੱਖੀ ਸਰੀਰ ਦੀ ਹਰ ਕੋਸ਼ਿਕਾ ਵਿਚ ਉਸੇ ਢੰਗ ਦਾ ਮਾਨਚਿਤ੍ਰ (ਬਲੂਪ੍ਰਿੰਟ) ਹੈ ਜਿਸ ਤਰ੍ਹਾਂ ਉਸ ਦੀਆਂ ਬਾਕੀ ਕੋਸ਼ਿਕਾਵਾਂ ਬਣਾਈਆਂ ਗਈਆਂ ਹਨ। ਸੋ, ਹਰੇਕ ਕੋਸ਼ਿਕਾ ਵਿਚ 'ਹਰ ਚੀਜ਼ ਦਾ ਕੁਝ ਅੰਸ਼ ਹੈ'। ਸਮੁੱਚ ਹਰ ਸੂਖਮ ਅੰਸ਼ (ਮਹੀਨ ਤੋਂ ਮਹੀਨ ਹਿੱਸੇ) ਵਿਚ ਹਾਜ਼ਿਰ ਹੈ। ਇਨ੍ਹਾਂ ਅਤਿ ਛੋਟੇ ਕਣਾਂ ਨੂੰ, ਜਿਨ੍ਹਾਂ ਵਿਚ ਉਸ ਸਮੁੱਚ ਦੀ ਹਾਜ਼ਰੀ ਹੁੰਦੀ ਹੈ, ਅਨੇਕਸਾਗੋਰਸ, ''ਬੀਜ'' ਕਹਿੰਦਾ ਹੈ।

ਚੇਤੇ ਰੱਖੀਂ, ਏਂਪੀਡੋਕਲੀਜ਼ ਤਾਂ ਸੋਚਦਾ ਸੀ ਕਿ ਇਹ 'ਪ੍ਰੇਮ' ਹੈ ਜੋ ਸਾਰੇ ਸਰੀਰਾਂ ਵਿਚ ਤੱਤਾਂ ਨੂੰ ਜੋੜੀ ਰੱਖਦਾ ਹੈ। ਏਧਰ, ਅਨੇਕਸਾਗੋਰਸ ਨੇ ਇੱਕ ਐਸੀ ਤਾਕਤ ਦੇ ਰੂਪ ਵਿਚ 'ਇੰਤਜ਼ਾਮ' (ਪ੍ਰਬੰਧ) ਦੀ ਕਲਪਨਾ (ਖਿਆਲੀ ਉਸਾਰੀ) ਕੀਤੀ ਜੋ, ਸਾਰੇ ਮਨੁੱਖਾਂ ਅਤੇ ਜਾਨਵਰਾਂ, ਫੁੱਲਾਂ ਅਤੇ ਰੁੱਖਾਂ ਦੀ ਰਚਨਾ ਕਰਦੀ ਹੈ। ਉਸ ਨੇ ਇਸ ਤਾਕਤ ਨੂੰ ਮਨ ਜਾਂ ਬੁੱਧੀ (Nous, ਅਕਲ) ਸੱਦਿਆ।

ਅਨੇਕਸਾਗੋਰਸ ਇਸ ਲਈ ਵੀ ਦਿਲਚਸਪ ਹੈ ਕਿਓਂਕਿ ਉਹ ਪਹਿਲਾ ਫ਼ਲਸਫ਼ਈ ਸੀ ਜਿਸ ਦੇ ਬਾਰੇ ਅਸੀਂ ਏਥਨਜ਼ (ਓਦੋਂ ਯੂਨਾਨ ਦਾ ਮੁੱਖ ਸ਼ਹਿਰ-ਸੰ।) ਵਿਚ ਕੁਝ ਸੁਣਦੇ ਹਾਂ। ਉਹ ਏਸ਼ੀਆ ਮਾਈਨਰ ਦਾ ਰਹਿਣ ਵਾਲਾ ਸੀ ਪਰ ਚਾਲ੍ਹੀ ਸਾਲ ਦੀ ਉਮਰ ਵਿਚ ਏਥਨਜ਼ ਆ ਗਿਆ। ਬਾਅਦ ਵਿਚ ਉਸ ਉੱਤੇ ਨਾਸਤਕ ਹੋਣ ਦਾ ਇਲਜ਼ਾਮ ਲੱਗਾ ਅਤੇ ਉਸ ਨੂੰ ਸ਼ਹਿਰ ਛੱਡ ਦੇਣ ਲਈ ਮਜਬੂਰ ਕੀਤਾ ਗਿਆ। ਹੋਰ ਗੱਲਾਂ ਦੇ ਨਾਲ ਨਾਲ ਉਸ ਇਹ ਵੀ ਕਿਹਾ ਸੀ ਕਿ ਸੂਰਜ ਕੋਈ ਦੇਵਤਾ ਨਹੀਂ ਸਗੋਂ ਲਾਲ-ਤਪਿਆ ਇੱਕ ਪੱਥਰ ਹੈ ਤੇ ਉਹ ਸਮੁੱਚੇ

**ਏਪੀਜ਼ੋਕਲੀਜ਼ ਮੰਨਦਾ ਸੀ ਕਿ ਕੁਦਰਤ ਵਿਚ ਦੋ ਵੱਖਰੀਆਂ ਤਾਕਤਾਂ ਕੰਮ ਕਰ ਰਹੀਆਂ ਹਨ। ਉਹ ਇਨ੍ਹਾਂ ਨੂੰ ਪ੍ਰੇਮ ਅਤੇ ਸੰਘਰਸ਼ ਕਹਿੰਦਾ ਹੈ। ਪ੍ਰੇਮ ਚੀਜ਼ਾਂ ਨੂੰ ਜੋੜ ਕੇ ਇਕੱਠਿਆਂ ਕਰਦਾ ਹੈ ਅਤੇ ਸੰਘਰਸ਼ ਉਨ੍ਹਾਂ ਨੂੰ ਅੱਡ ਅੱਡ ਕਰ ਦਿੰਦਾ ਹੈ।**

ਪੋਲੋਪੋਨੇਸ਼ੀਅਨ ਉਪ-ਟਾਪੂ (ਕੋਈ 22000 ਵਰਗ ਕਿਲੋ ਮੀਟਰ, ਪਹਾੜਾਂ ਵਾਲਾ ਤੇ ਮੈਡਟੈਰੇਨੀਅਨ-ਭੂ-ਮੱਧ ਸਮੁੰਦਰ ਵਿਚ ਇੱਕ ਟਾਪੂ ਵਾਂਗ ਵਧਿਆ, ਇਹ ਮੁੱਢ ਤੋਂ ਹੀ ਗ੍ਰੀਸ ਦਾ ਦੱਖਣੀ ਹਿੱਸਾ ਰਿਹਾ ਹੈ- ਸੰ।) ਤੋਂ ਵੱਡਾ ਹੈ।

ਅਨੇਕਸਾਗੋਰਸ ਖਗੋਲ ਵਿਗਿਆਨ ਵਿਚ ਖਾਸ ਦਿਲਚਸਪੀ ਰੱਖਦਾ ਸੀ। ਉਸ ਦਾ ਵਿਸ਼ਵਾਸ ਸੀ ਕਿ ਸਾਰੇ ਅਸਮਾਨੀ ਨਛੱਤਰ ਓਸੇ ਸਾਰ-ਤੱਤ ਦੇ ਬਣੇ ਸਨ ਜਿਸ ਤੋਂ ਧਰਤੀ ਬਣੀ ਹੈ। ਇੱਕ ਡਿੱਗੀ ਹੋਈ ਉਲਕਾ ਦੇ ਪੱਥਰ ਦਾ ਅਧਿਐਨ ਕਰ ਉਹ ਇਸ ਸਿੱਟੇ 'ਤੇ ਪੁੱਜਿਆ ਸੀ। ਇਸੇ ਤੱਥ ਤੋਂ ਉਸ ਨੂੰ ਇਹ ਵਿਚਾਰ ਵੀ ਆਇਆ ਸੀ ਕਿ ਸ਼ਾਇਦ ਹੋਰ ਨਛੱਤਰਾਂ 'ਤੇ ਵੀ ਮਨੁੱਖਾ ਜੀਵਨ ਹੋ ਸਕਦਾ ਹੈ। ਉਸ ਇਹ ਦਾਅਵਾ ਵੀ ਕੀਤਾ ਸੀ ਕਿ ਚੰਨ ਦੀ ਕੋਈ ਆਪਣੀ ਰੌਸ਼ਨੀ ਨਹੀਂ- ਇਸ ਦੀ ਰੌਸ਼ਨੀ ਧਰਤੀ ਤੋਂ ਆਉਂਦੀ ਹੈ। ਉਸ ਸੂਰਜ ਗ੍ਰਹਿਣ ਬਾਰੇ ਗੱਲ ਸਾਫ਼ ਕਰਦੇ ਵੀ ਆਪਣੇ ਵਿਚਾਰ ਬਣਾਏ ਸੀ।

ਪਿੱਛੋਂ ਸੁੱਝੀ: ਸੋਫ਼ੀ, ਤੂੰ ਜਿੰਨੇ ਧਿਆਨ ਨਾਲ ਇਹ ਸਭ ਪੜ੍ਹਿਆ ਹੈ, ਉਸ ਲਈ ਧੰਨਵਾਦ! ਇਸ ਚੈਪਟਰ-ਅਧਿਆਇ ਨੂੰ ਤੂੰ ਚੰਗੀ ਤਰ੍ਹਾਂ ਸਮਝ ਲੈ, ਇਹਦੇ ਵਾਸਤੇ ਤੈਨੂੰ ਇਸ ਨੂੰ ਦੋ ਜਾਂ ਤਿੰਨ ਵਾਰ ਪੜ੍ਹਨਾ ਪੈ ਸਕਦਾ ਹੈ। ਕੁਝ ਵੀ ਸਮਝਣ ਲਈ ਤਾਂ ਹਮੇਸ਼ਾ ਹੀ ਕੁਝ ਮਿਹਨਤ ਦੀ ਲੋੜ ਹੁੰਦੀ ਹੈ। ਹਰੇਕ ਵਿਸ਼ੇ-ਮਜ਼ਮੂਨ ਦੇ ਮਾਹਿਰ ਆਪਣੇ ਕਿਸੇ ਮਿੱਤਰ ਦੀ ਤੂੰ ਸ਼ਾਇਦ ਕਦੇ ਤਾਰੀਫ਼ ਨਾ ਕਰਦੀ ਜੇ ਉਸ ਨੂੰ ਅਜਿਹਾ ਹੋਣ ਲਈ ਕੋਈ

ਸੋਫ਼ੀ ਦਾ ਸੰਸਾਰ

ਯੌਸਤੀਨ ਗੌਰਦਰ

ਮਿਹਨਤ ਨਾ ਕਰਨੀ ਪਈ ਹੁੰਦੀ।

ਮੂਲ ਸਾਰ-ਤੱਤ ਅਤੇ ਕੁਦਰਤ ਵਿਚ ਤਬਦੀਲੀਆਂ ਦੇ ਸੁਆਲ ਦੇ ਵਧੀਆ ਹੱਲ ਲਈ ਤੈਨੂੰ ਕੱਲ੍ਹ ਤੱਕ ਉਡੀਕ ਕਰਨੀ ਪਏਗੀ, ਜਦੋਂ ਤੂੰ ਡੇਮੋਕ੍ਰਟੀਜ਼ ਨੂੰ ਮਿਲੇਂਗੀ। ਅਜੇ ਮੈਂ ਇਸ ਤੋਂ ਵੱਧ ਕੁਝ ਨਹੀਂ ਕਹਾਂਗਾ।

ਸੋਫ਼ੀ ਆਪਣੀ ਗੁਫ਼ਾ ਵਿਚ ਬੈਠੀ ਬੈਠੀ ਘਣੀ ਹਰਿਆਵਲ ਵਿਚੋਂ ਨਿੱਕੀ ਜਿਹੀ ਝੀਥ ਰਾਹੀਂ ਬਾਗ ਨੂੰ ਦੇਖ ਰਹੀ ਸੀ। ਇਹ ਸਭ ਪੜ੍ਹ ਕੇ ਉਸ ਆਪਣੀਆਂ ਸੋਚਾਂ ਨੂੰ, ਇੱਕ ਇੱਕ ਨੂੰ ਵੱਖ ਕਰ ਕੇ ਕਿਸੇ ਹਿਸਾਬ ਸਿਰ ਕਰਨ ਦਾ ਜਤਨ ਕਰਨਾ ਸੀ।

ਇਹ ਤਾਂ ਦਿਨ ਦੀ ਰੌਸ਼ਨੀ ਵਾਂਗ ਸਾਫ਼ ਸੀ ਕਿ ਸਾਦਾ ਪਾਣੀ ਬਰਫ਼ ਜਾਂ ਭਾਫ਼ ਦੇ ਇਲਾਵਾ ਕਦੇ ਕਿਸੇ ਹੋਰ ਚੀਜ਼ ਵਿਚ ਨਹੀਂ ਬਦਲ ਸਕਦਾ। ਪਾਣੀ ਤਾਂ ਤਬਦੀਲ ਹੋ ਕੇ ਤਰਬੂਜ਼ ਵੀ ਨਹੀਂ ਬਣ ਸਕਦਾ ਕਿਉਂਕਿ ਤਰਬੂਜ਼ਾਂ ਵਿਚ ਵੀ ਪਾਣੀ ਤੋਂ ਇਲਾਵਾ ਹੋਰ ਚੀਜ਼ਾਂ ਹਨ। ਪਰ ਇੱਥੋਂ ਤੱਕ ਤਾਂ ਉਹ ਚੀਜ਼ਾਂ ਦੇ ਮਾਮਲੇ ਵਿਚ ਪੱਕੀ ਤਰ੍ਹਾਂ ਕਹਿ ਸਕਦੀ ਸੀ, ਕਿਉਂਕਿ ਇਹ ਉਸ ਨੇ ਪੜ੍ਹ ਲਿਆ ਸੀ, ਸਿੱਖ ਲਿਆ ਸੀ। ਜੇ ਉਸ ਨੇ ਪੜ੍ਹਿਆ ਤੇ ਸਿੱਖਿਆ ਨਾ ਹੁੰਦਾ ਤਾਂ ਕੀ ਉਹ, ਮਿਸਾਲ ਦੀ ਤੌਰ 'ਤੇ, ਇਸ ਮਾਮਲੇ ਬਾਰੇ ਪੱਕੀ ਤਰ੍ਹਾਂ ਆਖ ਸਕਦੀ ਸੀ ਕਿ ਬਰਫ਼ ਨਿਰਾ ਪਾਣੀ ਹੈ। ਘੱਟੋ ਘੱਟ ਉਸ ਨੂੰ ਇਸ ਦੀ ਤਾਂ ਬਹੁਤ ਬਰੀਕੀ ਨਾਲ ਪੜ੍ਹਾਈ ਕਰਨੀ ਹੀ ਪਈ ਸੀ ਕਿ ਕਿਵੇਂ ਪਾਣੀ ਜੰਮ ਕੇ ਬਰਫ਼ ਬਣਦਾ ਹੈ ਤੇ ਫੇਰ ਪਿਘਲ ਜਾਂਦਾ ਹੈ।

ਸੋਫ਼ੀ ਨੇ ਇੱਕ ਵਾਰ ਫੇਰ ਆਪਣਾ ਦਿਮਾਗ਼ ਲਾਉਣ ਦੀ ਕੋਸ਼ਿਸ਼ ਕੀਤੀ ਤੇ ਉਸ ਬਾਰੇ ਨਾ ਸੋਚਣ ਦੀ ਜੋ ਉਸ ਨੂੰ ਹੋਰਾਂ ਤੋਂ ਪਤਾ ਲੱਗਾ ਸੀ।

ਪੈਰਮਨੇਡੀਜ਼ ਨੇ ਕਿਸੇ ਵੀ ਸ਼ਕਲ ਵਿਚ ਤਬਦੀਲੀ ਦੇ ਹੋਣ ਦੇ ਵਿਚਾਰ ਨੂੰ ਮੰਨਣ ਤੋਂ ਮਨ੍ਹਾਂ ਕਰ ਦਿੱਤਾ ਸੀ। ਅਤੇ ਜਿੰਨਾ ਹੀ ਵੱਧ ਉਸ ਨੇ ਇਸ ਮਾਮਲੇ ਬਾਰੇ ਸੋਚ ਲਈ, ਓਨਾ ਹੀ ਉਸ ਨੂੰ ਪੱਕਾ ਹੋਇਆ ਕਿ ਇੱਕ ਤਰ੍ਹਾਂ ਦੇਖਿਆਂ, ਉਹ ਸਹੀ ਸੀ। ਉਸਦੀ ਅਕਲ ਇਹ ਨਹੀਂ ਕਬੂਲ ਸਕਦੀ ਸੀ ਕਿ 'ਕੋਈ ਚੀਜ਼' ਅਚਾਨਕ ਆਪਣਾ ਆਪ 'ਕਿਸੇ ਹੋਰ ਹੀ ਬਿਲਕੁਲ ਵੱਖਰੀ ਚੀਜ਼' ਵਿਚ ਤਬਦੀਲ ਕਰ ਸਕਦੀ ਸੀ। ਉਸ (ਪੈਰਮਨੇਡੀਜ਼) ਨੂੰ ਘਰੋਂ ਬਾਹਰ ਨਿੱਕਲ ਅਤੇ ਇਹ ਕਹਿਣ ਲਈ ਵਾਹਵਾ ਹਿੰਮਤ ਵੀ ਜੁਟਾਉਣੀ ਪਈ ਹੋਏਗੀ, ਕਿਉਂਕਿ ਇਸਦਾ ਮਤਲਬ ਸੀ ਉਨ੍ਹਾਂ ਸਾਰੀਆਂ ਕੁਦਰਤੀ ਤਬਦੀਲੀਆਂ ਨੂੰ ਰੱਦ ਕਰ ਦੇਣਾ ਜੋ ਲੋਕ ਆਪ ਆਪਣੀਂ ਅੱਖੀਂ ਵੇਖ ਸਕਦੇ ਸੀ। ਦੁਨੀਆ ਭਰ ਵਿਚ ਲੋਕ ਉਸ ਉੱਤੇ ਹੱਸੇ ਹੋਣਗੇ।

ਅਤੇ, ਏਂਪੀਡੋਕਲੀਜ਼ ਵੀ, ਬੜਾ ਚੁਸਤ ਹੋਵੇਗਾ, ਇਹ ਸਾਬਤ ਕਰਨ ਲਈ ਕਿ ਦੁਨੀਆ ਇੱਕ ਤੋਂ ਵੱਧ ਸਾਰ-ਤੱਤਾਂ (ਬੁਨਿਆਦੀ ਮਾਦਿਆਂ) ਦੀ ਬਣੀ ਹੈ। ਇਸ ਗੱਲ ਨੇ ਕਿਸੇ ਚੀਜ਼ ਨੂੰ ਅਸਲ ਵਿਚ ਬਦਲੇ ਬਿਨਾ ਹੀ ਕੁਦਰਤ ਦੀਆਂ ਸਾਰੀਆਂ ਸ਼ਕਲ-ਤਬਦੀਲੀਆਂ ਨੂੰ ਸੰਭਵ (ਮੁਮਕਿਨ) ਬਣਾਅ ਦਿੱਤਾ।

ਇਸ ਮੁੱਢ ਕਦੀਮੀ ਫ਼ਲਸਫ਼ਈ ਨੇ ਇਹ ਸਿਰਫ਼ ਤਰਕ ਦੇ ਰਾਹੀਂ ਹੀ ਲੱਭ ਕੱਢਿਆ ਸੀ। ਉਸ ਨੇ ਕੁਦਰਤ ਦਾ ਅਧਿਐਨ ਜ਼ਰੂਰ ਕੀਤਾ ਸੀ, ਪਰ ਉਸ ਕੋਲ ਰਸਾਇਣਕ (ਕੈਮੀਕਲ) ਵਿਸ਼ਲੇਸ਼ਣ (ਛਿਲਕੇ-ਪਰਤਾਂ ਲਾਹ ਲਾਹ ਸਮਝਣ-ਅਨੁ.) ਦੇ ਉਹ ਸਾਰੇ ਸੰਦ ਨਹੀਂ ਸਨ ਜਿਨ੍ਹਾਂ ਦੀ ਵਰਤੋਂ ਅੱਜ ਦੇ ਵਿਗਿਆਨੀ ਕਰਦੇ ਹਨ।

ਸੋਫ਼ੀ ਇਸ ਦੇ ਬਾਰੇ ਪੱਕੀ ਤਰ੍ਹਾਂ ਮੰਨ ਨਹੀਂ ਸੀ ਸਕੀ ਕਿ ਉਹ ਪੂਰੇ ਯਕੀਨ ਨਾਲ ਕਹਿ ਸਕਦੀ ਹੈ ਕਿ ਹਰ ਚੀਜ਼ ਦਾ ਸੋਮਾ- ਧਰਤੀ, ਹਵਾ, ਅੱਗ ਤੇ ਪਾਣੀ ਹੈ। ਪਰ ਆਖਿਰਕਾਰ, ਇਸ ਦੀ ਅਹਿਮੀਅਤ-ਮਹੱਤਤਾ ਕੀ ਸੀ? ਅਸੂਲੀ ਤੌਰ 'ਤੇ ਏਂਪੀਡੋਕਲੀਜ਼ ਸਹੀ ਸੀ। ਅਸੀਂ ਆਪਣੀਆਂ ਅੱਖਾਂ ਨਾਲ -ਅਤੇ ਬਿਨਾ ਤਰਕ ਨੂੰ ਛੱਡਿਆਂ- ਜਿਨ੍ਹਾਂ ਸ਼ਕਲ ਤਬਦੀਲੀਆਂ/ ਕਾਇਆਕਲਪਾਂ ਦਾ ਵਾਪਰਨਾ ਦੇਖਦੇ ਹਾਂ ਉਨ੍ਹਾਂ ਨੂੰ ਮੰਨ ਲੈਣ ਦਾ ਤਾਂ ਇੱਕੋ ਇੱਕ ਤਰੀਕਾ ਇਹੋ ਹੈ ਕਿ ਇੱਕ ਤੋਂ ਵੱਧ ਸਾਰ-ਤੱਤਾਂ ਦੀ ਹੋਂਦ ਮੰਨ ਲਈਏ।

ਸੋਫ਼ੀ ਨੂੰ ਲੱਗਾ ਕਿ ਦਰਸ਼ਨਸ਼ਾਸਤਰ/ਫ਼ਲਸਫ਼ਾ ਉਸ ਵਾਸਤੇ ਉਸਨੂੰ ਦੁੱਗਣੀ ਹੱਲਾਸ਼ੇਰੀ ਦੇਣ ਵਾਲਾ ਅਤੇ ਸੁਖਾਵਾਂ ਸੀ ਕਿਉਂਕਿ ਉਹ ਆਪਣੀ ਆਮ ਅਕਲ ਨਾਲ ਹੀ ਸਾਰੇ ਵਿਚਾਰ ਸਮਝ ਸਕਦੀ ਪਈ ਸੀ- ਉਸਨੂੰ ਉਹ ਸਾਰੀਆਂ ਚੀਜ਼ਾਂ ਚੇਤੇ ਕਰੀ ਜਾਣ ਦੀ ਕੋਈ ਲੋੜ ਨਹੀਂ ਸੀ ਜੋ ਉਸ ਸਕੂਲ ਵਿਚ ਸਿੱਖੀਆਂ ਸਨ। ਉਹ ਇਸ ਸਿੱਟੇ 'ਤੇ ਪੁੱਜੀ ਕਿ ਦਰਸ਼ਨਸ਼ਾਸਤਰ-ਫ਼ਲਸਫ਼ਾ ਕੋਈ ਅਜਿਹਾ ਵਿਸ਼ਾ ਨਹੀਂ ਜਿਸਨੂੰ ਤੁਸੀਂ ਸਿੱਖ ਸਕਦੇ ਹੋ, ਪਰ ਸ਼ਾਇਦ ਤੁਸੀਂ ਦਾਰਸ਼ਨਿਕ-ਫ਼ਲਸਫ਼ਾਨਾ ਢੰਗ ਨਾਲ ਸੋਚਣਾ ਸਿੱਖ ਸਕਦੇ ਹੋ। {ਚੱਲਦਾ

# ਬਾਲ ਸੁਨੇਹੜੇ



ਮ੍ਹਾਣੇ ਚੂਹੇ ਕੱਢੀ ਕਿਤਾਬ
ਡਡ ਵੀ ਆ ਗਈ ਮਾਰ ਕੇ ਛਾਲ
"ਆਹ ਵੇਖ" ਮ੍ਹਾਣੇ ਕਿਹਾ ਸਫ਼ੇ ਉਥੱਲ-
ਕੁਝ ਆਕਾਰ ਤਾਂ ਹੁੰਦੇ ਪੂਰੇ ਈ ਝੱਲ!"

ਮ੍ਹਾਣੇ ਚੂਹੇ ਕੀਤੀ ਤਿਕੋਣ ਕੰਨੀਂ ਉਂਗਲ
ਤੇ ਫੇਰ ਵੱਲ ਗੋਲੇ, ਚੰਨ ਤੇ ਆਇਤਾਕਾਰ-
ਸਿਰਫ਼ ਕਿਤਾਬ 'ਚ ਹੀ ਨਹੀਂ, ਘਰ ਵਿਚ ਵੀ!
ਅਹੁ ਵੇਖ! ਅਹੁ ਐ ਚੌਕੋਰ, ਅਹੁ ਅੰਡਾਕਾਰ।



ਹੁਣ ਡੱਡ ਕਹਿੰਦੀ ਉਸ ਵੀ ਖੇਡਣੈਂ-
ਭਲਾ ਕਿੰਨੇ ਕੁ ਆਕਾਰ ਹੋਏ ਉਹਨੂੰ ਯਾਦ?
ਹੱਸਦੀ ਪੂਰਾ ਈ ਮੂੰਹ ਖੋਲ੍ਹ, ਅੱਖਾਂ ਟੱਡੀ
ਨਿਕਲੀ ਬਾਹਰ -ਲੱਭਣ ਅੱਜ ਸਾਰੇ ਈ ਆਕਾਰ।



ਲਓ ਬਈ ਆਕਾਰਾਂ ਨੂੰ ਲੱਭਣ, ਚੱਲੀ ਏ ਡੱਡ
ਬਗੀਚੀ 'ਚ ਕੀ ਨਹੀਂ ਉੱਗਿਆ, ਓਥੇ ਗਈ ਵੜ।
ਇੱਥੇ ਕਿੰਨੇ ਈ ਆਕਾਰ, ਵੱਡੇ ਵੀ ਤੇ ਨਿੱਕੇ ਵੀ-
ਗੋਲੇ ਤੇ ਅੰਡਾਕਾਰ- ਸਭ ਲੱਭ ਲਏਗੀ ਜਿੱਥੇ ਵੀ?

ਓਥੇ ਵੀ ਹੋਣਗੇ ਕਈ ਸਾਰੇ ਹੋਰ ਆਕਾਰ,
ਆਖਦੀ ਡੱਡੀ ਜਾ ਵੜੀ ਸ਼ੈੱਡ ਦੇ ਅੰਦਰਵਾਰ।
ਤੇ ਸਹੀ ਹੀ, ਇੱਥੇ ਸਨ ਆਕਾਰ ਈ ਆਕਾਰ-
ਕਿਤੇ ਚੌਕੋਰ ਬਾਰੀਆਂ, ਕਿਤੇ ਆਇਤਾਕਾਰ ਬਾਰ!



ਚੌਕੋਰ ਤੇ ਆਇਤਾਕਾਰ ਤਾਂ ਦਿਸਦੇ ਹਰ ਪਾਸੇ-
ਇਮਾਰਤਾਂ ਦੇ ਉੱਤੇ, ਧਰਤੀ 'ਤੇ ਪਸਰੇ।
ਤੁਸੀਂ ਕਿੰਨੇ ਕੁ ਆਕਾਰ ਦੇਖਦੇ ਓ ਪਏ ਜੀ?
ਲੱਭੋ, ਲੱਭੋ, ਲੱਭੋ- ਪਰ ਗਿਣਿਓਂ ਪੂਰੇ ਸਹੀ!

ਗਈ ਫੇਰ ਡੱਡ ਵੱਲ ਟੋਭੇ ਦੇ,
ਉਹ ਥਾਂ ਜੋ ਉਹਨੂੰ ਕੁਦਰਤੀ ਲੱਗੇ ਪਿਆਰੀ।
ਤੇ ਕੀ ਵੇਖਿਆ ਉਸ ਜਦ ਸੀ ਓਥੇ?
ਤਿਕੋਣ ਹੀ ਤਿਕੋਣ ਜਿੱਧਰ ਵੇਖੇ!

ਬੇੜੀਆਂ ਦੇ ਲੱਗੀਆਂ ਤਿਕੋਣੀਆਂ ਪਾਲਾਂ,
ਲਾ ਲਏ ਹਵਾ ਭਾਵੇਂ ਵਾਹਵਾ ਹੀ ਜ਼ੋਰ!
ਤੇ ਝੰਡੀਆਂ, ਟੈਂਟ-ਤੰਬੂ ਅਤੇ ਇੱਕ ਪਤੰਗ,
ਤਿਕੋਣਾਂ ਬੰਨ੍ਹਿਆ ਰੰਗ ਹੀ ਹੋਰ!

ਡੱਡ ਕਹਿੰਦੀ ਹੋ ਗਿਐ ਟਾਈਮ ਘਰ ਮੁੜੀਏ,
ਮ੍ਹਾਣੇ ਚੂਹੇ ਨੂੰ ਚਲੋ ਸਾਰਾ ਹਾਲ ਚਾਲ ਦੱਸੀਏ।
ਮ੍ਹਾਣੇ ਨੂੰ ਦੱਸਦਿਆਂ ਹਾਲ ਸਾਰੇ ਦਿਨ ਦਾ,
ਅਸਮਾਨੀਂ ਦਿਸ ਪਏ ਤਾਰੇ ਤੇ ਸੁਹਣਾ ਚੰਨ ਹੱਸਦਾ।

ਰਾਤੀਂ ਹੋਈ ਨਿਹਾਲ ਉਹ ਤੱਕਦੀ ਏ 'ਤਾਂਹ,
ਉਂਗਲ ਨਾਲ ਦੱਸੇ ਹਰ ਆਕਾਰ ਦਾ ਨਾਂ।
ਫੇਰ ਤਸੱਲੀ ਕਰ ਕੇ ਆਪਣੀ ਪੂਰੀ,
ਛਾਲਾਂ ਮਾਰਦੀ ਡੱਡ ਚੜ੍ਹ ਗਈ ਘਰ ਦੀ ਪੌੜੀ।











# ਤੋਤਾ, ਚਿੜੀ ਤੇ ਕਬੂਤਰ ਦੀ ਦੋਸਤੀ

ਜੰਗਲ ਦੇ ਇੱਕ ਰੁੱਖ 'ਤੇ ਤੋਤਾ, ਚਿੜੀ ਤੇ ਕਬੂਤਰ ਰਹਿੰਦੇ ਸਨ। ਉਨ੍ਹਾਂ ਦਾ ਆਪਸ ਵਿੱਚ ਬਹੁਤ ਪਿਆਰ ਸੀ। ਇੱਕ ਦੂਜੇ ਦੀ ਮਦਦ ਲਈ ਉਹ ਸਦਾ ਤਿਆਰ ਰਹਿੰਦੇ ਸਨ। ਹਰ ਦੁੱਖ-ਸੁੱਖ ਵਿੱਚ ਇੱਕ ਦੂਜੇ ਦੇ ਕੰਮ ਆਉਣਾ ਉਨ੍ਹਾਂ ਨੇ ਆਪਣਾ ਫ਼ਰਜ਼ ਸਮਝਿਆ ਹੋਇਆ ਸੀ। ਉਨ੍ਹਾਂ ਦੇ ਆਪਸੀ ਪਿਆਰ ਦੀਆਂ ਗੱਲਾਂ ਸਾਰੇ ਜੰਗਲ ਵਿੱਚ ਹੁੰਦੀਆਂ ਸਨ। ਇਹ ਹੀ ਕਾਰਨ ਸੀ ਕਿ ਜਦੋਂ ਜੰਗਲ ਦੇ ਰਾਜੇ ਦੀ ਚੋਣ ਕਰਨੀ ਹੁੰਦੀ ਤਾਂ ਉਨ੍ਹਾਂ ਦੀ ਸਲਾਹ ਜ਼ਰੂਰ ਲਈ ਜਾਂਦੀ।

ਇਸ ਵਾਰ ਵੀ ਚੋਣਾਂ ਨਜ਼ਦੀਕ ਆ ਰਹੀਆਂ ਸਨ। ਇਸ ਕਰਕੇ ਉਨ੍ਹਾਂ ਦੀ ਸਲਾਹ ਲੈਣ ਲਈ ਬਹੁਤ ਸਾਰੇ ਸਾਥੀ ਉਨ੍ਹਾਂ ਦੇ ਰੁੱਖ 'ਤੇ ਆਉਂਦੇ, ਉਨ੍ਹਾਂ ਨਾਲ ਗੱਲਬਾਤ ਕਰਦੇ ਤੇ ਉਨ੍ਹਾਂ ਦੇ ਫ਼ੈਸਲੇ 'ਤੇ ਫੁੱਲ ਚੜ੍ਹਾਉਂਦੇ ਵਾਪਸ ਚਲੇ ਜਾਂਦੇ।

ਪਰ ਇਸ ਵਾਰ ਹਾਲਤ ਅਜੀਬ ਬਣ ਰਹੀ ਸੀ। ਜੰਗਲ ਦੇ ਬਹੁਤੇ ਪੰਛੀ ਤੇ ਜਾਨਵਰ ਇਸ ਗੱਲ 'ਤੇ ਸਹਿਮਤੀ ਪ੍ਰਗਟਾਅ ਰਹੇ ਸਨ ਕਿ ਰਾਜਾ ਚੁਣਨ ਦੇ ਨਾਲ਼ ਨਾਲ਼ ਤੋਤਾ, ਚਿੜੀ ਜਾਂ ਕਬੂਤਰ ਵਿੱਚੋਂ ਕਿਸੇ ਇੱਕ ਨੂੰ ਮੰਤਰੀ ਦਾ ਅਹੁਦਾ ਜ਼ਰੂਰ ਦਿੱਤਾ ਜਾਵੇ ਤਾਂ ਕਿ ਅਮਨ ਚੈਨ ਤੇ ਆਪਸੀ ਪ੍ਰੇਮ-ਪਿਆਰ ਦਾ ਪਾਠ ਸਾਰੇ ਜੰਗਲ ਵਿੱਚ ਫੈਲੇ। ਜਦੋਂ ਹੀ ਇਸ ਗੱਲ ਦੀ ਭਿਣਕ ਤੋਤੇ ਨੂੰ ਪਈ, ਉਸਨੇ ਆਪਣੇ ਦੋਨਾਂ ਸਾਥੀਆਂ ਨੂੰ ਕੋਲ਼ ਬੁਲਾਅ ਕੇ ਕਿਹਾ, "ਦੇਖੋ ਭਰਾਵੋ, ਸਾਡੇ ਇਮਤਿਹਾਨ ਦੀ ਅਸਲ ਘੜੀ ਹੁਣ ਆਈ ਹੈ। ਸਾਡੇ ਬਹੁਤੇ ਸਾਥੀ ਸਾਨੂੰ ਆਪਸ ਵਿੱਚ ਭਿੜਨ ਲਈ ਮਜਬੂਰ ਕਰਨਗੇ ਤੇ ਅਸੀਂ ਇਸ ਤੋਂ ਬਚਣਾ ਹੈ।"

ਚਿੜੀ ਸਾਰੀ ਗੱਲ ਨੂੰ ਸਮਝਦੀ ਬੋਲੀ, "ਹਾਂ, ਬਿਲਕੁਲ। ਜੇ ਅਸੀਂ ਆਪਸ ਵਿੱਚ ਇੱਕ ਨਾ ਰਹੇ ਤਾਂ ਜੋ ਲੋਕ ਅੱਜ ਸਾਡੀ ਦੋਸਤੀ ਦੀ ਤਾਰੀਫ਼ ਕਰ ਰਹੇ ਹਨ ਕੱਲ੍ਹ ਉਹ ਹੀ ਸਾਡੀ ਦੋਸਤੀ ਦਾ ਮਜ਼ਾਕ ਉਡਾਉਣਗੇ।"

ਕਬੂਤਰ ਨੇ ਵੀ ਹਾਮੀ ਭਰੀ। ਜਿਉਂ ਜਿਉਂ ਚੋਣਾਂ ਦਾ ਸਮਾਂ ਨਜ਼ਦੀਕ ਆ ਰਿਹਾ ਸੀ, ਹਰ ਪਾਸੇ ਤਿੰਨਾਂ ਦੇ ਚੋਣਾਂ ਵਿੱਚ ਭਿੜਨ ਦੀ ਚਰਚਾ ਹੀ ਛਿੜ ਰਹੀ ਸੀ।

ਕਾਂ ਨੇ ਕਬੂਤਰ ਤੱਕ ਪਹੁੰਚ ਕੀਤੀ। ਉਸ ਨੇ ਮਿਲਦੇ ਸਾਰ ਹੀ ਕਬੂਤਰ ਨੂੰ ਕਿਹਾ, "ਭਰਾਵਾ, ਮੇਰੀ ਗੱਲ 'ਤੇ ਗ਼ੌਰ ਕਰੀਂ, ਆਪਾਂ ਸਾਰੀਆਂ ਵੋਟਾਂ ਤੈਨੂੰ ਪਾਉਣ ਨੂੰ ਤਿਆਰ ਹਾਂ ਪਰ ਤੂੰ ਤੋਤੇ ਤੇ ਚਿੜੀ ਨੂੰ ਇੱਕ ਪਾਸੇ ਕਰ -ਆਪ ਚੋਣਾਂ ਵਿੱਚ ਕੁੱਦ ਜਾ।" ਕਬੂਤਰ ਨੇ ਉਸਦੀ ਗੱਲ ਨੂੰ ਤੁਰੰਤ ਕੱਟਦਿਆਂ ਕਿਹਾ, "ਅਜਿਹਾ ਨਹੀਂ ਹੋ ਸਕਦਾ, ਜੇ ਤੁਸੀਂ ਅਜਿਹਾ ਕਰਨਾ ਹੈ ਤਾਂ ਸਾਡੀ ਇਸ ਬਾਰੇ ਨਾਂਹ ਹੀ ਸਮਝੋ।"

ਚਿੜੀ ਕੋਲ ਗੁਟਾਰ, ਭਾਲੂ ਆਏ ਤੇ ਉਨ੍ਹਾਂ ਨੇ ਕਈ ਤਰ੍ਹਾਂ ਦੇ ਲਾਲਚ ਦਿੱਤੇ।

ਇਸੇ ਤਰ੍ਹਾਂ ਹੀ ਵਾਰੀ-ਵਾਰੀ ਤੋਤੇ ਨੂੰ ਬਹੁਤ ਸਾਰੇ ਜਾਨਵਰ ਪੰਛੀ ਮਿਲੇ ਪਰ ਉਸ ਨੇ ਕਿਸੇ ਦੀ ਇੱਕ ਨਾ ਮੰਨੀ। ਕਈਆਂ ਨੇ ਕਿਹਾ, 'ਆਪਸੀ ਦੋਸਤੀ ਕੁਝ ਨਹੀਂ ਹੁੰਦੀ, ਅਹੁਦਾ ਵੱਡਾ ਹੁੰਦਾ', ਪਰ ਤਿੰਨਾਂ 'ਚੋਂ ਕੋਈ ਵੀ ਇਸ ਗੱਲ ਲਈ ਤਿਆਰ ਨਾ ਹੋਇਆ।

ਆਖਿਰ ਜੰਗਲ ਦੇ ਵਿਚਕਾਰ ਵੱਡੇ ਪਿੱਪਲ ਦੇ ਰੁੱਖ ਹੇਠ ਇਕੱਠ ਹੋਇਆ। ਜੰਗਲ ਦਾ ਰਾਜਾ ਸ਼ੇਰ ਆਖਣ ਲੱਗਾ,"ਹਾਂ ਬਈ, ਜਿਨ੍ਹਾਂ ਜਿਨ੍ਹਾਂ ਦੀ ਡਿਊਟੀ ਤੋਤੇ, ਕਬੂਤਰ ਤੇ ਚਿੜੀ ਨੂੰ ਆਪਸ ਵਿੱਚ ਤੋੜਨ 'ਤੇ ਲਗਾਈ ਗਈ ਸੀ ਉਹ ਆਪਣੀ ਰਿਪੋਰਟ ਪੇਸ਼ ਕਰਨ।"

ਦੇਖਦਿਆਂ ਦੇਖਦਿਆਂ ਵੀਹ-ਪੱਚੀ ਜਣੇ ਸਾਹਮਣੇ ਆ ਗਏ ਪਰ ਕਿਸੇ ਨੇ ਵੀ ਇਹ ਨਹੀਂ ਕਿਹਾ ਕਿ ਉਹ ਤਿੰਨਾਂ ਨੂੰ ਆਪਸ ਵਿੱਚ ਤੋੜਨ ਵਿੱਚ ਕਾਮਯਾਬ ਹੋਏ ਹਨ।

ਤੋਤਾ, ਚਿੜੀ ਤੇ ਕਬੂਤਰ ਵੀ ਉੱਥੇ ਹੀ ਮੌਜੂਦ ਸਨ। ਰਾਜਾ ਸ਼ੇਰ ਨੇ ਉਨ੍ਹਾਂ ਤਿੰਨਾਂ ਵੱਲ ਇਸ਼ਾਰਾ ਕਰਦਿਆਂ ਕਿਹਾ, "ਮਾਫ਼ ਕਰਨਾ, ਅਸੀਂ ਤੁਹਾਨੂੰ ਪਰਖਣ ਲਈ ਅਜਿਹਾ ਕੁਝ ਕੀਤਾ! ਤੁਹਾਡੀ ਦੋਸਤੀ ਦੀਆਂ ਗੱਲਾਂ ਤਾਂ ਸਾਰੇ ਜੰਗਲ ਵਿੱਚ ਹੁੰਦੀਆਂ ਹਨ। ਇਸੇ ਕਰਕੇ ਅਸੀਂ ਇਸ ਵਾਰ ਤੁਹਾਡੇ 'ਚੋਂ ਸਿਰਫ਼ ਕਿਸੇ ਇੱਕ ਨੂੰ ਰਾਜਾ ਬਣਿਆ ਦੇਖਣਾ ਚਾਹੁੰਦੇ ਸੀ। ਪਰ ਤੁਸੀਂ ਤੋੜਨ 'ਤੇ ਟੁੱਟੇ ਨਹੀਂ ਸਗੋਂ

ਹੋਰ ਜੁੜਦੇ ਗਏ।"

ਇਹ ਸੁਣ ਕਬੂਤਰ ਬੋਲਿਆ, "ਰਾਜਾ ਜੀ, ਇਹ ਹੀ ਅਸਲ ਦੋਸਤੀ ਹੁੰਦੀ ਹੈ।"

ਰਾਜਾ ਫੇਰ ਬੋਲਿਆ, "ਚਲੋ, ਫਿਰ ਅਸੀਂ ਵੀ ਇਸ ਵਾਰ ਫ਼ੈਸਲਾ ਲਿਆ ਹੈ ਕਿ ਰਾਜਾ ਤੁਹਾਡੇ 'ਚੋਂ ਕੋਈ ਇੱਕ ਹੀ ਬਣੇਗਾ ਤੇ ਇਸ ਰਾਜ ਨੂੰ ਚੰਗੀ ਤਰ੍ਹਾਂ ਚਲਾਏਗਾ ਤੇ ਆਪਣੇ ਇਸੇ ਦੋਸਤੀ ਦੇ ਫੁੱਲ ਨੂੰ ਪੂਰੇ ਜੰਗਲ ਵਿੱਚ ਖਿੜਾਉਣ ਲਈ ਹਰ ਸੰਭਵ ਕੋਸ਼ਿਸ਼ ਕਰੇਗਾ।"

ਤਿੰਨਾਂ ਨੇ ਇੱਕ ਦੂਜੇ ਵੱਲ ਦੇਖਦਿਆਂ ਭਰੀ ਸਭਾ ਵਿੱਚ ਖੜ੍ਹੇ ਹੋ ਕੇ ਆਪਣਾ ਫੈਸਲਾ ਸੁਣਾਇਆ।

ਸਭ ਤੋਂ ਪਹਿਲਾਂ ਤੋਤਾ ਬੋਲਿਆ, "ਜੇ ਤੁਸੀਂ ਸਾਡੇ ਵਿਚੋਂ ਹੀ ਇੱਕ ਨੂੰ ਰਾਜਾ ਦੇਖਣਾ ਚਾਹੁੰਦੇ ਹੋ ਤਾਂ ਸਾਲ ਵਿੱਚੋਂ ਪਹਿਲੇ ਚਾਰ ਮਹੀਨੇ ਚਿੜੀ ਰਾਜ ਦੀ ਸੇਵਾ ਕਰੇਗੀ।"



ਚਿੜੀ ਨੇ ਗੱਲ ਅੱਗੇ ਤੋਰਦਿਆਂ ਕਿਹਾ, "ਤੇ ਅਗਲੇ ਚਾਰ ਮਹੀਨੇ ਕਬੂਤਰ ਰਾਜ ਦੀ ਸੇਵਾ ਕਰੇਗਾ ਤੇ ਰਹਿੰਦੇ ਚਾਰ ਮਹੀਨੇ ਤੋਤਾ ਇਸ ਰਾਜ ਦੀ ਸੇਵਾ ਕਰੇਗਾ।"

ਸਭ ਨੂੰ ਤਿੰਨਾਂ ਦਾ ਫ਼ੈਸਲਾ ਬਹੁਤ ਪਸੰਦ ਆਇਆ। ਤਿੰਨਾਂ ਨੇ ਸਭ ਦਾ ਧੰਨਵਾਦ ਕਰਦਿਆਂ ਰਾਜ ਨੂੰ ਚਲਾਉਣ ਦਾ ਫ਼ੈਸਲਾ ਲਿਆ। ਤਾਂ ਇਓਂ ਸਰਬ ਸੰਮਤੀ ਨਾਲ ਚੁਣ ਕੇ ਰਾਜ ਦਾ ਕੰਮ ਉਨ੍ਹਾਂ ਦੇ ਹੱਥਾਂ ਵਿੱਚ ਦੇ ਦਿੱਤਾ ਗਿਆ।

ਸ਼ਾਮੀਂ ਘਰਾਂ ਨੂੰ ਪਰਤ ਰਹੇ ਸਾਰੇ ਪ੍ਰਾਣੀ ਇਸ ਨਰੋਏ ਤੇ ਨਿਰਾਲੇ ਫ਼ੈਸਲੇ ਦੀ ਤਾਰੀਫ਼ ਕਰਦੇ ਨਹੀਂ ਸਨ ਥੱਕ ਰਹੇ।



# ਇਨਸਾਨਵਾਦੀ ਅਭਿਆਸ

## ਜ਼ਿੰਦਗੀ ਦੇ ਮਤਲਬ ਬਾਰੇ ਤਜਰਬੇ

ਆਪਾ-ਸੁਧਾਰ

### ਦੁਹਰਾਈ ਤੁਰੇ ਜਾਣਾ

ਰਾਤ ਦਾ ਸਮਾਂ ਹੈ। ਮੈਂ ਇੱਕ ਬਹੁਤ ਘੱਟ ਚਾਨਣੇ ਵਾਲੀ ਸੜਕ ਤੋਂ ਲੰਘ ਰਿਹਾ/ੀ ਹਾਂ। ਇਹ ਇੱਕ ਗਲੀ ਵਰਗੀ ਹੀ ਭੀੜੀ ਹੈ। ਮੈਨੂੰ ਕੋਈ ਨਹੀਂ ਦਿਸ ਰਿਹਾ। ਧੁੰਧਲਕੇ ਜਿਹੇ ਵਿਚੋਂ ਮੈਨੂੰ ਦੂਰ ਇੱਕ ਰੌਸ਼ਨੀ ਦਿਸਦੀ ਪਈ ਹੈ। ਮੇਰੇ ਪੈਰਾਂ ਦੀ ਇੱਕ ਨਹਿਸ਼ ਜਿਹੀ ਚਾਪ ਗੂੰਜ ਰਹੀ ਹੈ। ਮੈਂ ਹੋਰ ਤੇਜ਼ ਤੁਰਨ ਲੱਗ ਪਿਆ/ੀ ਹਾਂ ਕਿ-ਓਂਕਿ ਮੈਂ ਸੜਕ ਦੀ ਅਗਲੀ ਬੱਤੀ ਤੱਕ ਛੇਤੀ ਪਹੁੰਚਣਾ ਚਾਹੁੰਦਾ/ੀ ਹਾਂ।

ਜਦੋਂ ਮੈਂ ਉਸ ਸੜਕੀ ਰੌਸ਼ਨੀ ਦੇ ਕੋਲ ਪੁੱਜਦਾ/ੀ ਹਾਂ, ਇੱਕ ਇਨਸਾਨੀ ਆਕਾਰ ਮੇਰੇ ਧਿਆਨ ਵਿਚ ਆਉਂਦਾ ਹੈ। ਇਹ ਆਕਾਰ ਕੋਈ ਦਸ ਫ਼ੁੱਟ ਪਰ੍ਹੇ ਹੈ। ਇਹ ਇੱਕ ਬਜ਼ੁਰਗ ਤੀਵੀਂ ਹੈ ਜਿਸਦਾ ਅੱਧਾ ਮੂੰਹ ਢਕਿਆ ਹੈ। ਅਚਾਨਕ, ਘੱਗੀ-ਟੁੱਟਦੀ ਜਿਹੀ ਆਵਾਜ਼ ਵਿਚ ਉਹ ਮੈਨੂੰ ਪੁੱਛਦੀ ਹੈ ਕਿ ਕਿੰਨੇ ਵੱਜੇ ਹਨ। ਮੈਂ ਆਪਣੀ ਘੜੀ ਵੱਲ ਦੇਖ ਕੇ ਕਿਹਾ ਹੈ, "ਸਵੇਰ ਦੇ ਤਿੰਨ"।

ਮੈਂ ਕਾਹਲੀ ਕਾਹਲੀ ਕਦਮ ਪੁੱਟ ਅੱਗੇ ਵਧ ਜਾਂਦਾ/ੀ ਹਾਂ, ਅਤੇ ਮੁੜ ਉਸੇ ਧੁੰਧਲਕੇ ਅਤੇ ਹਨੇਰੇ ਵਿਚ ਵੜ ਜਾਂਦਾ/ੀ ਹਾਂ, ਇਸ ਤਾਂਘ ਨਾਲ ਕਿ ਅਗਲੀ ਸੜਕੀ-ਰੌਸ਼ਨੀ ਤੀਕ ਪੁੱਜ ਜਾਵਾਂ ਜੋ ਮੈਨੂੰ ਪਤਾ ਲੱਗ ਰਿਹਾ ਹੈ ਕਿ ਕੁਝ ਦੂਰੀ 'ਤੇ ਮੌਜੂਦ ਹੈ।
ਜਦੋਂ ਮੈਂ ਓਥੇ ਪੁੱਜਦਾ/ੀ ਹਾਂ, ਤਾਂ ਅੱਗੇ ਉਹੋ ਤੀਵੀਂ ਮੁੜ ਖੜ੍ਹੀ ਹੈ। ਮੈਂ ਆਪਣੀ ਘੜੀ ਵੱਲ
ਦੇਖਿਆ ਜਿੱਥੇ 2.30 ਵੱਜੇ ਹਨ।

ਮੈਂ ਹੋਰ ਅਗਲੀ ਸੜਕੀ-ਰੌਸ਼ਨੀ ਵੱਲ ਭੱਜ ਲਿਆ, ਆਪਣੇ ਮੋਢੇ ਤੋਂ ਦੀ ਪਿਛਾਂਹ ਨਜ਼ਰ ਮਾਰ ਮਾਰ। ਮੈਨੂੰ ਦਿਸ ਰਿਹਾ ਹੈ ਕਿ ਮੈਂ ਭੱਜ ਰਿਹਾ/ੀ ਹਾਂ ਪਰ ਉਹ ਆਕਾਰ ਤਾਂ ਓਥੇ ਦਾ ਓਥੇ ਹੀ ਹੈ। ਇਓਂ ਭੱਜ ਕੇ ਅਗਲੀ ਸੜਕੀ-ਰੌਸ਼ਨੀ ਤੱਕ ਪੁੱਜਿਆ/ੀ ਹਾਂ। ਤੇ ਅੱਗੇ,ਫੇਰ ਉਹੋ ਆਕਾਰ ਮੈਨੂੰ ਉਡੀਕ ਰਿਹਾ ਹੈ। ਮੈਂ ਆਪਣੀ ਘੜੀ ਵੱਲ ਦੇਖਿਆ ਹੈ। 2.00 ਵੱਜੇ ਹਨ।

ਮੈਂ ਹੋਰ ਤੇਜ਼ ਭੱਜਣਾ ਸ਼ੁਰੂ ਕੀਤਾ ਹੈ, ਸ਼ੁਦਾਈਆਂ ਵਾਂਗ, ਤੇ ਕਈ ਸੜਕੀ-ਰੌਸ਼ਨੀਆਂ ਅਤੇ ਉਸ ਬਜ਼ੁਰਗ ਤੀਵੀਂ ਨੂੰ ਲੰਘੀ ਜਾਂਦਾ/ੀ ਹਾਂ, ਤੇ ਅਖੀਰ, ਪੂਰੀ ਤਰ੍ਹਾਂ ਹਫ਼ ਕੇ, ਮੈਂ ਸੜਕ ਦੇ ਵਿਚਕਾਰ ਖਲੋਅ ਗਿਆ/ੀ ਹਾਂ। ਮੈਂ ਆਪਣੀ ਘੜੀ ਵੱਲ ਤੱਕਿਆ ਹੈ ਤੇ ਹੁਣ ਇਸ ਦੇ ਸ਼ੀਸ਼ੇ ਵਿਚੋਂ ਉਸ ਬਜ਼ੁਰਗ ਤੀਵੀਂ ਦਾ ਚਿਹਰਾ ਝਲਕ ਰਿਹਾ ਹੈ। ਮੈਂ ਸਮਝ ਲਿਆ ਹੈ ਕਿ ਅਖੀਰ ਆ ਗਿਆ ਹੈ...

ਇਸ ਸਭ ਦੇ ਬਾਵਜੂਦ, ਮੈਂ ਹਾਲਾਤ ਨੂੰ ਸਮਝਣ ਦੀ ਕੋਸ਼ਿਸ਼ ਕੀਤੀ, ਅਤੇ ਆਪਣੇ ਆਪ ਨੂੰ ਵਾਰ ਵਾਰ ਪੁੱਛਿਆ, "ਮੈਂ ਕਿਸ ਚੀਜ਼ ਤੋਂ ਭੱਜ ਰਿਹਾ/ੀ ਹਾਂ...ਮੈਂ ਕਿਸ ਚੀਜ਼ ਤੋਂ ਭੱਜ ਰਿਹਾ/ੀ ਹਾਂ...?" ਬਜ਼ੁਰਗ ਤੀਵੀਂ ਦੀ ਆਵਾਜ਼ ਮੈਨੂੰ ਜੁਆਬ ਦੇਂਦੀ ਹੈ, "ਮੈਂ ਤੇਰੇ ਪਿੱਛੇ ਹਾਂ ਤੇ ਮੈਂ ਤੇਰੇ ਅੱਗੇ ਹਾਂ। ਜੋ ਹੋ ਚੁੱਕਾ ਹੈ ਉਹੋ ਫੇਰ ਹੋਵੇਗਾ। ਪਰ ਤੂੰ ਬਹੁਤ ਭਾਗਾਂ ਵਾਲਾ/ੀ ਹੈਂ ਕਿਉਂਕਿ ਤੂੰ ਇੱਕ ਪਲ ਲਈ ਰੁਕ ਕੇ ਸੋਚ ਸਕਿਆ/ੀ ਹੈਂ। ਜੇ ਤੂੰ ਇਸ ਦਾ ਹਲ ਕੱਢਣ ਵਿਚ ਕਾਮਯਾਬ ਹੋ ਜਾਏਂ, ਤਾਂ ਤੂੰ ਆਪਣੇ ਹੀ ਜਾਲ ਵਿਚੋਂ ਬਚ ਨਿਕਲ ਸਕੇਂ।" (॥)

ਮੈਨੂੰ ਉਲਝੇਵਾਂ ਅਤੇ ਥਕਾਵਟ ਮਹਿਸੂਸ ਹੋ ਰਹੀ ਹੈ। ਫੇਰ ਵੀ, ਮੈਨੂੰ ਅਜੇ ਵੀ ਲੱਗ ਰਿਹਾ ਹੈ ਕਿ ਕੋਈ ਨਾ ਕੋਈ ਰਾਹ ਤਾਂ ਜ਼ਰੂਰ
ਹੀ ਹੋਵੇਗਾ। ਕਿਸੇ ਕਾਰਨਮੈਨੂੰ ਆਪਣੀ ਜ਼ਿੰਦਗੀ ਵਿਚ ਨਾਕਾਮਯਾਬੀਆਂ ਦੇ ਕਈ ਮੌਕੇ ਚੇਤੇ ਆਏ। ਮੈਨੂੰ ਆਪਣੇ ਬਚਪਨ ਦੀਆਂ ਪਹਿਲੀਆਂ ਨਾਕਾਮਯਾਬੀਆਂ ਚੇਤੇ ਆਉਣ ਲੱਗੀਆਂ। (॥)

ਫੇਰ, ਮੈਨੂੰ ਆਪਣੀ ਜਵਾਨੀ ਦੀਆਂ ਨਾਕਾਮਯਾ-ਬੀਆਂ ਚੇਤੇ ਆਈਆਂ। (॥)

ਫੇਰ, ਮੈਨੂੰ ਆਪਣੀਆਂ ਹੁਣੇ ਪਿੱਛੇ ਜਿਹੇ ਦੀਆਂ ਨਾਕਾਮਯਾਬੀਆਂ ਚੇਤੇ ਆਉਂਦੀਆਂ ਹਨ। (॥)

ਮੈਨੂੰ ਸਮਝ ਆਈ ਹੈ ਕਿ ਭਵਿੱਖ ਵਿਚ ਵੀ, ਨਾਕਾਮਯਾਬੀ ਤੋਂ ਬਾਅਦ ਨਾਕਾਮਯਾਬੀ ਦੁਹਰਾਈ ਜਾਂਦੀ ਰਹੇਗੀ। (॥)

ਮੇਰੀਆਂ ਸਾਰੀਆਂ ਹਾਰਾਂ ਵਿਚ ਕੋਈ ਸਾਂਝੀ ਚੀਜ਼ ਹੈ ਸੀ, ਤੇ ਉਹ ਇਹ ਕਿ ਮੈਂ ਜੋ ਕੁਝ ਵੀ ਕੀਤਾ ਕਰਾਇਆ ਉਸ ਵਿਚ ਕੋਈ ਢੰਗ-ਤਰਤੀਬ ਨਹੀਂ ਸੀ। ਉਹ ਉਲਝੀਆਂ ਹੋਈਆਂ ਇੱਛਾਵਾਂ-ਤਾਂਘਾਂ ਸਨ ਜੋ ਅਖੀਰ ਆਪਸ 'ਚ ਹੀ ਭਿੜਦੀਆਂ ਰਹੀਆਂ। (॥)

ਹੁਣ ਵੀ, ਮੈਨੂੰ ਦਿਸ ਪਿਆ ਹੈ ਕਿ ਬੜਾ ਕੁਝ ਜੋ ਮੈਂ ਭਵਿੱਖ ਵਿਚ ਹਾਸਿਲ ਕਰਨ ਲਈ ਤਾਂਘ ਰਿਹਾ/ੀ ਹਾਂ ਉਹ ਆਪੋ ਵਿਚ ਇੱਕ ਦੂਜੇ ਦੇ ਉਲਟ ਹੈ। (॥)

ਮੈਨੂੰ ਸਮਝ ਨਹੀਂ ਲੱਗ ਰਹੀ ਕਿ ਮੈਂ ਆਪਣੀ ਜ਼ਿੰਦਗੀ ਦਾ ਕਰਾਂ ਤਾਂ ਕੀ ਕਰਾਂ, ਪਰ ਫੇਰ ਵੀ ਮੈਨੂੰ ਕਈ ਚੀਜ਼ਾਂ ਦੀ ਆਪੋ ਵਿਚ ਉਲਝੀ ਜਿਹੀ ਕਿਸਮ ਦੀ ਤਾਂਘ ਹੈ।

ਹਾ, ਮੈਨੂੰ ਭਵਿੱਖ ਤੋਂ ਡਰ ਆਉਂਦਾ ਹੈ, ਤੇ ਮੈਂ ਨਹੀਂ ਚਾਹੁੰਦਾ/ੀ ਕਿ ਮੈਂ ਆਪਣੀਆਂ ਪਹਿਲਾਂ ਵਾਲੀਆਂ ਗਲਤੀਆਂ ਦੁਹਰਾਈ ਜਾਵਾਂ।

ਹੁਣ ਮੇਰੀ ਜ਼ਿੰਦਗੀ ਨੂੰ ਇਸ ਭੀੜੀ, ਧੂੰਏਂ ਵਾਲੀ ਜਿਹੀ ਗਲੀ ਵਿਚ, ਪੀਲੀ ਜਿਹੀ ਰੌਸ਼ਨੀ ਸੁੱਟਦੀਆਂ ਇਨ੍ਹਾਂ ਸੜਕੀ-ਰੌਸ਼ਨੀਆਂ ਵਿਚ ਫਸੀ ਖਲੋਤੀ ਕਾਠ ਮਾਰ ਗਿਆ ਹੈ (ਪਥਰਾਅ ਗਈ ਹੈ)।

ਅਚਾਨਕ, ਇੱਕ ਖਿੜਕੀ ਵਿਚ ਚਾਨਣ ਹੋ ਜਾਂਦਾ ਹੈ, ਤੇ ਕਿਸੇ ਨੇ ਉੱਚੀ ਦੇਣੀ ਮੈਨੂੰ ਕਿਹਾ ਹੈ, "ਕੁਝ ਚਾਹੀਦੈ ਤੈਨੂੰ?"

"ਹਾਂ!" ਮੈਂ ਜੁਆਬ ਦਿੱਤਾ ਹੈ। "ਮੈਂ ਇੱਥੋਂ ਨਿਕਲਣਾ ਹੈ!"

"ਨਹੀਂ, ਨਹੀਂ...ਤੂੰ ਇੱਥੋਂ ਇਕੱਲਿਆਂ ਨਹੀਂ ਨਿੱਕਲ ਸਕਣਾ।"

"ਫੇਰ ਮੈਨੂੰ ਦੱਸੋ ਕਿਵੇਂ ਕਰਾਂ।"

"ਮੇਰੇ ਵੱਸ ਨਹੀਂ, ਤੇ ਜੇ ਅਸੀਂ ਇਸੇ ਤਰ੍ਹਾਂ ਰੌਲਾ ਪਾਉਂਦੇ ਰਹੇ ਤਾਂ ਅਸੀਂ ਸਾਰੇ ਗੁਆਂਢੀਆਂ ਨੂੰ ਨੀਂਦੋਂ ਜਗਾਅ ਬੈਠਾਂਗੇ, ਤੇ ਗੁਆਂਢੀਆਂ ਦੀ ਨੀਂਦ ਕੋਈ ਮਖੌਲ ਤਾਂ ਹੈ ਨਹੀਂ! ਸ਼ੁਭ ਰਾਤਰੀ!"

ਬੱਤੀ ਬੁਝ ਗਈ ਹੈ। ਉਦੋਂ ਫੇਰ ਇੱਕ ਬਹੁਤ ਹੀ ਤਕੜੀ ਤਾਂਘ ਮੇਰੇ ਅੰਦਰਵਾਰ ਪੈਦਾ ਹੁੰਦੀ ਹੈ: ਮੈਂ ਇਸ ਹਾਲਤ ਵਿਚੋਂ ਨਿਕਲਣਾ ਹੀ ਨਿਕਲਣਾ ਹੈ। ਏਨੀ ਗੱਲ ਤਾਂ ਮੇਰੇ ਪੱਲੇ ਪੈ ਗਈ ਹੈ ਕਿ ਮੇਰੀ ਜ਼ਿੰਦਗੀ ਓਦੋਂ ਹੀ ਬਦਲੇਗੀ ਜੇ ਮੈਨੂੰ ਇੱਥੋਂ ਨਿਕਲਣ ਦਾ ਕੋਈ ਰਾਹ ਲੱਭਾ।

ਗਲੀ ਦਾ, ਜਾਪਦਾ ਹੈ, ਇੱਕ ਕੋਈ ਮਤਲਬ ਹੈ, ਪਰ ਅਸਲ ਵਿਚ ਇਹ ਜਨਮ ਤੋਂ ਮੌਤ ਤੱਕ ਦੁਹਰਾਈ ਤੁਰੇ ਜਾਣ ਦਾ ਇੱਕ ਅਨਮੁੱਕ ਸਿਲਸਿਲਾ ਹੈ। ਇਹ ਇੱਕ ਗਲਤ ਅਰਥ-ਕੱਢਣ ਹੈ, ਇਹ ਇੱਕ ਸੜਕੀ-ਰੌਸ਼ਨੀ ਤੋਂ ਦੂਜੀ-ਰੌਸ਼ਨੀ ਤੱਕ ਭੱਜੀ ਜਾਣਾ ਜਦੋਂ ਤੱਕ ਕਿ ਉਹ ਪਲ ਨਹੀਂ ਆਉਂਦਾ ਕਿ ਤਾਕਤ ਹਮੇਸ਼ਾ ਹਮੇਸ਼ਾ ਲਈ ਖ਼ਤਮ ਨਾ ਹੋ ਜਾਏ।

ਹੁਣੇ ਮੈਂ ਆਪਣੇ ਖੱਬੇ ਪਾਸੇ ਇੱਕ ਸੜਕੀ-ਹਿ-ਦਾਇਤ ਦੇਖੀ ਹੈ, ਤੀਰਾਂ ਦੀਆਂ ਸ਼ਕਲਾਂ ਅਤੇ ਅੱਖਰਾਂ ਵਾਲੀ। ਏਸ ਗਲੀ ਵੱਲ ਇਸ਼ਾਰਾ ਕਰਦਾ ਤੀਰ ਦਾ ਨਿਸ਼ਾਨ ਕਹਿ ਰਿਹਾ ਹੈ: "ਜ਼ਿੰਦਗੀ ਵਿਚ ਦੁਹਰਾਈ ਤੁਰੇ ਜਾਣਾ"। ਇੱਕ ਹੋਰ ਗਲੀ ਦਾ ਨਿਸ਼ਾਨ ਕਹਿ ਰਿਹਾ ਹੈ: "ਜ਼ਿੰਦਗੀ ਨੂੰ ਜ਼ਿੰਦਗੀ ਨਾ ਮੰਨਣਾ।" ਤੀਸਰਾ ਕਹਿੰਦਾ ਹੈ "ਜ਼ਿੰਦਗੀ
ਉਸਾਰਨਾ"। ਕੁਝ ਪਲਾਂ ਲਈ ਮੈਂ ਇਸ ਸਭ ਕੁਝ ਬਾਰੇ ਸੋਚ ਵਿਚ ਹਾਂ। (॥)

ਮੈਂ ਤੀਜੇ ਤੀਰ ਦੀ ਦੱਸੀ ਦਿਸ਼ਾ ਫੜ ਲਈ ਹੈ। ਜਦੋਂ ਮੈਂ ਹੁਣ ਵਾਲੀ ਗਲੀ ਵਿਚੋਂ ਨਿੱਕਲ ਇੱਕ ਚੌੜੀ ਅਤੇ ਬਹੁਤ ਚਾਨਣੀ, ਦੋਏ ਪਾਸੇ ਰੁੱਖਾਂ ਵਾਲੀ ਠੰਡੀ ਸੜਕ ਫੜੀ, ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਹੈ ਕਿ ਬੱਸ ਹੁਣਮੈਨੂੰ ਕੁਝ ਸਹੀ-ਕੰਮ ਦੀ ਚੀਜ਼ ਲੱਭਣ ਹੀ ਵਾਲੀ ਹੈ। (॥)

{ਅਨੁ: ਪੂਨਮ ਸਿੰਘ

# ਗਵਾਚੀਆਂ ਗੱਲਾਂ

ਲਿਪੀ ਬਦਲੀ:
ਪਰਮਜੀਤ ਸਿੰਘ ਮੀਸ਼ਾ (ਡਾ.)

ਪ੍ਰਕਾ: ਸਾਚਲ ਪ੍ਰਕਾਸ਼ਨ,
ਅੰਮ੍ਰਿਤਸਰ (175 ਰੁ)
9501944119; 9988453725

## ਅਨਵਰ ਅਲੀ, ਕਾਰਟੂਨਿਸਟ

ਨਵੀਂ ਕਿਤਾਬ- ਲੜੀਵਾਰ




-32-

ਸ਼ਾਹ ਆਲਮੀ ਦੇ ਅੰਦਰ ਪਨਸਾਰੀਆਂ ਦੀਆਂ ਹੱਟੀਆਂ। ਥੋਕ ਵੀ ਤੇ ਪਰਚੂਨ ਵੀ। ਮਸਾਲਿਆਂ ਦੀ ਰਲੀ ਮਿਲੀ ਬੋਅ ਐਨੀ ਗਾਹੜੀ, ਰਾਹੀਆਂ ਦੇ ਕੱਪੜੇ ਲਿੱਬੜੇ ਜਾਣ। ਬਾਜ਼ਾਰ ਐਨਾ ਤੰਗ, ਇਕ ਰੇੜ੍ਹਾ ਤਾਂਗਾ ਆਹਮਣੇ ਸਾਹਮਣੇ ਆ ਜਾਂਦੇ ਤੇ ਜਦ ਤੀਕਰ ਇਕ ਬੈਕ ਕਰ ਕੇ ਕਿਸੀ ਗਲੀ ਵਿੱਚ ਨਾ ਜਾ ਵੜਦਾ ਦੂਜਾ ਲੰਘ ਨਾ ਸਕਦਾ। ਓਨਾ ਚਿਰ ਬਾਕੀ ਦੀ ਮਖ਼ਲੂਕ ਵੀ ਡੱਕੀ ਰਹਿੰਦੀ। ਗਲੀਆਂ ਵਿੰਗੀਆਂ ਤਿੰਗੀਆਂ ਤੰਗ। ਘਰ ਮੋਢੇ ਨਾਲ ਮੋਢਾ ਜੋੜੀ ਖੜ੍ਹੇ। ਉੱਤੋਂ ਤਾਕੀਆਂ ਵਿੱਚੋਂ ਗੁਆਂਢਣਾਂ ਸਾਹਮਣਿਆਂ ਨੂੰ ਭਾਜੀ ਦੀਆਂ ਕੌਲੀਆਂ, ਹੋਰ ਸ਼ੈਵਾਂ ਫੜਾਅ ਲੈਂਦੀਆਂ। ਅੰਦਰੋ ਅੰਦਰੀ ਸੌ ਵਲ ਪਾ ਕੇ ਲਾਲਾ ਸੀਤਾ ਰਾਮ ਦਾ ਘਰ ਆਂਦਾ ਸੀ। ਮੈਨੂੰ ਸ਼ੇਖ਼ ਸ਼ਰੀਫ਼ ਨੇ ਓਹਦੇ ਕੋਲੋਂ ਇਕ ਜ਼ਰੂਰੀ ਫ਼ਾਈਲ ਦਾ ਪੁੱਛਣ ਘੱਲਿਆ ਸੀ। ਲਾਲਾ ਉੱਪਰ ਬਰਸਾਤੀ ਵਿੱਚ ਮੰਜੀ 'ਤੇ ਬੈਠਾ ਸੀ। ਓਹਦੀਆਂ ਦੋ ਪੋਤੀਆਂ ਸ਼ਿਕੰਜੀ ਦਾ ਇਕ ਗਲਾਸ ਲਿਆ ਕੇ ਮੇਰੇ ਦਵਾਲੇ ਹੋ ਗਈਆਂ।

30

"ਭਰਾਤਾ ਜੀ, ਤਾਜ਼ਾ ਨਿੰਬੂ ਦੀ ਏ।"

"ਭਰਾਤਾ ਜੀ, ਮੈਂ ਬਣਾਈ ਏ।"

ਲਾਲੇ ਦੀਆਂ ਪੋਤੀਆਂ ਈ ਹੋਣੀਆਂ। ਹਿੰਦੂ ਧੀਆਂ ਦੇ ਘਰ ਨਹੀਂ ਰਹਿੰਦੇ। ਲਾਲਾ ਮੈਨੂੰ ਆਪਣੇ ਪੈਰਾਂ ਦੇ ਨਹੁੰ ਵਿਖਾਅ ਕੇ ਕਹਿਆ:

"ਅਨਵਰ ਏਹ ਨਹੁੰਆਂ ਹੇਠ ਕਾਲਖ ਆ ਗਈ ਏ। ਏਹ ਸ਼ੂਗਰ ਵਾਲਿਆਂ ਲਈ ਚੰਗੀ ਨਹੀਂ ਹੋਂਦੀ।"

-33-

"ਬੜੇ ਜੀ ਚਾਰ ਸਨ ਮੁੰਡੇ।"

"ਨਾਲੀਆਂ ਵਿੱਚ ਰਿੜ੍ਹਦੇ ਗਏ।"

"ਦੁਸ਼ਮਣ ਦੇ ਗੜ੍ਹ ਵਿੱਚ ਜਾ ਅੱਗ ਲਾਈ।"

"ਪੈਟਰੋਲ ਤੇ ਟਾਇਰਾਂ ਦੀ ਅੱਗ।"

"ਪਾਣੀ ਨਾਲ ਵੀ ਨਹੀਂ ਬੁਝਦੀ।"

"ਆਪ ਵੀ ਨਾ ਨਿਕਲ ਸਕੇ।"

"ਸ਼ਹੀਦ ਹੋ ਗਏ ਦੋਵੇਂ।"

"ਨਹੀਂ ਚਾਰ ਸਨ।"

ਸ਼ਾਹ ਆਲਮੀ ਦੀ ਅੱਗ ਕਈ ਦਿਨ ਬਲਦੀ ਰਹੀ। ਓਹਦੀ ਹਵਾੜ੍ਹ ਫ਼ੈਜ਼ ਬਾਦ ਸਾਡੇ ਘਰ ਆਂਦੀ। ਮੈਨੂੰ ਰਹਿ ਰਹਿ ਕੇ ਲਾਲਾ ਸੀਤਾ ਰਾਮ ਯਾਦ ਆਂਦਾ। ਓਹਦੀਆਂ ਪੋਤੀਆਂ। ਤਾਜ਼ੇ ਨਿੰਬੂ ਦੀ ਸ਼ਿਕੰਜੀ। ਭਰਾਤਾ ਜੀ, ਭਰਾਤਾ ਜੀ। ਨਹੁੰਆਂ ਹੇਠ ਕਾਲਖ। ਚੰਗੀ ਨਹੀਂ ਹੋਂਦੀ, ਸ਼ੂਗਰ ਵਾਲਿਆਂ ਲਈ। ਲਾਲੇ ਕੋਲੋਂ ਤੁਰਿਆ ਮੁਸ਼ਕਲ ਨਾਲ ਜਾਂਦਾ ਸੀ। ਓਸ ਪੈਟਰੋਲ ਟਾਇਰਾਂ ਦੀ ਅੱਗ ਵਿੱਚੋਂ ਕਿਵੇਂ ਨਿਕਲਿਆ। ਜੇ ਨਿਕਲਿਆ।

-34-

ਜਿਸ ਦਿਨ ਮਾਸਟਰ ਤਾਰਾ ਸਿੰਘ ਨੇ ਪੰਜਾਬ ਅਸੰਬਲੀ ਦੇ ਬਾਹਰ ਆਪਣੀ ਕਿਰਪਾਨ ਕੱਢੀ ਓਸ ਸ਼ਾਮੀਂ ਲਾਹੌਰ ਰੇਲਵੇ ਸਟੇਸ਼ਨ ਦੇ ਬਾਹਰ ਇਕ ਬੰਦਾ ਰੇੜ੍ਹੀ 'ਤੇ ਗੈਂਤੀਆਂ ਦੇ ਦਸਤੇ ਵੇਚਦਾ, ਚਾਰ ਚਾਰ ਆਨੇ। ਮੈਂ ਸਾਇਕਲੋਂ ਉੱਤਰ ਕੇ ਦੋ ਖ਼ਰੀਦ ਲਿੱਤੇ। ਮੁਹੰਮਦ ਅਜਮਲ ਰੁਕੇ ਬਿਨਾਂ ਈ ਲੰਡੇ ਬਾਜ਼ਾਰ ਵੱਲ ਮੁੜ ਗਿਆ। ਓਧਰੋਂ ਆਪਣੇ ਘਰ ਕੂਚਾ ਚਾਬਕ ਸਵਾਰਾਂ ਜਾਣ ਲਈ।

ਫੇਰ ਕੋਈ ਮੁਸਲਮਾਨ ਕਿਸੇ ਹਿੰਦੂ ਸਿੱਖ ਨੂੰ ਛੁਰੀ ਮਾਰ ਜਾਂਦਾ ਤੇ ਹਿੰਦੂ ਸਿੱਖ ਕਿਸੇ ਭੀੜ ਵਾਲੀ ਥਾਂ ਇਕ ਬੰਬ ਸੁੱਟ ਕੇ ਆਪਣਾ ਹਿਸਾਬ ਬਰਾਬਰ ਕਰ ਲੈਂਦੇ। ਰਾਜ ਗੜ੍ਹ ਮੁਸਲਮਾਨ ਦੀ ਇਕ ਝੁੱਗੀ ਨੂੰ ਅੱਗ ਲੱਗ ਗਈ। ਝੁੱਗੀਆਂ ਵਾਲੇ ਅੱਗ ਬੁਝਾਣ ਲਈ ਇਕੱਠੇ ਹੋ ਗਏ ਤੇ ਇਕ ਜੀਪ ਲੰਘਦੀ ਓਹਨਾਂ ਵਿੱਚ ਇਕ ਬੰਬ ਸੁੱਟ ਗਈ। ਇਕ ਦਿਨ ਸ਼ਾਹਪੁਰ ਜੀ ਰੇਲਵੇ ਸਟੇਸ਼ਨ 'ਤੇ ਆਪਣੀ ਡਿਊਟੀ 'ਤੇ ਸੀ। ਵਰਕਸ਼ਾਪ ਤੋਂ ਆਂਦਿਆਂ ਮਜ਼ਦੂਰਾਂ ਵਿੱਚ ਬੰਬ ਆ ਡਿੱਗਿਆ। ਉੱਪਰੋਂ ਪੁਲੀ ਤੋਂ, ਕਿਸੇ ਨੇ ਕਹਿਆ: "ਬੰਗਾਲੀ ਲੱਗਦਾ ਸੀ।"

ਸ਼ਾਹਪੁਰ ਜੀ ਪਾਰਸੀ ਸੀ ਪਰ ਰੰਗ ਓਹਦਾ ਪੱਕਾ ਤੇ ਅੱਖਾਂ ਵੀ ਗੋਲ ਗੋਲ। ਲੋਕੀ ਏਧਰ ਓਧਰ ਨੱਠੇ, ਸ਼ਾਹਪੁਰ ਜੀ ਵੀ। ਪਰ ਪੋਲੀਸ ਓਹਨੂੰ ਫੜ ਕੇ ਲੈ ਗਈ। ਲਾਹੌਰ ਦੇ ਪਾਰਸੀ ਵਫ਼ਦ ਬਣਾਅ ਕੇ ਕਈ ਦਿਨ ਡੀ ਸੀ ਤੇ ਐਸ ਐਸ ਪੀ ਨੂੰ ਮਿਲਦੇ ਰਹੇ।

ਜਦ ਛੁੱਟ ਕੇ ਆਇਆ ਤੇ ਕਰਾਚੀ ਬਦਲੀ ਲਈ ਦਰਖ਼ਾਸਤ ਦੇ ਦਿੱਤੀ। ਕਰਾਚੀ ਵੱਧ ਪਾਰਸੀ ਰਹਿੰਦੇ ਸਨ। ਆਪਣਿਆਂ ਵਿੱਚ ਮਰਨ ਨਾਲ ਪਤਾ ਨਹੀਂ ਕੀ ਲੱਗਦਾ ਪਰ ਵਾਰੀ ਓਹਦੀ ਪਾਕਿਸਤਾਨ ਬਣਨ ਮਗਰੋਂ ਈ ਆਈ। ਮਜ਼ਹਰ ਓਹਦਾ ਮਕਾਨ ਮੈਨੂੰ ਕਿਰਾਏ ਦੇ ਦਿੱਤਾ ਤੇ ਸ਼ਾਹਪੁਰ ਜੀ ਨੇ ਆਪਣਾ ਟੀਕਵੁਡ (ਸਾਗਵਾਨ) ਦਾ ਫ਼ਰਨੀਚਰ ਮੈਨੂੰ ਵੇਚਣ ਦੀ ਕੋਸ਼ਿਸ਼ ਕੀਤੀ। ਨਾਲ ਇਕ ਤੋਤਾ। ਸ਼ਾਹਪੁਰ ਜੀ ਕਹਿੰਦਾ ਓਹਦੀ ਹੋਸ਼ ਤੋਂ ਪਹਿਲੋਂ ਦਾ ਸੀ ਪਰ ਸ਼ਾਹਪੁਰ ਜੀ ਨੂੰ ਏਹ ਨਹੀਂ ਸੀ ਪਤਾ ਕਿ ਮੈਂ ਲੁਧਿਆਣਿਓਂ ਟ੍ਰੇਨ ਦੀ ਛੱਤ ਤੇ ਬੈਠ ਕੇ ਆਇਆ ਸੀ ਤੇ ਲਾਹੌਰ ਸਾਡੇ ਕੋਲ ਬਾਂਸ ਦੀਆਂ ਮੰਜੀਆਂ ਲਈ ਪੈਸੇ ਨਹੀਂ ਸਨ।

-35-

ਲਾਹੌਰ ਆਣ ਦੀ ਤਾਂਘ ਮੈਨੂੰ ਏਸ ਗੱਲੋਂ ਵੀ ਸੀ ਕਿ ਏਥੇ ਮਿਓ ਸਕੂਲ ਆਫ਼ ਆਰਟਸ ਸੀ। ਸਾਹਿਰ ਨੂੰ ਹੁਣ ਸਭ ਉੱਚਾ ਸ਼ਾਇਰ ਮੰਨਦੇ ਤੇ ਹਰੀ ਕਿਸ਼ਨ (ਦੁਨੀਆ ਦੇ ਮਸ਼ਹੂਰ ਹਰਕ੍ਰਿਸ਼ਨ ਪੇਂਟਰ ਲੁਧਿਆਣੇ ਤੋਂ ਸਨ-ਸੰ.) ਨੇ ਸਰ ਜੇ.ਜੇ. ਸਕੂਲ ਆਫ਼ ਆਰਟਸ ਬੰਬਈ ਵਿੱਚ ਦਾਖ਼ਲਾ ਲੈ ਲਿਆ ਸੀ। ਮੈਨੂੰ ਲਾਹੌਰ ਰਾਸ਼ਨਿੰਗ ਕੰਟਰੋਲਰ ਦੇ ਦਫ਼ਤਰ ਨੌਕਰੀ ਲੱਭੀ ਤੇ ਮੈਂ ਮਿਓ ਆਰਟਸ ਸਕੂਲ ਦੀਆਂ ਸ਼ਾਮ ਦੀਆਂ ਕਲਾਸਾਂ ਜਾਣ ਲੱਗਾ ਪਰ ਇਕ ਮਹੀਨੇ ਮਗਰੋਂ ਜਾਣਾ ਛਡ ਦਿੱਤਾ। ਚੌਲ ਕਲਰਕੀ ਵਿੱਚੋਂ ਦੱਸ ਰੁਪਏ ਮਹੀਨਾ ਕੱਢਣਾ ਬੜਾ ਔਖਾ ਸੀ। ਇਕ ਦਿਨ ਸਾਨਿਆਲ ਮੈਨੂੰ ਮਾਲ ਰੋਡ ਤੇ ਮਿਲਿਆ ਪੁੱਛਣ ਲੱਗਾ:

"ਤੂੰ ਸ਼ਾਮੀਂ ਨਹੀਂ ਆਂਦਾ?"

ਮੈਂ ਦੱਸਿਆ ਤੇ ਕਹਿਣ ਲੱਗਾ:

"ਆ ਜਾਇਆ ਕਰ, ਤੈਨੂੰ ਕੋਈ ਨਹੀਂ ਪੁੱਛਦਾ।"

ਅਗਸਤ 1947 ਵਿੱਚ ਸਾਨਿਆਲ ਡੇਹਰਾਦੂਨ ਗਿਆ ਹੋਇਆ ਸੀ, ਆਪਣੀ ਬੀਵੀ ਤੇ ਸਾਲ ਕੁ ਦੀ ਧੀ ਦੇ ਨਾਲ। ਅਕਤੂਬਰ ਵਿੱਚ ਕੁਝ ਅਮਨ ਹੋਇਆ ਤੇ ਲਾਹੌਰ ਆਇਆ ਇਕੱਲਾ ਈ, ਬੀਵੀ ਤੇ ਧੀ ਨੂੰ ਦਿੱਲੀ ਛਡ ਕੇ। ਐਥੇ ਓਹਦਾ ਘਰ ਤੇ ਸਾਫ਼ ਹੋ ਗਿਆ ਸੀ ਪਰ ਸਟੂਡੀਓ ਰੀਗਲ ਸਿਨੇਮਾ ਦੀ ਬਿਲਡਿੰਗ ਵਿੱਚ ਹੋਣ ਕਰਕੇ ਬਚ ਗਿਆ ਸੀ। ਇੰਡਸਟਰੀ

ਗਵਾਚੀਆਂ ਗੱਲਾਂ

ਅਨਵਰ ਅਲੀ, ਕਾਰਟੂਨਿਸਟ

ਨਵੀਂ ਕਿਤਾਬ- ਲੜੀਵਾਰ



ਡਿਪਾਰਟਮੈਂਟ ਨੇ ਸਾਰੇ ਸਿਨਮੇ ਮੋਹਰਬੰਦ ਕਰ ਦਿੱਤੇ ਸਨ। ਸਾਨਿਆਲ ਮੈਨੂੰ ਫ਼ੈਜ਼ ਦੇ ਕਮਰੇ ਮਿਲਿਆ। ਮੈਂ ਵੀ ਹੁਣੇ ਹੁਣੇ ਲੁਧਿਆਣਿਓਂ ਮੁੜਿਆ ਸੀ। ਫ਼ੈਜ਼ ਨੇ ਏਧਰ ਓਧਰ ਫ਼ੋਨ ਕਰ ਕੇ ਸਾਨਿਆਲ ਨੂੰ ਆਪਣਾ ਸਟੂਡੀਓ ਖ਼ਾਲੀ ਕਰਨ ਦੀ ਇਜਾਜ਼ਤ ਲੈ ਦਿੱਤੀ। ਉਸ ਸ਼ਾਮੀਂ ਚਾਰ ਵਜੇ ਡਾਇਰੈਕਟਰ ਇੰਡਸਟ੍ਰੀਜ਼ ਨੇ ਰੀਗਲ ਦਾ ਗੇਟ ਖੋਲ੍ਹਿਆ ਤੇ ਮੈਂ ਦਫ਼ਤਰ ਦੇ ਦੋ ਚਪੜਾਸੀਆਂ ਨਾਲ ਓਹਦੇ ਸਟੂਡੀਓ ਦੀਆਂ ਜਿੰਨੀਆਂ ਸ਼ੈਵਾਂ ਹੋ ਸਕਦੀਆਂ ਡੋਅ ਲਈਆਂ। ਸਾਨਿਆਲ ਇਕ ਈਜ਼ਲ ਮੈਨੂੰ ਨਿਸ਼ਾਨੀ ਦੇ ਗਿਆ। ਓਹਦਾ ਇਕ ਮਿੱਟੀ ਦਾ ਤੇ ਦੋ ਪਲਾਸਟਰ ਦੇ ਮੁਜੱਸਮੇ ਮੇਰੇ ਦਫ਼ਤਰ ਪਏ ਰਹੇ, ਜਿਹੜੇ ਇਕ ਦਿਨ ਮੈਂ ਫ਼ਾਬਰੀ ਦੇ ਦਫ਼ਤਰ ਛਡ ਆਇਆ। ਓਹ ਕਿਸੇ ਦਿਨ ਏਹਨਾਂ ਨੂੰ ਅੰਮ੍ਰਿਤਸਰ ਲੈ ਜਾਵੇਗਾ, ਜਿੱਥੇ ਓਹ ਐਤਵਾਰ ਦੇ ਐਤਵਾਰ ਆਪਣੀ ਦੋ ਸੀਟਰ ਕਾਰ ਵਿੱਚ ਆਪਣੇ ਸਹੁਰਿਆਂ ਨੂੰ ਮਿਲਣ ਜਾਂਦਾ ਸੀ। ਏਹ ਤਿੰਨ ਮੁਜੱਸਮੇ ਓਹ ਸਾਨਿਆਲ ਨੂੰ ਅਪੜਾ ਨਾ ਸਕਿਆ।

ਫ਼ਾਬਰੀ ਦਾ ਪਹਿਲਾ ਨਾਂ ਪਤਾ ਨਹੀਂ ਕੀ ਸੀ। ਓਹ ਲਾਹੌਰ ਮਿਊਜ਼ੀਅਮ ਦਾ ਕਿਊਰੇਟਰ ਸੀ। ਪਾਕਿਸਤਾਨ ਤੋਂ ਪਹਿਲੋਂ ਵੀ ਹਰ ਬੁੱਧਵਾਰ ਯਾ ਜੁੰਮਾਰਾਤ ਮਿਊਜ਼ੀਅਮ ਵਿੱਚ ਲੈਕਚਰ ਦੇਂਦਾ ਸੀ। ਮਿਊਜ਼ੀਅਮ ਦੀ ਕਿਸੀ ਇਕ ਸ਼ੈਅ ਬਾਰੇ। ਬੋਲਦਾ ਤੇ ਓਹ ਅੰਗਰੇਜ਼ੀ ਸੀ ਪਰ ਕੁਝ ਏਸ ਤਰ੍ਹਾਂ ਦੇ ਲਹਿਜੇ ਨਾਲ ਕਿ ਸੁਨਣ ਵਾਲੇ ਨੂੰ ਪੰਜ ਦੱਸ ਮਿੰਟ ਮਗਰੋਂ ਈ ਸਮਝ ਆਣ ਲੱਗਦੀ। ਐਨੇ ਵਿੱਚ ਓਹ ਪੰਜ ਦੱਸ ਮਿੰਟ ਅੱਗੇ ਲੰਘ ਗਿਆ ਹੋਂਦਾ। ਕੋਈ ਕਹਿੰਦਾ ਫ਼ਾਬਰੀ ਹੰਗਰੀ ਦਾ, ਕੋਈ ਰੂਸੋਂ ਆਇਆ ਦੱਸਦਾ। ਫ਼ਾਬਰੀ ਤੇ ਰਤਨਾ ਦਾ ਵਿਆਹ ਪਾਕਿਸਤਾਨ ਬਨਣ ਤੋਂ ਥੋੜ੍ਹਾ ਚਿਰ ਪਹਿਲੋਂ ਈ ਹੋਇਆ ਸੀ। ਹੁਣ ਓਹ ਦੋਵੇਂ ਲਾਹੌਰ ਈ ਰਹਿੰਦੇ, ਰਤਨਾ ਦੇ ਪਿਤਾ ਜੀ ਦੀ ਕੋਠੀ ਵਿੱਚ, ਪਰ ਡਰੇ ਡਰੇ। ਬੰਦਾ ਪੈਸਾ ਜ਼ੇਵਰ ਤੇ ਬੈਂਕ ਵਿੱਚ ਰੱਖ ਸਕਦਾ ਪਰ ਐਨੀ ਵੱਡੀ ਕੋਠੀ ਦਾ ਕੀ ਕਰੇ, ਜਿਹਦੇ ਉੱਤੇ ਹਜ਼ਾਰਾਂ ਨਜ਼ਰਾਂ। ਰਤਨਾ ਹਿੰਦੂ ਸੀ ਤੇ ਫ਼ਾਬਰੀ ਰੂਸੋਂ ਯਾ ਹੰਗਰੀ ਤੋਂ ਆਇਆ। ਓਹ ਰਤਨਾ ਦੇ ਪਿਤਾ ਜੀ ਦੀ ਕੋਠੀ ਵਿੱਚ ਰਹਿੰਦੇ, ਜਿਹੜੀ ਰਤਨਾ ਦੀ ਹੋਈ। ਏਹਨੂੰ ਤਾਰਕੀਨ ਦੀ ਜਾਇਦਾਦ ਕਿਵੇਂ ਬਣਾਇਆ ਜਾ ਸਕਦਾ ਪਰ ਦੁਨੀਆਂ ਵਿੱਚ ਕਾਫ਼ੀ ਲੋਕਾਂ ਦਾ ਘਾਟਾ ਨਹੀਂ। ਪਹਿਲੋਂ ਖ਼ਬਰਾਂ ਆਣ ਲੱਗੀਆਂ "ਫ਼ਾਬਰੀ ਯਹੂਦੀ ਏ।" ਫ਼ੇਰ ਅਖ਼ਬਾਰਾਂ ਹਕੂਮਤ ਨੂੰ ਪੁੱਛਣਾ ਸ਼ੁਰੂ ਕੀਤਾ:

"ਕੀ ਏਹ ਮੁਮਲਕਤ ਖ਼ੁਦਾ ਦਾਦ ਪਾਕਿਸਤਾਨ ਯਹੂਦੀਆਂ ਲਈ ਬਣੀ?"

"ਇਕ ਦਿਨ ਮੈਂ ਫ਼ਾਬਰੀ ਨੂੰ ਪਾਕਿਸਤਾਨ ਟਾਇਮਜ਼ ਦੇ ਦਫ਼ਤਰੋਂ ਨਿਕਲਦਿਆਂ ਫੜ ਲਿਆ। ਕਹਿਣ ਲੱਗਾ:

"ਹਕੂਮਤ ਨੇ ਕਿਊਰੇਟਰ ਦੀ ਅਸਾਮੀ ਖ਼ਤਮ ਕਰ ਦਿੱਤੀ ਏ। ਮੈਨੂੰ ਤਨਖ਼ਵਾਹ ਬੰਦ ਹੋ ਗਈ ਏ। ਚੀਫ਼ ਮਨਿਸਟਰ ਮਿਲਣ ਲਈ ਵਕਤ ਨਹੀਂ ਦੇਂਦਾ। ਮੇਰੇ ਘਰ ਖਾਣ ਲਈ ਨਹੀਂ। ਏਹ ਸੌ ਰੁਪਏ ਮੈਨੂੰ ਫ਼ੈਜ਼ ਨੇ ਦਿੱਤੇ ਨੇ।"

ਮੈਂ ਕਈ ਦਿਨ ਸੋਚਦਾ ਰਹਿਆ: ਫ਼ੈਜ਼ ਨੇ ਆਪਣੇ ਅੱਠ ਸੌ ਵਿੱਚੋਂ ਸੌ ਕਿੱਦਾਂ ਕੱਢੇ। ਫੇਰ ਮੈਂ ਫ਼ਾਬਰੀ ਤੇ ਰਤਨਾ ਨੂੰ ਕਦੀ ਨਹੀਂ ਵੇਖਿਆ। ਕੁਝ ਚਿਰ ਮਗਰੋਂ ਫ਼ਾਬਰੀ ਦੇ ਮਜ਼ਮੂਨ ਦਿੱਲੀ ਦੇ ਸਟੇਟਸਮੈਨ ਵਿੱਚ ਛਪਣ ਲੱਗੇ।

-36-

ਲਾਹੌਰ ਤੋਂ ਦੋ ਅੰਗਰੇਜ਼ੀ ਅਖ਼ਬਾਰ ਨਿਕਲਦੇ ਸਨ। ਇਕ ਹਿੰਦੂਆਂ ਦਾ "ਟ੍ਰਿਬਿਊਨ", ਦੂਜਾ "ਸਿਵਲ ਐਂਡ ਮਿਲੇਟਰੀ ਗਜ਼ਟ", ਜਿਹਨੂੰ ਲੋਕੀ ਸਰਕਾਰੀ ਅਖ਼ਬਾਰ ਵੀ ਕਹਿੰਦੇ। ਮੁਸਲਮਾਨਾਂ ਦਾ ਕੋਈ ਅੰਗਰੇਜ਼ੀ ਅਖ਼ਬਾਰ ਨਾ। ਮੈਂ ਰਾਸ਼ਨਿੰਗ ਕੰਟਰੋਲਰ ਦੇ ਦਫ਼ਤਰ ਚੌਲ ਕਲਰਕੀ ਕਰਦਾ ਹਰ ਵੇਲੇ ਕੁੜ੍ਹਦਾ ਰਹਿੰਦਾ:

"ਮੁਸਲਮਾਨਾਂ ਦੇ ਏਸ ਤਾਰੀਖ਼ੀ ਸ਼ਹਿਰ ਵਿੱਚ, ਬਾਦਸ਼ਾਹੀ ਮਸਜਿਦ ਦੇ ਸ਼ਹਿਰ ਵਿੱਚ...ਸ਼ਾਹੀਨ ਮਿੱਲਤ ਦੇ ਸ਼ਹਿਰ ਵਿੱਚ...ਮੁਫ਼ੱਕਰੇ ਪਾਕਿਸਤਾਨ ਦੇ ਸ਼ਹਿਰ ਵਿੱਚ, ਕਰਾਰਦਾਦ ਪਾਕਿਸਤਾਨ ਦੇ ਸ਼ਹਿਰ ਵਿੱਚ, ਮੁਸਲਮਾਨਾਂ ਦਾ ਇਕ ਵੀ ਅੰਗਰੇਜ਼ੀ ਅਖ਼ਬਾਰ ਨਾ। ਏਸ ਸ਼ਹਿਰ ਦੇ ਅਮੀਰਾਂ, ਕਬੀਰਾਂ, ਜਾਗੀਰਦਾਰਾਂ, ਸਰਾਂ, ਖਾਨ ਬਹਾਦਰਾਂ ਵਿੱਚੋਂ ਰੱਬ ਨੇ ਕਿਸੇ ਨੂੰ ਐਨੀ ਤੌਫ਼ੀਕ ਨਾ ਦਿੱਤੀ ਕਿ ਅੰਗਰੇਜ਼ੀ ਦਾ ਇਕ ਅਖ਼ਬਾਰ ਕੱਢ ਲੈਣ। ਅੰਗਰੇਜ਼ੀ ਅਖ਼ਬਾਰ ਬਿਨਾਂ ਤੁਸੀਂ ਕਿਵੇਂ ਆਜ਼ਾਦੀ ਦੀ ਜੰਗ ਲੜ ਸਕਦੇ ਓ? ਕਿਵੇਂ ਹਿੰਦੂ ਦਾ ਮੁਕਾਬਲਾ ਕਰ ਸਕਦੇ ਓ?"

"ਲੇ ਕੇ ਰਹੇਂਗੇ ਪਾਕਿਸਤਾਨ।"

"ਕਿਵੇਂ?

"ਅੰਗਰੇਜ਼ੀ ਅਖ਼ਬਾਰ ਬਿਨਾਂ, ਕਾਰਟੂਨਾਂ ਬਿਨਾਂ, ਤੁਸੀਂ ਕਿਵੇਂ ਏਹ ਦੋ ਮੁਹਾਜੀ ਜੰਗ ਜਿੱਤ ਸਕਦੇ ਓ?"

ਕਦੀ ਕੋਈ ਪੋਲੀ ਜੇਹੀ ਆਵਾਜ਼ ਆਂਦੀ ਕਿ ਮੁਸਲਮਾਨ ਅੰਗਰੇਜ਼ੀ ਅਖ਼ਬਾਰ ਕੱਢ ਰਹੇ ਨੇ, ਫੇਰ ਚੁੱਪ ਹੋ ਜਾਂਦੀ। ਇਕ ਵਾਰ ਏਦਾਂ ਦੀ ਇਕ ਖ਼ਬਰ ਚੱਲੀ ਤੇ ਮੈਂ ਰਾਇਲ ਪਾਰਕ ਪਤਾ ਕਰਨ ਚਲਾ ਗਿਆ। ਰਾਇਲ ਪਾਰਕ ਮੁਸਲਿਮ ਲੀਗ ਦਾ ਦਫ਼ਤਰ ਸੀ। ਓਹਨਾਂ ਨੂੰ ਪਤਾ ਹੋਣਾ ਚਾਹੀਦਾ। ਜੇ ਆਪ ਨਹੀਂ ਕੱਢ ਰਹੇ ਫੇਰ ਵੀ ਪਤਾ ਹੋਵੇਗਾ, ਹੋਰ ਕੌਣ ਕੱਢ ਰਹਿਆ। ਪਹਿਲਾ ਬੋਰਡ "ਸਾਲਾਰ ਮੁਸਲਮ ਨੈਸ਼ਨਲ ਗਾਰਡਜ਼" ਦਾ ਸੀ, ਅੰਦਰ ਇਕ ਸੋਹਣਾ ਜਿਹਾ ਮੁੰਡਾ ਬੈਠਾ। ਗੋਰਾ ਚਿੱਟਾ, ਹੁਣੇ ਕਾਲਜੋਂ ਆਇਆ ਲੱਗਦਾ।

ਮੁਸਲਿਮ ਨੈਸ਼ਨਲ ਗਾਰਡਜ਼ ਤੇ ਮੈਂ ਪਹਿਲੀ ਵਾਰ ਸ਼ਿਮਲੇ ਵਿੱਚ ਵੇਖੇ ਸਨ। '45 ਵਿੱਚ ਜਦ ਓਥੇ ਪਹਿਲੀ ਸ਼ਿਮਲਾ ਕਾਨਫ਼ਰੰਸ ਹੋ ਰਹੀ ਸੀ। ਸ਼ਿਮਲੇ ਵਿੱਚ ਕਾਇਦੇ ਆਜ਼ਮ, ਨਹਿਰੂ ਗਾਂਧੀ, ਨਵਾਬਜ਼ਾਦਾ ਲਿਆਕਤ ਅਲੀ ਖ਼ਾਂ ਤੇ ਹੋਰ ਏਸ ਤਰ੍ਹਾਂ ਦੇ ਆਲ ਇੰਡੀਆ ਲੀਡਰ ਮਾਲ ਰੋਡ ਤੇ ਲਗੇ ਫਿਰਦੇ। ਕਦੇ ਕਿਸੇ ਮੁੜ ਕੇ ਨਹੀਂ ਸੀ ਦੇਖਿਆ ਪਰ ਇਕ ਵਾਰ ਕਿਸੇ ਨੇ ਰਾਜਾਗੋਪਾਲਾਚਾਰੀਆ ਯਾ ਕਿਸੇ ਹੋਰ ਏਸ ਤਰ੍ਹਾਂ ਦੇ ਲੀਡਰ ਦੇ ਸਿਰ ਵਿੱਚ ਡੰਡਾ ਕੱਢ ਮਾਰਿਆ ਪਿੱਛੋਂ ਦੀ। ਸ਼ਿਮਲੇ ਵਿੱਚ ਚੜ੍ਹਾਈਆਂ ਉਤਰਾਈਆਂ ਐਨੀਆਂ ਤਿੱਖੀਆਂ ਕਿ ਇਕ ਰਿਕਸ਼ੇ ਨੂੰ ਚਾਰ ਬੰਦੇ ਲੱਗੇ ਹੋਂਦੇ। ਚੜ੍ਹਦਿਆਂ ਅੱਡੀਆਂ ਚੱਕ ਚੱਕ ਕੇ ਜ਼ੋਰ ਲਾਂਦੇ ਤੇ ਉਤਰਾਈ ਤੇ ਅੱਡੀਆਂ ਗੱਡ ਗੱਡ ਬਰੇਕ ਮਾਰਦੇ। ਕਿਰਾਏ ਵੀ ਬੜੇ ਹੋਂਦੇ ਪਰ ਸਵਾਰੀਆਂ ਦਾ ਵੀ ਕੋਈ ਘਾਟਾ ਨਾ। ਕਈਆਂ ਆਪਣੇ ਪਰਾਈਵੇਟ ਰਿਕਸ਼ੇ ਰੱਖੇ ਹੋਂਦੇ, ਆਪਣੀਆਂ ਵਰਦੀਆਂ ਆਪਣੇ ਮੋਨੋਲਾਗ ਨਾਲ। ਸਰ ਖ਼ਿਜ਼ਰ ਹਿਆਤ ਟਿਵਾਣਾ ਛੋਟੇ ਸ਼ਿਮਲਿਓਂ ਆਪਣੀ ਵਜ਼ੀਰੇ ਆਲ੍ਹਾ ਕੋਠੀਓਂ ਪੈਦਲ ਨਿਕਲਦਾ ਇਕ ਛਮਕ ਜੇਹੀ ਹੱਥ ਵਿੱਚ ਫੜੀ। ਪਿੱਛੇ ਪਿੱਛੇ ਓਹਦਾ ਰਿਕਸ਼ਾ ਆਂਦਾ ਖ਼ਾਲੀ । ਨਾ ਕੋਈ ਪੁਲਸੀਆ, ਨਾ ਕੋਈ ਬੰਦੂਕ ਪਸਤੌਲ ਵਾਲਾ ਨਾਲ। ਰਾਹ ਵਿੱਚ ਕਿਤੇ ਬਾਰਿਸ਼ ਆ ਜਾਂਦੀ ਤੇ ਰਿਕਸ਼ੇ

ਗਵਾਚੀਆਂ ਗੱਲਾਂ

ਅਨਵਰ ਅਲੀ, ਕਾਰਟੂਨਿਸਟ

ਨਵੀਂ ਕਿਤਾਬ- ਲੜੀਵਾਰ

ਵਿੱਚ ਬੈਠ ਜਾਂਦਾ। ਰਿਕਸ਼ੇ ਵਾਲੇ ਛੱਤ ਤਾਣ ਦੇਂਦੇ, ਆਪ ਮੀਂਹ ਵਿੱਚ ਭਿੱਜਦੇ ਭੱਜੇ ਜਾਂਦੇ। ਰਾਹੀ ਓਹਨਾਂ ਦੀਆਂ ਵਰਦੀਆਂ ਤੋਂ ਈ ਜਾਣਦੇ ਕਿ ਪੰਜਾਬ ਦਾ ਵਜ਼ੀਰੇ-ਆਲ੍ਹਾ ਜਾ ਰਿਹਾ। ਰਾਜਾਗੋਪਾਲਾਚਾਰੀਆ ਨੂੰ ਜਦ ਕਿਸੇ ਨੇ ਡੰਡਾ ਮਾਰਿਆ ਓਸ ਵੇਲੇ ਬਾਰਿਸ਼ ਨਹੀਂ ਸੀ ਹੋ ਰਹੀ। ਰਿਕਸ਼ੇ ਦੀ ਛੱਤ ਖੋਲ੍ਹ ਕੇ ਪਿੱਛੇ ਸੁੱਟੀ ਹੋਈ ਸੀ। ਪਿਛਲੇ ਦੋਵਾਂ ਖਿੱਚਣ ਵਾਲਿਆਂ ਦੇ ਵਿੱਚ ਵਿੱਥ ਹੋਂਦੀ ਏ ਤੇ ਏਸ ਵਿੱਥ ਵਿੱਚੋਂ ਦੀ ਕਿਸੇ ਨੇ ਰਾਜਾ ਜੀ ਨੂੰ ਡੰਡਾ ਮਾਰ ਦਿੱਤਾ, ਕੋਈ ਮਹਾਂ ਸਭਾਈਆ, ਸੇਵਕ ਸੰਘੀਆ ਹੋਣਾ। ਡੰਡਾ ਮਾਰ ਕੇ ਕਿਸੇ ਗਲੀ ਦੀ ਪੌੜੀਆਂ ਉੱਤਰ ਗਿਆ। ਨਾ ਕਿਸੇ ਨੇ ਰੌਲਾ ਪਾਇਆ, ਨਾ ਫੜਿਆ, ਨਾ ਪੋਲੀਸ ਆਈ ਪਰ ਮੁਸਲਿਮ ਲੀਗੀਆਂ ਆਪਣੇ ਕਾਇਦੇ ਆਜ਼ਮ ਦੀ ਹਿਫ਼ਾਜ਼ਤ ਲਈ ਇਕ ਦਸਤਾ ਤਿਆਰ ਕਰ ਲਿਆ।

ਏਹ ਦਸਤਾ ਕਾਇਦੇ ਆਜ਼ਮ ਦੇ ਪਿੱਛੇ ਚੱਲਦਾ, ਜਿੱਥੇ ਰਿਕਸ਼ਾ ਰੁਕਦਾ ਏਹ ਵੀ ਰੁਕ ਜਾਂਦੇ। ਕਾਇਦੇ ਆਜ਼ਮ ਅੰਦਰ ਚਲੇ ਜਾਂਦੇ ਤੇ ਰਿਕਸ਼ੇ ਵਾਲੇ ਬੈਠ ਕੇ ਸਿਗਰਟ ਬੀੜੀ ਪੀਣ ਲੱਗਦੇ। ਏਹ ਵੀ ਲਕੋ ਕੇ ਸਿਗਰਟ ਲਗਾ ਲੈਂਦੇ। ਕਾਇਦੇ ਆਜ਼ਮ ਦਾ ਰਿਕਸ਼ਾ ਹੋਰ ਰਿਕਸ਼ਿਆਂ ਤੋਂ ਹੌਲੀ ਚੱਲਦਾ। ਕਹਿੰਦੇ ਨੈਸ਼ਨਲ ਗਾਰਡੀਆਂ ਰਿਕਸ਼ੇ ਵਾਲਿਆਂ ਨੂੰ ਰਿਸ਼ਵਤ ਦਿੱਤੀ ਹੋਈ ਸੀ, ਆਪ ਜੋ ਓਹਨਾਂ ਦੇ ਬਰਾਬਰ ਨਹੀਂ ਸਨ ਬੈਠ (ਚੱਲ) ਸਕਦੇ। ਆਪਣੀ ਹਰੀ ਵਰਦੀ ਢਕਣੇ ਵਾਲਿਆਂ ਜੇਬ੍ਹਾਂ, ਪੇਟੀਆਂ, ਟੋਪੀਆਂ ਨਾਲ ਏਹ ਸਭ ਇਕੋ ਜੇਹੇ ਲੱਗਦੇ ਪਰ ਏਹਨਾਂ ਵਿੱਚੋਂ ਮੈਂ ਨਜ਼ੀਰ ਪਹਾੜੀਏ ਨੂੰ ਪਛਾਣਦਾ ਸੀ। ਏਹ ਮੁਸਲਿਮ ਦਿਲਬਹਾਰ ਹੋਟਲ ਰੋਟੀ ਖਾਂਦਾ ਸੀ। ਜਿੱਥੇ ਅਸੀਂ ਕੁਝ ਕਲਰਕ ਬੈਠਦੇ ਸੀ। ਚਾਏ ਪੀਣ ਤੇ ਗੱਪਾਂ ਮਾਰਨ। ਨਜ਼ੀਰ ਪਹਾੜੀਆ ਮਾਲ ਰੋਡ ਦੀ ਕਿਸੇ ਦੁਕਾਨ ਦੀ ਸੇਲਜ਼ਮੈਨੀ ਤੋਂ ਬਗ਼ੈਰ ਤਨਖ਼ਵਾਹ ਛੁੱਟੀ ਲੈ ਕੇ ਨੈਸ਼ਨਲ ਗਾਰਡੀ ਕਰ ਰਹਿਆ ਸੀ। ਹੈ ਸੀ ਕਸ਼ਮੀਰੀ ਪਰ ਸ਼ਿਮਲੇ ਦੇ ਦੁਆਲੇ ਦੀਆਂ ਪਹਾੜੀਆਂ ਵਿੱਚ ਓਹਨੇ ਰਿਸ਼ਤੇਦਾਰ ਬਣਾਏ ਹੋਏ ਸਨ। ਜਦ ਕਦੀ ਹਫ਼ਤੇ ਦੋ ਹਫ਼ਤੇ ਲਈ ਪਹਾੜ ਗਿਆ ਹੋਂਦਾ ਤੇ ਮੁਸਲਿਮ ਦਿਲਬਹਾਰ ਦਾ ਮੇਹਰੂ ਕਹਿੰਦਾ, ਨਜ਼ੀਰ ਪਹਾੜੀਆ ਆਪਣੇ ਸੌਹਰੇ ਗਿਆ ਹੋਇਆ ਏ। ਪਹਿਲੀ ਸ਼ਿਮਲਾ ਕਾਨਫ਼ਰੰਸ ਮੁੱਕੀ ਤੇ ਕਾਇਦੇ ਆਜ਼ਮ ਨੇ ਆਪਣੇ ਮੁਸਲਿਮ ਨੈਸ਼ਨਲ ਗਾਰਡ ਦਸਤੇ ਨਾਲ ਤਸਵੀਰ ਖਿਚਾਈ। ਨਜ਼ੀਰ ਪਹਾੜੀਆ ਏਹ ਤਸਵੀਰ ਫ਼ਰੇਮ ਕਰਾਈ ਹਰ ਵੇਲੇ ਆਪਣੇ ਕੋਲ ਰੱਖਦਾ ਤੇ ਹਰ ਰਾਹ ਜਾਂਦੇ ਨੂੰ ਰੋਕ ਕੇ ਵਿਖਾਂਦਾ।

ਪਾਕਿਸਤਾਨ ਬਣ ਗਿਆ। ਪਾਕਿਸਤਾਨ ਟਾਈਮਜ਼ ਦਾ ਦਫ਼ਤਰ ਸਿਵਲ ਤੋਂ ਟ੍ਰਿਬਿਊਨ ਦੀ ਬਿਲਡਿੰਗ ਵਿੱਚ ਆ ਗਿਆ। ਓਹੀ ਪੁਰਾਣੀ ਬਿਲਡਿੰਗ। ਇਕੋ ਗੋਲ ਪੌੜੀਆਂ। ਉੱਪਰ ਜਾਣ ਲਈ ਵੀ ਓਹੀ ਤੇ ਹੇਠਾਂ ਉੱਤਰਣ ਲਈ ਵੀ। ਇਕ ਦਿਨ ਏਹਨਾਂ ਪੌੜੀਆਂ ਰਾਹੀਂ ਮੈਂ ਹੇਠ ਉੱਤਰ ਰਹਿਆ ਸੀ ਤੇ ਨਜ਼ੀਰ ਪਹਾੜੀਆ ਉੱਪਰ ਆਂਦਾ। ਅਸੀਂ ਇਕ ਦੂਜੇ ਨੂੰ ਪਛਾਣ ਲਿਆ। ਮੈਂ ਹੱਥ ਵਧਾਇਆ ਮਿਲਾਣ ਲਈ ਤੇ ਓਹਨੇ ਬੈਠ ਕੇ ਮੇਰੇ ਗੋਡੇ ਫੜ ਲਏ ਤੇ ਰੋਣ ਲੱਗ ਪਿਆ। ਆਪਣੇ ਸੌਹਰੇ ਛਡ ਆਇਆ ਸੀ ਸ਼ਿਮਲੇ ਦੇ ਪਹਾੜਾਂ ਵਿੱਚ। ਮੈਨੂੰ ਤਰਸ ਤੇ ਬੜਾ ਆਇਆ ਪਰ ਪੌੜੀਆਂ ਵਿੱਚ ਖੜ੍ਹਾ ਕਰਨਾ ਵੀ ਤੇ ਚੰਗੀ ਗੱਲ ਨਹੀਂ ਸੀ। ਏਸ ਤੰਗ ਗੋਲ ਪੌੜੀ ਵਿੱਚ ਮੇਰੇ ਪਿੱਛੇ ਹੇਠ ਉੱਤਰਨ ਵਾਲਿਆਂ ਦੀ ਭੀੜ ਲੱਗ ਗਈ ਤੇ ਚੜ੍ਹਨ ਵਾਲਿਆਂ ਦਾ ਰਾਹ ਬੰਦ ਪਰ ਪਹਾੜੀਏ ਨੇ ਰੋਕਿਆ ਹੋਇਆ। ਲੰਚ ਦਾ ਵੇਲਾ। ਲੋਕੀ ਗੱਲਾਂ ਕਰਨ। ਦਫ਼ਤਰ ਦੇ ਇਕ ਬੰਦੇ ਨੇ, ਜਿਹਨੂੰ ਪਤਾ ਸੀ ਮੈਂ ਹਰ ਮਹੀਨੇ ਆਪਣੀ ਤਨਖ਼ਵਾਹ ਐਡਵਾਂਸ ਲੈ ਲੈਂਦਾਂ, ਏਹ ਕਾਢ ਕੱਢੀ ਕਿ ਏਹ ਕੋਈ ਪਠਾਣ ਏ ਜਿਹਨੇ ਬੜੀ ਸੂਹ ਕੱਢ ਕੇ ਅੱਜ ਮੈਨੂੰ ਫੜ ਲਿਆ ਏ ਹੁਣ ਸੂਦ ਲਿਆਂ ਬਿਨਾਂ ਨਹੀਂ ਛੱਡੇਗਾ।

ਅਸਲ ਗੱਲ ਏਹ ਸੀ, ਨਜ਼ੀਰ ਪਹਾੜੀਆ ਆਪਣੀ ਕਾਇਦੇ ਆਜ਼ਮ ਵਾਲੀ ਤਸਵੀਰ ਪਿੱਛੇ ਪਾਕਿਸਤਾਨ ਟਾਈਮਜ਼ ਆਇਆ ਸੀ। ਹਰ ਕਾਇਦੇ ਆਜ਼ਮ ਡੇਅ ਤੇ ਅਖ਼ਬਾਰਾਂ ਦੇ ਐਡੀਟਰ ਕਾਇਦੇ ਆਜ਼ਮ ਦੀਆਂ ਅਣਛਪੀਆਂ ਤਸਵੀਰਾਂ ਪਿੱਛੇ ਪਾਗਲ ਹੋਈ ਫਿਰਦੇ ਸਨ। ਏਹ ਤਸਵੀਰ ਕਿਸੇ ਤਰ੍ਹਾਂ ਕਮਾਲ ਹੈਦਰ ਦੇ ਹੱਥ ਲੱਗ ਗਈ ਤੇ ਓਹਨੇ ਏਹ ਤਸਵੀਰ ਛਾਪ ਲਈ ਤੇ ਨਜ਼ੀਰ ਪਹਾੜੀਆ ਲੋਕਾਂ ਨੂੰ ਏਹ ਅਖ਼ਬਾਰ ਵਿਖਾਂਦਾ ਫਿਰੇ। ਪਰ ਹੁਣ ਅਸਲੀ ਤਸਵੀਰ ਨਾ ਲੱਭੇ। ਨਜ਼ੀਰ ਪਹਾੜੀਆ ਪਾਕਿਸਤਾਨ ਟਾਈਮਜ਼ ਦੀਆਂ ਪੌੜੀਆਂ ਘਸਾਂ ਦਿੱਤੀਆਂ ਪਰ ਤਸਵੀਰ ਕਿੱਥੇ:

"ਬਾਬਾ, ਇਧਰ ਕਿਧਰ ਹੋਏਗਾ।"

"ਪਤਾ ਨਹੀਂ ਬਾਬਾ"

"ਗ਼ਨੀ, ਇਧਰ ਤਸਵੀਰ ਦੇਖਾ ਤੁਮਨੇ?"

ਲਾਹੌਰ ਦੀ ਜਿਸ ਦੁਕਾਨ ਤੇ ਨਜ਼ੀਰ ਪਹਾੜੀਆ ਸੇਲਜ਼ਮੈਨੀ ਕਰਦਾ ਓਹ ਵੱਖ ਓਹਦੀ ਛੁੱਟੀ ਕਰਾਣ ਨੂੰ ਫਿਰੇ। "ਅੱਧਾ ਘੰਟਾ ਦੁਪਹਿਰ ਦੀ ਰੋਟੀ ਖਾਣ ਜਾਂਦਾ ਏ। ਦੋ ਦੋ ਘੰਟੇ ਨਹੀਂ ਮੁੜਦਾ।"

ਨਜ਼ੀਰ ਪਹਾੜੀਏ ਮੈਨੂੰ ਵੇਖਿਆ ਤੇ ਸਮਝਿਆ ਓਹਦੀ ਤਸਵੀਰ ਮਿਲ ਗਈ ਪਰ ਕਮਾਲ ਹੈਦਰ ਦੇ ਕਮਰੇ 'ਚੋਂ ਕੋਈ ਸ਼ੈਅ ਕਿਸੇ ਨੇ ਬਾਹਰ ਨਿਕਲਦੀ ਨਹੀਂ ਦੇਖੀ। ਨਜ਼ੀਰ ਪਹਾੜੀਏ ਆਪਣੇ ਸਭ ਦੋਸਤਾਂ ਤੋਂ ਵਾਅਦਾ ਲਿੱਤਾ ਹੋਇਆ ਸੀ ਕਿ "ਮੇਰੇ ਮਰਨ ਤੇ ਏਹ ਤਸਵੀਰ ਮੇਰੇ ਨਾਲ ਦਫ਼ਨ ਕੀਤੀ ਜਾਵੇ।" ਕੁਝ ਚਿਰ ਹੋਇਆ ਸੁੱਤਿਆਂ ਨਜ਼ੀਰ ਪਹਾੜੀਆ ਮਰ ਗਿਆ ਪਰ ਮੇਰਾ ਨਹੀਂ ਖ਼ਿਆਲ ਓਹ ਤਸਵੀਰ ਓਹਦੇ ਨਾਲ ਦਫ਼ਨ ਹੋਈ ਹੋਵੇ।

ਸਾਲਾਰ ਪੰਜਾਬ ਮੁਸਲਿਮ ਨੈਸ਼ਨਲ ਗਾਰਡਜ਼ ਦੇ ਕਮਰੇ ਤੋਂ ਦੋ ਬੂਹੇ ਛੱਡ ਕੇ "ਪ੍ਰੋਗਰੈਸਿਵ ਪੇਪਰਜ਼ ਲਿਮੀਟਡ" ਦਾ ਬੋਰਡ ਲੱਗਿਆ ਸੀ।

-37-

ਪ੍ਰੋਗਰੈਸਿਵ ਪੇਪਰਜ਼ ਲਿਮੀਟਡ ਦੇ ਦਫ਼ਤਰ ਵਿੱਚ ਦੋ ਬੰਦੇ ਬੈਠੇ, ਇਕ ਬੂਹੇ ਦੇ ਕੋਲ ਤੇ ਦੂਜਾ ਅੰਦਰ ਨੂੰ ਕਰਕੇ। ਬੂਹੇ ਵਾਲਾ ਕੁਝ ਟਾਈਪ ਕਰਦਾ ਸੀ, ਇਕ ਉਂਗਲ ਨਾਲ। ਇਕ ਵਾਰ ਉਂਗਲ ਮਾਰ ਕੇ ਪਿੱਛੇ ਹਟ ਜਾਂਦਾ ਤੇ ਅਗਲਾ ਹਰਫ਼ ਢੂੰਢਣ ਲੱਗ ਪੈਂਦਾ। ਏਸ ਤਰ੍ਹਾਂ ਜਦ ਓਹਨੇ ਦੋ ਕੁ ਮਿੰਟ ਵਿੱਚ ਇਕ ਲਫ਼ਜ਼ ਪੂਰਾ ਕਰ ਲਿੱਤਾ ਤੇ ਮੈਂ ਛੇਤੀ ਨਾਲ ਪੁੱਛਿਆ: ਮੈਂ ਸੁਣਿਆਂ ਏ ਜੀ ਕਿ ਲਾਹੌਰੋਂ ਇਕ ਅੰਗਰੇਜ਼ੀ ਅਖ਼ਬਾਰ ਨਿਕਲ ਰਹਿਆ। ਕੀ ਏਹ ਗੱਲ ਠੀਕ ਏ?"

ਰਾਸ਼ਨਿੰਗ ਕੰਟਰੋਲਰ ਤੇ ਮੁਸਲਿਮ ਲੀਗ ਦੇ ਦਫ਼ਤਰ ਦੋਵੇਂ ਮੈਕਲੋਡ ਰੋਡ 'ਤੇ ਸਨ, ਫ਼ਰਲਾਂਗ ਕੁ ਪਰ੍ਹੇ ਇਕ ਦੂਜੇ ਤੋਂ। ਏਹ ਸਾਰਾ ਰਸਤਾ ਮੈਂ ਦੋ ਫ਼ਿਕਰੇ ਘੜਦਾ ਆਇਆ ਸੀ। ਮੇਰੇ ਪਹਿਲੇ ਫ਼ਿਕਰੇ ਦਾ ਜਵਾਬ ਓਹਨੇ ਸਿਰ ਨੂੰ ਹੇਠ, ਉੱਪਰ, ਹੇਠ ਕਰ ਕੇ ਦਿੱਤਾ। ਜਿਹਦਾ ਮਤਲਬ ਸੀ "ਹਾਂ"। ਓਹਦੀ ਐਨਕ ਦੇ ਸ਼ੀਸ਼ੇ ਖੂਹ ਜਿੰਨੇ ਡੂੰਘੇ ਸਨ ਤੇ ਪਤਾ ਨਹੀਂ ਓਹਨੇ ਮੈਨੂੰ ਵੇਖਿਆ ਵੀ ਕਿ ਨਹੀਂ। ਪਾਕਿਸਤਾਨ ਬਣਨ ਮਗਰੋਂ ਮੇਰੇ ਕੁਲ ਅੰਦਾਜ਼ੇ ਓਹਦੇ ਬਾਰੇ ਗਲਤ ਨਿਕਲੇ। ਓਹਦਾ ਨਾਂ ਨਵਾਬਜ਼ਾਦਾ ਇਮਤਿਆਜ਼ ਅਲੀ ਖ਼ਾਂ ਸੀ। ਨਵਾਬਜ਼ਾਦਾ ਲਿਆਕਤ ਅਲੀ ਖ਼ਾਂ ਦੀ ਗੱਲ ਕਰਦਾ ਤੇ ਭਾਈ ਕਰਕੇ। ਇੰਡੀਆ ਵਿੱਚ ਆਪਣੇ ਹਾਥੀ ਦੇ ਰਹਿ ਜਾਣ ਦਾ ਓਹਨੂੰ ਬੜਾ ਦੁੱਖ ਸੀ। ਮੇਰਾ ਦੂਜਾ ਸਵਾਲ ਸੀ:

"ਏਸ ਅਖ਼ਬਾਰ ਦੇ ਐਡੀਟਰ ਕੌਣ ਸਾਹਬ ਹੋਣਗੇ?"

ਗਵਾਚੀਆਂ ਗੱਲਾਂ

ਅਨਵਰ ਅਲੀ, ਕਾਰਟੂਨਿਸਟ

ਨਵੀਂ ਕਿਤਾਬ- ਲੜੀਵਾਰ

ਏਸ ਤੇ ਨਵਾਬਜ਼ਾਦਾ ਸਾਹਿਬ ਨੇ ਆਪਣਾ ਸੱਜਾ ਗੁਠਾ ਅੰਦਰਲੇ ਸਾਹਬ ਵੱਲ ਝਟਕਾਇਆ। ਅੰਦਰਲੇ ਸਾਹਬ ਨੇ ਇਕ ਹੱਥ ਨਾਲ ਆਪਣਾ ਸਿਰ ਫੜਿਆ ਹੋਇਆ ਸੀ ਤੇ ਦੂਜੇ ਨਾਲ ਇਕ ਬਲੈਕਬਰਡ ਪੈੱਨ ਦਾ ਕੈਪ ਵਾਲਾ ਸਿਰਾ ਸਾਹਮਣੇ ਰੱਖੇ ਰਜਿਸਟਰ ਵਿੱਚ ਫ਼ੇਰ ਰਹਿਆ ਸੀ। ਓਹਨੇ ਸਿਰ ਚੱਕਿਆ ਤੇ ਓਹਦੀ ਐਨਕ ਦੇ ਸ਼ੀਸ਼ੇ ਵੀ ਨਵਾਬਜ਼ਾਦਾ ਸਾਹਬ ਦੀ ਐਨਕ ਦੇ ਮੁਕਾਬਲੇ ਦੇ ਸਨ। ਓਹਦਾ ਨਾਂ ਖ਼ਾਲਕ ਸੀ। (ਇਹ ਮੈਨੂੰ ਮਗਰੋਂ ਪਤਾ ਲੱਗਾ) ਨਾਲੇ ਓਹ ਐਡੀਟਰ ਨਹੀਂ ਸੀ। ਪਾਕਿਸਤਾਨ ਟਾਈਮਜ਼ ਨਿਕਲਣਾ ਸ਼ੁਰੂ ਹੋਇਆ ਤੇ ਥੋੜ੍ਹਾ ਚਿਰ ਏਹ ਵੀ ਮੈਨੇਜਰੀ ਕਰਦਾ ਰਹਿਆ। ਫੇਰ ਛੱਡ ਕੇ ਕਰਾਚੀ ਚਲਾ ਗਿਆ ਤੇ ਸੁਣਿਆ ਰਜਿਸਟਰ ਆਪਣੇ ਨਾਲ ਲੈ ਗਿਆ। ਪਤਾ ਨਹੀਂ ਕਿਓਂ। ਮੇਰੀਆਂ ਤੇ ਨਵਾਬਜ਼ਾਦਾ ਇਮਤਿਆਜ਼ ਅਲੀ ਖ਼ਾਂ ਦੀਆਂ ਗੱਲਾਂ ਤੇ ਖ਼ਾਲਕ ਨੇ ਸੁਣੀਆਂ ਈ ਹੋਣੀਆਂ ਫੇਰ ਵੀ ਕਹਿਣ ਲੱਗਾ:

"ਫ਼ਰਮਾਓ।"

ਮੈਂ ਆਪਣੇ "ਡੌਨ" ਦੇ ਕਾਰਟੂਨਾਂ ਦੀ ਫ਼ਾਈਲ ਓਹਦੇ ਅੱਗੇ ਰੱਖ ਦਿੱਤੀ:

"ਮੈਂ ਸੋਚਿਆ ਸੀ ਸ਼ਾਇਦ ਤਹਾਨੂੰ ਕਾਰਟੂਨਾਂ ਦੀ ਵੀ ਲੋੜ ਪਵੇ।"

"ਕਿਓਂ ਨਹੀਂ। ਬੈਠੋ, ਮੀਆਂ ਸਾਹਬ ਆਣ ਵਾਲੇ ਈ ਨੇ।"

ਓਸ ਵੇਲੇ ਦੋ ਮੀਆਂ ਸਾਹਬ ਦੀਆਂ ਅਖ਼ਬਾਰੀ ਤਸਵੀਰਾਂ ਮੇਰੇ ਚੇਤੇ ਵਿੱਚ ਘੁੰਮਣ ਲੱਗੀਆਂ। ਮੀਆਂ ਮੁਮਤਾਜ਼ ਦੌਲਤਾਨਾ ਤੇ ਮੀਆਂ ਇਫ਼ਤਖ਼ਾਰ-ਉ-ਦੀਨ ਦੀ ਗੁੱਡੀ ਬਹੁਤੀ ਚੜ੍ਹੀ ਹੋਈ ਸੀ। ਹੁਣੇ ਹੁਣੇ ਕਾਂਗਰਸ ਜੋ ਛਡ ਕੇ ਆਇਆ ਸੀ ਤੇ ਚੰਗੀ "ਜ਼ਿੰਦਾਬਾਦ" ਲੁਆਈ ਸੀ ਤੇ ਤਸਵੀਰਾਂ ਵੀ ਚੋਖੀਆਂ ਛਪੀਆਂ। ਏਹ ਮੀਆਂ, ਮੀਆਂ ਇਫ਼ਤਖ਼ਾਰ-ਉ-ਦੀਨ ਈ ਨਿਕਲਿਆ।

ਆਇਆ ਤੇ ਬਾਹਰ ਗਲੀ ਵਿੱਚ ਈ ਮਜਮਾ ਲਾ ਲਿਆ। ਚਾਰ ਮੁਸਲਿਮ ਲੀਗੀਆਂ ਓਹਨੂੰ ਘੇਰਾ ਪਾਇਆ। ਪਿੱਛੇ ਓਹਦੇ ਕੰਧ। ਅਖ਼ਬਾਰਾਂ ਵਿੱਚ ਛਪੀਆਂ ਤਸਵੀਰਾਂ ਤੋਂ ਛੇ ਫੁੱਟਾ ਲੱਗਦਾ ਸੀ ਪਰ ਨਿਕਲਿਆ ਪੰਜ ਤੋਂ ਵੀ ਘੱਟ। ਲੰਮੀ ਕਾਲੀ ਟੂਟੀ ਸਿਗਰਟ ਵਾਲੀ ਮੂੰਹ 'ਚੋਂ ਕੱਢ ਕੇ ਹੱਸਿਆ, ਟੱਪਿਆ ਤੇ ਪੱਟਾਂ ਤੇ ਹੱਥ ਮਾਰ ਕੇ ਮੇਰੀ ਫ਼ਾਈਲ ਖ਼ਾਲਿਕ ਨੂੰ ਫੜਾ ਦਿੱਤੀ।

"ਏਹਦਾ ਪਤਾ ਲਿਖ ਰੱਖ।"

ਤੇ ਮੈਨੂੰ:

"ਅਸੀਂ ਤੈਨੂੰ ਛੇਤੀ ਬੁਲਾਂਵਾਂਗੇ।"

-38-

ਚਿਰ ਹੋ ਗਿਆ ਕੋਈ ਬੁਲਾਵਾ ਨਾ ਆਇਆ ਤੇ ਇਕ ਦਿਨ ਆਪ ਰਾਇਲ ਪਾਰਕ ਗਿਆ, ਪੁੱਛਣ। ਹੁਣ ਮੈਨੂੰ ਛੁੱਟੀ ਲੈਣ ਦੀ ਲੋੜ ਨਹੀਂ ਸੀ। ਲਾਲਾ ਸੀਤਾ ਰਾਮ ਬਿਮਾਰ ਸੀ ਤੇ ਮੈਂ ਓਹਦੀ ਥਾਂ ਆਰਜ਼ੀ ਹੈੱਡ ਕਲਰਕੀ ਕਰਦਾ ਸੀ। ਦੂਜਿਆਂ ਨੂੰ ਕਹਿ ਆਇਆ, ਰਾਏ ਸਾਹਬ ਬੁਲਾਣ ਤੇ ਕਹਿ ਦੇਣਾ ਡਾਕਟਰ ਕੋਲ ਗਿਆ ਏ ਜ਼ਰਾ। ਓਥੇ ਨਾ ਪ੍ਰੋਗਰੈਸਿਵ ਪੇਪਰਜ਼ ਦਾ ਬੋਰਡ ਨਾ ਦਫ਼ਤਰ। ਨਾ ਖ਼ਾਲਕ, ਨਾ ਨਵਾਬਜ਼ਾਦਾ। ਸਾਲਾਰ ਆਜ਼ਮ ਹੁਸੈਨ ਦੇ ਦਫ਼ਤਰ ਨੂੰ ਵੀ ਜੰਦਰਾ ਵੱਜਿਆ। ਕਿਸੇ ਨੇ ਦੱਸਿਆ ਓਹ ਮਾਲ ਰੋਡ ਤੇ ਚਲੇ ਗਏ ਨੇ। ਸਿਵਲ ਮਿਲਟਰੀ ਗਜ਼ਟ ਦੀ ਬਿਲਡਿੰਗ ਦੇ ਬਾਹਰ ਪ੍ਰੋਗਰੈਸਿਵ ਪੇਪਰਜ਼ ਤੇ ਪਾਕਿਸਤਾਨ ਟਾਈਮਜ਼ ਦੇ ਸਿਨੇਮਿਆਂ ਜਿੱਡੇ ਬੋਰਡ ਲੱਗੇ ਤੇ ਅੰਦਰ ਮੇਲੇ ਵਰਗੀ ਰੌਣਕ। ਕਾਗਜ਼ ਖਲਾਰੀ ਕਹਿੰਦੇ ਸਭ ਐਡੀਟਰ ਨੇ। ਖ਼ਬਰਾਂ ਸਭ ਕਰਦੇ। ਇਕ ਕਮਰੇ ਵਿੱਚ ਖੜ੍ਹਾ, ਟੈਲੀਫ਼ੋਨ ਸਾਹਮਣੇ ਰੱਖੀ ਤੇ ਟੂਟੀ ਕੰਨ ਨੂੰ ਲਾਈ ਇਕ ਬੰਦਾ ਟੈਲੀਫ਼ੋਨ ਕਰਦਾ। ਏਹ ਮੀਆਂ ਮੁਹੰਮਦ ਸ਼ਫ਼ੀਹ ਸੀ, ਚੀਫ਼ ਰਿਪੋਰਟਰ। ਐਡੀਟਰ ਦਾ ਪੁੱਛਿਆ ਤੇ ਕਹਿੰਦੇ ਓਹ ਹਾਲੇ ਦਿੱਲੀ ਤੋਂ ਨਹੀਂ ਆਇਆ।

"ਮੈਨੇਜਰ?"

ਓਹਦੇ ਕੋਲ ਲੈ ਗਏ ਤੇ ਓਹ ਖ਼ਾਲਕ ਨਿਕਲਿਆ। ਓਹਨੇ ਆਪਣੀਆਂ ਐਨਕਾਂ ਦੇ ਪਿੱਛੋਂ ਮੈਨੂੰ ਪਛਾਣ ਲਿਆ।

"ਅਨਵਰ ਤੂੰ ਕਿੱਥੇ ਸੀ?" ਕਹਿ ਕੇ ਮੈਨੂੰ ਮੀਆਂ ਸਾਹਬ ਦੇ ਕਮਰੇ ਲੈ ਗਿਆ। ਮੀਆਂ ਇਫ਼ਤਿਖ਼ਾਰ-ਉ-ਦੀਨ ਇਕ ਬੜੀ ਲੰਮੀ ਤੇ ਓਨੀ ਕੁ ਚੌੜੀ ਮੇਜ਼ ਦੇ ਪਾਰ ਬੈਠਾ ਸੀ। ਮੈਨੂੰ ਪੁੱਛਿਆ:

"ਹੁਣ ਕੀ ਕਰਦਾਂ? ਕਿੰਨੇ ਪੈਸੇ ਮਿਲਦੇ?"

ਮੈਂ ਆਰਜ਼ੀ ਦਾ ਲਫ਼ਜ਼ ਕੱਢ ਕੇ ਹੈੱਡ ਕਲਰਕ ਬਣ ਗਿਆ ਤੇ ਤਨਖ਼ਾਹ ਆਪਣੀ 147 ਤੋਂ ਵਧਾ ਕੇ ਡੇਢ ਸੌ ਦੱਸੀ। ਮੀਆਂ ਇਫ਼ਤਿਖ਼ਾਰ-ਉ-ਦੀਨ ਤੇ ਖ਼ਾਲਕ ਵਿੱਚ ਕੋਈ ਇਸ਼ਾਰੇ ਹੋਏ। ਅੱਖਾਂ ਵਿੱਚ ਕੀ ਗੱਲਾਂ ਹੋਈਆਂ ਏਹ ਮੈਂ ਨਹੀਂ ਵੇਖਿਆ। ਏਹਦੇ ਮਗਰੋਂ ਮੀਆਂ ਇਫ਼ਤਖ਼ਾਰ-ਉ-ਦੀਨ ਇਕ ਫ਼ਾਈਲ ਪਿੱਛੇ ਲੁਕ ਗਿਆ ਤੇ ਖ਼ਾਲਕ ਮੈਨੂੰ ਆਪਣੇ ਕਮਰੇ ਲੈ ਜਾ ਕੇ ਇਕ ਚਿੱਠੀ ਫੜਾ ਦਿੱਤੀ। ਆਰਜ਼ੀ ਕਾਰਟੂਨਿਸਟ ਦੀ ਤਨਖ਼ਾਹ ਡੇਢ ਸੌ ਰੁਪਏ ਮਹੀਨਾ।

ਪਾਕਿਸਤਾਨ ਟਾਈਮਜ਼ ਦੀ ਐਡੀਟਰੀ ਲਈ ਸੁਣਿਆ ਮੀਆਂ ਸਾਹਿਬ ਨੇ ਹੋਰ ਮੀਆਂ ਸਾਹਿਬਾਨ ਨਾਲ ਤੇ ਮੁਸਲਮਾਨ ਪ੍ਰੋਫ਼ੈਸਰਾਂ ਨਾਲ ਸਲਾਹ ਮਸ਼ਵਰੇ ਕੀਤੇ। ਕਈ ਨਾਂ ਆਏ। ਏ. ਐਨ. ਬੁਖ਼ਾਰੀ। ਐਮ.ਡੀ ਤਾਸੀਰ ਤੇ ਹੋਰ ਕਈ। ਐਮ.ਡੀ ਤਾਸੀਰ ਜਦ ਸ਼ਿਮਲੇ ਵਿੱਚ ਨੈਸ਼ਨਲ ਵਾਰ ਫ਼ਰੰਟ ਦਾ ਡਾਇਰੈਕਟਰ ਸੀ ਤੇ ਓਹਦੇ ਦਫ਼ਤਰ ਦਾ ਇਕ ਚਪੜਾਸੀ ਸਾਡਾ ਪਾਰਟ ਟਾਇਮ ਬਾਵਰਚੀ ਸੀ ਪਰ ਆਪਣੇ ਆਪ ਨੂੰ ਸਾਡੇ ਦੋਹਾਂ ਕਲਰਕਾਂ ਤੋਂ ਉੱਚਾ ਸਮਝਦਾ ਸੀ। ਅਸੀਂ ਓਹਦੀ ਅੰਗੀਠੀ ਦੇ ਦੁਆਲੇ ਬੈਠੇ ਰੋਟੀ ਖਾਂਦੇ ਤੇ ਓਹ ਸਾਨੂੰ ਗੱਲਾਂ ਸੁਣਾਂਦਾ ਜਾਂਦਾ। ਐਮ.ਡੀ. ਤਾਸੀਰ ਦੀਆਂ ਤੇ ਓਹਦੀ ਮੇਮ ਦੀਆਂ। ਮੇਮ ਉਰਦੂ ਬੜੀ ਅੱਛੀ ਬੋਲਦੀ ਏ, ਕਹਿੰਦਾ, ਤੇ ਸਾਨੂੰ ਕਦੀ ਸੁਣਾਨ ਦਾ ਵਾਅਦਾ ਵੀ ਕਰਦਾ। ਤਾਸੀਰ ਇਸਲਾਮੀਆ ਕਾਲਜ ਯਾ ਐਮ.ਏ.ਓ. ਕਾਲਜ ਦਾ ਪ੍ਰਿੰਸੀਪਲ ਸੀ। ਜੇ ਓਹਦਾ ਹਾਰਟ ਫ਼ੇਲ੍ਹ ਨਾ ਹੋ ਜਾਂਦਾ ਤੇ ਓਹਨੇ ਪੰਜਾਬ ਯੂਨੀਵਰਸਟੀ ਦਾ ਵਾਇਸ ਚਾਂਸਲਰ ਜ਼ਰੂਰ ਬਣ ਜਾਣਾ ਸੀ। ਐਡੀਟਰੀ ਦਾ ਫ਼ੈਸਲਾ ਅਖ਼ੀਰ ਕਰਨਲ ਫ਼ੈਜ਼ ਅਹਿਮਦ ਫ਼ੈਜ਼ ਤੇ ਹੋਇਆ। ਅੱਠ ਸੌ ਰੁਪਏ ਮਹੀਨਾ। ਸਰ ਥਾਰਪ ਚੀਫ਼ ਸਬ ਐਡੀਟਰ ਸੀ, ਹਜ਼ਾਰ ਤੇ ਰੱਖਿਆ। ਓਹ ਗੋਰਾ ਸੀ ਜਨੂਬੀ (ਦੱਖਣੀ) ਅਫ਼ਰੀਕਾ ਦਾ ਪਰ ਹਿੰਦੋਸਤਾਨ ਵਿੱਚ ਰਹਿੰਦਾ ਰਹਿਆ ਸੀ ਕੁਝ ਚਿਰ ਤੋਂ। "ਡਾਨ" ਦੇ ਮੁਹੰਮਦ ਹੁਸੈਨ ਨੂੰ ਨਿਊਜ਼ ਐਡੀਟਰੀ ਪੇਸ਼ ਕੀਤੀ ਇਕ ਹਜ਼ਾਰ ਤੇ ਪਰ ਓਹ ਦਿੱਲੀ ਖ਼ੁਸ਼ ਸੀ। ਜਦ ਮਹਾਜਰ ਹੋ ਕੇ ਲਾਹੌਰ ਆਇਆ ਤੇ ਅੱਠ ਸੌ ਤੇ ਮੰਨ ਗਿਆ।

ਮੇਰੇ ਆਣ ਤੋਂ ਪਹਿਲੋਂ ਕਾਰਟੂਨਿਸਟ ਦਾ ਕੋਈ ਫ਼ੈਸਲਾ ਨਹੀਂ ਸੀ ਹੋਇਆ। ਮੁਸਲਮਾਨਾਂ ਦਾ ਸਭ ਤੋਂ ਵਡਾ ਮੁਸੱਵਰ ਅਬਦਲ ਰਹਿਮਾਨ ਚੁਗ਼ਤਾਈ ਤੇ ਕਾਰਟੂਨਿਸਟ ਬਣ ਕੇ ਆਣ ਤੋਂ ਰਹਿਆ। ਮਿਓ ਆਰਟਸ ਸਕੂਲ ਦੇ ਹੋਰ ਉਸਤਾਦਾਂ ਵੀ ਆਪਣੀਆਂ ਪੱਕੀਆਂ ਨੌਕਰੀਆਂ ਨਹੀਂ ਸਨ ਛਡਣੀਆਂ। ਚੁਗ਼ਤਾਈ ਤੋਂ ਬਾਅਦ ਸ਼ੇਖ਼ ਅਹਿਮਦ ਆਂਦਾ ਸੀ ਪਰ ਸੁਣਿਆ ਓਹਨੇ ਹਜ਼ਾਰ ਰੁਪਏ ਮੰਗ ਲਿੱਤੇ। ਸ਼ੇਖ਼ ਅਹਿਮਦ ਆਪ ਤੇ ਅੰਗਰੇਜ਼ ਨਹੀਂ ਸੀ ਪਰ ਓਹਦੀ ਬੀਵੀ ਤੇ ਮੇਮ ਸੀ। ਪਰ ਏਸ ਹਿਸਾਬ ਤੇ ਫ਼ੈਜ਼ ਅਹਿਮਦ ਫ਼ੈਜ਼ ਦੀ ਬੀਵੀ ਵੀ ਮੇਮ ਸੀ। ਓਹਦਾ ਵੀ ਹਜ਼ਾਰ ਮੰਗਣ

...... ਬਾਕੀ ਸਫ਼ਾ 43 'ਤੇ

# ਸਾਰਿਆਂ ਵਰਗਾ ਸਾਂਝ ਤੋਂ ਨਿਆਰਾ

## ਕਾਨਾ ਸਿੰਘ

ਲੜੀਵਾਰ ਕਿਤਾਬ



'ਮੁਹਤਰਮਾ ਤੁਸੀਂ ਬਹੁਤ ਵਧੀਆ ਲਿਖਦੇ ਹੋ। ਜੇ ਤੁਹਾਡੀ ਇਹ ਕਿਤਾਬ ਅੱਜ ਤੋਂ ਤੀਹ ਸਾਲ ਪਹਿਲਾਂ ਛਪੀ ਹੁੰਦੀ ਤਾਂ ਤੁਸਾਂ ਵੀ ਅੰਮ੍ਰਿਤਾ ਪ੍ਰੀਤਮ ਤੇ ਮੋਹਨ ਸਿੰਘ ਦੀ ਕਤਾਰ ਵਿਚ ਖੜ੍ਹੇ ਹੋਣਾ ਸੀ ... ਮਿਲਣ ਦੀ ਤਾਂਘ ਹੈ। ਦਸੋ ਕਦੋਂ ਹਾਜ਼ਰ ਹੋਵਾਂ – ?'

ਦਸੰਬਰ ਅਠਾਸੀ ਦਾ ਤੀਜਾ ਸੋਮਵਾਰ ਸੀ ਜਦੋਂ ਮੈਂ ਰੂਸੋਂ ਪਰਤੀ। ਮਹੀਨੇ ਭਰ ਦੀ ਇਕੱਠੀ ਡਾਕ ਦੇ ਢੇਰ ਵਿਚ ਇਕ ਖ਼ਤ ਇਹ ਵੀ ਸੀ– ਕਿਸੇ ਘਮੰਡਾ ਸਿੰਘ ਦਾ।

ਖ਼ਤ ਦਾ ਮਜ਼ਮੂਨ ਗੁਲਾਬ ਦੇ ਫੁੱਲ ਬੂਟੇ ਦੇ ਛਾਪੇ ਨਾਲ ਵਧੀਆ ਤੋਤਾ ਰੰਗੇ ਪੈਡ ਪੇਪਰ ਉੱਪਰ ਸੀ ਤੇ ਭਿੰਨੀ ਭਿੰਨੀ ਗੁਲਾਬ ਦੇ ਹੀ ਇਤਰ ਦੀ ਵਾਸ਼ਨਾ ਵੀ: ਲਿਫ਼ਾਫ਼ਾ ਵੀ ਤੋਤਾ ਰੰਗਾ ਹੀ ਸੀ, ਗੁਲਾਬਦਾਰ।

ਪੱਤਰ ਲੰਮਾ ਸੀ। ਮੇਰੀਆਂ ਨਜ਼ਮਾਂ ਦੀਆਂ ਟੂਕਾਂ ਦੇ ਹਵਾਲੇ ਦੇ ਕੇ ਪ੍ਰਸ਼ੰਸਾ ਕੀਤੀ ਹੋਈ ਸੀ ਪਰ ਸੰਕੋਚਵੀਂ। ਕਿਧਰੇ ਕਿਧਰੇ ਸਨਿਮਰ ਸੁਝਾਅ ਵੀ ਸਨ।



ਹਮੇਸ਼ਾਂ ਵਾਂਗ ਮੈਂ ਧੰਨਵਾਦ ਵਜੋਂ ਪੋਸਟਕਾਰਡ ਹੀ ਪਾਇਆ ਤੇ ਆਉਂਦੇ ਐਤਵਾਰ ਨੂੰ ਗਿਆਰਾਂ ਵਜੇ ਆਉਣ ਨੂੰ ਲਿਖ ਦਿਤਾ।

ਖਤ ਦੇ ਮਜ਼ਮੂਨ ਅਤੇ ਲਿਖਣ ਵਾਲੇ ਦੇ ਨਾਂ ਵਿਚ ਕੋਈ ਤਾਲਮੇਲ ਨਾ ਹੋਣ ਕਾਰਨ, ਉਹ ਪਾਤਰ ਮੇਰੀ ਸੋਚ ਪਰਕ੍ਰਿਆ ਵਿਚ ਅੜਿਆ ਰਿਹਾ।

ਜਿਥੇ ਚਮੇਲੀ ਦੀ ਸੁਗੰਧ ਸੰਧਿਆ ਦਾ ਵਾਤਾਵਰਣ ਬੰਨ੍ਹਦੀ ਹੈ: ਛਿਪਦੇ ਸੂਰਜ ਦੀ ਡੁਲਕ ਦਾ, ਸਾਗਰ ਦੇ ਉਭਾਰ ਦਾ, ਸ਼ਹਿਨਾਈ ਦੀ ਕਸਕ ਦਾ, ਗ਼ਜ਼ਲ ਦੀ ਹੂਕ ਦਾ ਤੇ ਪੀਆ ਸੰਗ ਸੇਜ ਮਾਨਣ ਦੀ ਤਲਬ ਦਾ ਉਥੇ ਗੁਲਾਬ ਦੀ ਵਾਸ਼ਨਾ ਨੱਕ ਨੂੰ ਛੂੰਹਦਿਆਂ ਹੀ ਸੁੱਚਾ ਸਜਰਾ ਤੇ ਸੀਤਲ ਮਾਹੌਲ ਸਿਰਜਦੀ ਹੈ – ਚਿੜੀ ਚੂਕਣ ਦਾ, ਪਹੁ ਫੁੱਟਣ ਦਾ, ਭੈਰਵ ਰਾਗ ਦਾ, ਮੁਸਕਰਾਂਦੇ ਬਾਲ ਦਾ!

ਜੇ ਉਸ ਖ਼ਤ ਦਾ ਰੂਪ ਇਕ ਮੁਕੰਮਲ ਖਿੜੇ ਸੂਹੇ ਬਿੰਬ ਗੁਲਾਬ ਵਰਗਾ ਸੁਖਾਵਾਂ ਸੀ ਤਾਂ ਉਸ ਨਾਲ ਜੁੜਿਆ ਘਮੰਡਾ ਸਿੰਘ ਦਾ ਨਾਂ ਇਕ ਵਿਹੁ–ਵਿੰਨ੍ਹਿਆ, ਨੁਕੀਲਾ ਕੰਡਾ!

ਖ਼ਤ ਖੁਸ਼ਖ਼ਤ ਸੀ ਤੇ ਅੰਦਾਜ਼ ਪਿਆਰਾ ਤੇ ਆਧੁਨਿਕ। ਦਿੱਖ ਜੁਆਨ ਤੇ ਮਜ਼ਮੂਨ ਸੰਜੀਦਾ, ਸੂਝਵਾਨ। ਪਰ ....

'ਘਮੰਡਾ ਸਿੰਘ ਨਾਂ ਦਾ ਕੋਈ ਬੰਦਾ ਭਲਾ ਜੁਆਨ ਕੀਕਣ ਹੋ ਸਕਦਾ ਹੈ?' ਕਿੰਨਾ ਬੇਢੱਬਾ ਜਿਹਾ ਹੈ ਇਹ ਨਾਂ! ਬੌਂਗਾ!! ਨਕਾਰਾਤਮਕ!!!.... ਇਹ ਸੋਚ ਮੈਨੂੰ ਅਗਲੇਰੇ ਦਿਨਾਂ ਵਿਚ ਵੀ ਔਖਿਆਂ ਕਰਦੀ ਰਹੀ।

ਅੱਜਕਲ੍ਹ ਤਾਂ ਮਾਪੇ ਆਪਣੇ ਬੱਚਿਆਂ ਦੇ ਨਾਂ ਬੜਾ ਸੋਚ ਸਮਝ ਕੇ ਰਖਦੇ ਹਨ। ਹੋਰ ਤਾਂ ਹੋਰ ਸਾਡੇ ਘਰ ਵਿਚ ਕੰਮ ਕਰਨ ਵਾਲੀਆਂ ਅਨਪੜ੍ਹ, ਮਿਹਨਤਕਸ਼ ਔਰਤਾਂ ਦੇ ਨਾਂ ਵੀ ਸਪਨਾ, ਸੁਗੰਧਾ, ਸੁਮਨ, ਸੰਗੀਤਾ, ਸੰਧਿਆ ਤੇ ਸੁਰਭੀ ਵਰਗੇ ਹੁੰਦੇ ਹਨ ਜਿਹੜੇ ਬੋਲਣ ਨੂੰ ਵੀ ਸੌਖੇ ਤੇ ਸੁਣਨ ਨੂੰ ਵੀ ਮਿੱਠੇ ਅਰ ਸੰਗੀਤਕ ਲੱਗਦੇ ਹਨ ਪਰ ਘਮੰਡਾ ਸਿੰਘ ਨਾਂ ਸੁਣ ਕੇ ਤਾਂ ਇੰਝ ਲੱਗਦਾ ਹੈ ਜਿਵੇਂ ਕਿਸੇ ਨੇ ਕੰਨਾਂ ਉਤੇ ਠਾਹ ਡੰਡਾ ਮਾਰ ਦਿੱਤਾ ਹੋਵੇ। ਉਚਾਰਣ ਲਈ ਜੀਭ ਨੂੰ ਖਾਸ ਮਰੋੜਾ ਦੇਣਾ ਪੈਂਦਾ ਹੈ ਜਿਸ ਨਾਲ ਮੂੰਹ ਵਿਚ ਨਿੰਮ ਵਰਗੀ ਕੁੜੱਤਣ ਘੁਲ ਜਾਂਦੀ ਹੈ।

... 'ਜ਼ਰੂਰ ਇਸ ਬੰਦੇ ਦਾ ਪਿਛੋਕੜ ਪੇਂਡੂ ਰਿਹਾ ਹੋਵੇਗਾ....' ਮੈਂ ਕਿਆਫ਼ੇ ਲਾਣ ਲੱਗੀ...

'ਉਸਦੇ ਮਾਪੇ ਦਾਬੂ ਰਹੇ ਹੋਣਗੇ, ਹੀਣ ਭਾਵਨਾ ਦੇ ਸ਼ਿਕਾਰ ਜਿਹੜੇ ਆਪਣੇ ਪੁੱਤਰ ਨੂੰ ਅਣਖੀ ਵੇਖਣ ਦੇ ਚਾਹਵਾਨ ਹੋਣੇ ਨੇ ਪਰ ਅਨਪੜ੍ਹ ਹੋਣ ਦੇ ਨਾਤੇ ਘਮੰਡ ਤੇ ਸਵੈਮਾਨ ਵਿਚਲਾ ਫ਼ਰਕ ਹੀ ਨਹੀਂ ਸਮਝੇ ਹੋਣੇ। ਇਹ ਵੀ ਹੋ ਸਕਦੈ ਕਿ ਉਹ ਭਰਮੀ–ਵਹਿਮੀ ਰਹੇ ਹੋਣ। ਕਈ ਲੋਕ ਨਿਡਰ ਲੱਗਣ ਦੇ ਡਰੋਂ ਜਾਂ ਬੱਚਿਆਂ ਦੀ ਥੁੜ੍ਹ ਵਜੋਂ ਵੀ ਅਜੇਹੇ ਨਾਂ ਰੱਖ ਲੈਂਦੇ ਹਨ....'

...ਇਹ ਵੀ ਕੀ ਭਰੋਸਾ ਏ ਕਿ ਉਸਦਾ ਨਾਂ ਉਸਦੇ ਮਾਪਿਆਂ ਨੇ ਹੀ ਰੱਖਿਆ ਹੋਵੇਗਾ। ਜੇ ਅੱਜ ਤੋਂ ਸੱਠ–ਸੱਤਰ ਸਾਲ ਪਿੱਛੇ ਚਲੇ ਜਾਈਏ ਤਾਂ ਸਾਡੇ ਸੰਜੁਕਤ (ਜੁੜੇ–ਸੰ.) ਪਰੀਵਾਰਾਂ ਦੇ ਸਭਿਆਚਾਰ ਵਿਚ ਮਾਪਿਆਂ ਵਿਚਾਰਿਆਂ ਦੀ ਕੀ ਮਜਾਲ ਸੀ ਜੁ ਆਪਣੇ ਬਾਲਕ ਦਾ ਨਾਂ ਆਪੇ ਰੱਖ ਲੈਣ? ਨਾਂ ਤਾਂ ਕੀ ਉਹਨਾਂ ਨੂੰ ਬੱਚਿਆਂ ਨੂੰ ਪਿਆਰਨ ਪੁਚਕਾਰਨ ਦੀ ਵੀ ਕਿਥੇ ਖੁੱਲ੍ਹ ਹੁੰਦੀ ਸੀ?

ਮਾਂ ਦਸਦੀ ਹੁੰਦੀ ਸੀ ਕਿ ਛੇ ਮਹੀਨਿਆਂ ਦੀ ਉਸਦੀ ਪਲੇਠੀ ਦੀ ਬਾਲੜੀ ਮਹਿੰਦਰ ਨੂੰ ਆਪਣੇ ਵਲ ਤੱਕ ਤੱਕ ਕੇ ਗੁਟਕਦਿਆਂ ਵੇਖ ਕੇ ਇਕੇਰਾਂ ਭਾਪਾ ਜੀ ਉਸਨੂੰ ਚੁਕਣੋਂ ਨਾ ਰਹਿ ਸਕੇ। ਚੁੰਮਣ ਹੀ ਲੱਗੇ ਸਨ ਕਿ ਵਿਹੜੇ ਵਿਚ ਬੈਠੀ ਉਹਨਾਂ ਦੀ ਚਾਚੀ ਨੇ ਭਬਕ ਮਾਰੀ,

'ਹਾਇ ਹਾਇ, ਨਾ ਸ਼ਰਮ ਨਾ ਹਯਾ, ਵੱਡਿਆਂ ਦੀ ਹਜ਼ੂਰੀ ਵਿਚ ਹੀ ਕੁੜੀ ਚੁੰਮਣ ਲਗੈਂ।'

ਉਸ ਤੋਂ ਬਾਅਦ ਭਾਪਾ ਜੀ ਨੂੰ ਅਜਿਹਾ ਝਾਕਾ ਪਿਆ ਕਿ ਮੁੜ ਕੇ ਉਨ੍ਹਾਂ ਕਦੇ ਆਪਣੇ ਕਿਸੇ ਬੱਚੇ ਵਲ ਅੱਖ ਪੁੱਟ ਕੇ ਨਾ ਤੱਕਿਆ। ਦੋ ਤਿੰਨ ਸਾਲਾਂ ਦੇ ਤੁਰਦੇ ਫਿਰਦੇ, ਤੁਤਲਾਂਦੇ ਬੱਚੇ ਜਦੋਂ ਆਪ ਹੀ ਵਧ ਵਧ ਕੇ ਉਨ੍ਹਾਂ ਦੀ ਥਾਲੀ ਵਿਚੋਂ ਗਰਾਹੀਆਂ ਲੈਣ ਲਈ ਪਲਮਣ ਲੱਗਦੇ ਤਾਂ ਹੀ ਭਾਪਾ ਜੀ ਦਾ ਪਿਆਰ ਉਨ੍ਹਾਂ ਨੂੰ ਨਸੀਬ ਹੁੰਦਾ।

ਮਾਂ ਆਪਣੀ ਅੱਲ੍ਹੜ ਅਵਸਥਾ ਦੀਆਂ ਗੱਲਾਂ ਸੁਣਾਂਦੀ ਅਕਸਰ ਗੱਲ ਸ਼ੁਰੂ ਕਰਦਿਆਂ ਆਖਦੀ ਹੁੰਦੀ ਸੀ, 'ਕੇਹੇ ਸ਼ਰਮਾਂ ਵਾਲੇ ਵੇਲੇ ਹੋਨੇ ਸਨ–'

ਜੇ ਭਾਪਾ ਜੀ ਦੀ ਮੌਜੂਦਗੀ ਵਿਚ ਹੀ ਸਾਡੇ ਨਾਨਾ ਜੀ ਆ ਨਿਕਲਣ ਤਾਂ ਮਾਂ ਲੰਮਾ ਸਾਰਾ ਘੁੰਡ ਕੱਢ ਲੈਂਦੀ ਸੀ। ਉਹ ਕੁੱਛੜ ਵਿਚ ਬਾਲ ਲੈ ਕੇ ਕਦੇ ਵੀ ਨਾਨਾ ਜੀ ਦੇ ਸਾਹਵੇਂ ਨਹੀਂ ਸੀ ਹੁੰਦੀ। ਹਾਂ, ਤਾਂ ਉਨ੍ਹਾਂ ਸ਼ਰਮਾਂ ਵਾਲੇ ਵੇਲਿਆਂ ਦੀ ਇਕ ਗੱਲ ਉਹ ਜਦੋਂ ਵੀ ਸੁਣਾਣ ਲੱਗਦੀ, ਮੇਰਾ ਦਮ ਘੁਟਣ ਲੱਗਦਾ। ਮੈਨੂੰ ਇੰਜ ਲੱਗਦਾ ਜਿਵੇਂ ਕਿਸੇ ਨੇ ਮੇਰੇ ਮੂੰਹ ਵਿਚ ਬੁੱਜਾ ਦੇ ਕੇ ਮੇਰਾ ਸਾਹ ਰੋਕ ਦਿਤਾ ਹੋਵੇ। ਮੇਰਾ ਗਲਾ ਦਬਾਅ ਦਿਤਾ ਹੋਵੇ...

... ਮਾਂ ਦੇ ਦੱਸੇ ਮੁਜਬ ਇਕ ਵੇਰਾਂ ਉਹ ਵਿਹੜੇ ਵਿਚ ਬੈਠੀ ਕੁੱਛੜ ਦੇ ਜੀਤ ਨੂੰ ਨੁਹਾ ਰਹੀ ਸੀ ਕਿ, ਪਿੰਡੀਓਂ ਆਏ ਡਿਉਢੀ ਵਿਚੋਂ ਅੰਦਰ ਵੜਦੇ ਨਾਨਾ ਜੀ ਦੇ ਖੰਘੂਰੇ ਦੀ ਉਸ ਦੇ ਕੰਨੀਂ ਅਵਾਜ਼ ਪਈ।

ਪਹਿਲਾਂ ਇੰਜ ਹੀ ਹੁੰਦਾ ਸੀ। ਵੱਡੇ–ਵਡੇਰੇ ਜਾਂ ਮਰਦ ਲੋਕ ਘਰ ਵਿਚ ਪੈਰ ਪਾਉਣ ਤੋਂ ਪਹਿਲਾਂ ਖੰਘ ਕੇ ਜਾਂ ਕੋਈ ਹੋਰ ਖੜਾਕ ਕਰ ਕੇ ਨੂੰਹਾਂ–ਧੀਆਂ ਨੂੰ ਸੰਭਲਣ ਜਾਂ ਸਿਰ–ਮੂੰਹ ਕੱਜਣ ਲਈ ਖ਼ਬਰਦਾਰ ਕਰਦੇ ਸਨ।

ਹਾਂ, ਤਾਂ ਨਾਨਾ ਜੀ ਦੀ ਆਵਾਜ਼ ਸੁਣਦਿਆਂ ਹੀ

ਸਾਰਿਆਂ ਵਰਗਾ ਸਾਭ ਤੋਂ ਨਿਆਰਾ

ਕਾਨਾ ਸਿੰਘ

ਲੜੀਵਾਰ ਕਿਤਾਬ

ਮਾਂ ਨੂੰ ਹੱਥ-ਪੈਰ ਪੈ ਗਏ। ਉਹ ਘਰ ਵਿਚ ਇਕੱਲੀ ਹੀ ਸੀ। ਆਪਣੇ ਪਿਓ ਸਾਹਮਣੇ ਪੁੱਤਰ ਨੂੰ ਕਿਵੇਂ ਨੁਹਾਉਂਦੀ?

'ਅੱਲੜ੍ਹ ਅਵਸਥਾ! ਭੋਲੇ ਭਾਲੇ ਵਕਤ!! ਕੀ ਕਰੇ?... ਕਿਥੇ ਜਾਏ ?... ਬੱਚੇ ਨੂੰ ਕਿਥੇ ਲੁਕਾਏ?... ਹਫੜਾ-ਦਫੜੀ ਵਿਚ ਕੁਝ ਨਾ ਸੁੱਝਿਆ ਤਾਂ ਉਸਨੇ ਬਾਲਕ ਨੂੰ ਕੋਲ ਪਏ ਠੰਢੇ ਤੰਦੂਰ ਵਿਚ ਰਖ ਕੇ ਉਪਰੋਂ ਪਰਾਤ ਨਾਲ ਢਕ ਦਿਤਾ। ਬਿੰਦ ਕੁ ਮਗਰੋਂ ਬੇਜੀ ਗੁਰਦੁਆਰਿਓਂ ਪਰਤੇ। ਉਹ ਜਿੰਨੀ ਵਾਰੀ ਪੁੱਛਣ 'ਨਿੱਕਾ ਕਿੱਥੇ ਈ?'

ਮਾਂ ਨੀਵੀਂ ਪੱਈ ਹੌਲੀ ਜਿਹੀ ਆਖੇ ... ਤੰਦੂਰ ਵਿਚ।

'ਵਾਹਗੁਰੂ ਵਾਹਗੁਰੂ ਕਰ, ਹੇ ਕੇ ਪਈ ਆਖਨੀ ਏਂ' ਬੇਜੀ ਬੋਲਣ ਤੇ ਫੇਰ ਮਾਂ ਦੀ ਲਗਾਤਾਰ ਨੀਵੀਂ ਪਾਈ ਚੁੱਪੀ ਤੋਂ ਕੁਝ ਦੇਰ ਬਾਅਦ ਆਪੇ ਹੀ ਸਮਝ ਕੇ ਜਦੋਂ ਉਨ੍ਹਾਂ ਤੰਦੂਰ ਤੋਂ ਤਰਾਮੀ ਚੁੱਕੀ ਤਾਂ ਬਾਲਕ ਜੀਤ ਠੰਢੇ ਤੰਦੂਰ ਵਿਚ ਮਸਤ ਬੈਠਾ ਸੁਆਹ ਨਾਲ ਖੇਡ ਰਿਹਾ ਸੀ...

ਸ਼ਾਇਦ ਏਸੇ ਕਰਕੇ ਹੀ ਸਾਡੇ ਪੋਠੋਹਾਰੀ ਭਾਈਚਾਰੇ ਵਿਚ ਬੱਚਾ ਪਹਿਲਾ ਹੋਵੇ ਜਾਂ ਪੰਜਵਾਂ, ਸਹੁਰੇ ਘਰ ਹੀ ਜੰਮਣ ਦਾ ਰਿਵਾਜ ਸੀ।

ਬੇਸ਼ੱਕ ਵਕਤ ਪਾ ਕੇ ਉਹ ਪਹਿਲੇ 'ਸ਼ਰਮਾਂ' ਵਾਲੇ ਦਿਨ ਨਹੀਂ ਸਨ ਰਹੇ ਫੇਰ ਵੀ ਕੁਝ ਕਾਰਨਾਂ ਕਰ ਕੇ ਪਹਿਲਾ ਜਣੇਪਾ ਕੱਟਣ ਜਦੋਂ ਮੈਨੂੰ ਪੇਕੇ ਹੀ ਜਾਣਾ ਪਿਆ ਤਾਂ ਲਾਜ ਦੀ ਮਾਰੀ ਸ਼ਾਮੀਂ ਪਿਓ-ਭਰਾਵਾਂ ਦੇ ਘਰ ਪਰਤਣ ਤੋਂ ਪਹਿਲਾਂ ਹੀ ਮੈਂ ਰਜ਼ਾਈ ਵਿਚ ਵੜ ਜਾਂਦੀ ਤੇ ਸਵੇਰੇ ਉਨ੍ਹਾਂ ਦੇ ਘਰੋਂ ਨਿਕਲਣ ਤੱਕ ਉਂਜ ਹੀ ਪਈ ਰਹਿੰਦੀ। ਵਧੇ ਹੋਏ ਪੇਟ ਨਾਲ ਮੈਂ ਉਨ੍ਹਾਂ ਸਾਹਵੇਂ ਉੱਕਾ ਨਾ ਹੋਈ।

ਵੀਹ ਦਿਨਾਂ ਦੇ ਬਿਮਾਰ ਸੰਨੀ ਨੂੰ ਵੇਖਣ ਦੀ ਇਤਲਾਅ ਵਜੋਂ ਜਦੋਂ ਜੀਤ ਦੀ ਤਾਰ ਮਿਲੀ ਤਾਂ ਮੈਂ ਘਬਰਾਅ ਗਈ। ਉਹ ਤਾਂ ਤਿੰਨਾਂ ਪੁਸ਼ਤਾਂ ਤੋਂ ਡਾਕਟਰੀ ਖਾਨਦਾਨ ਦਾ ਹੋਣ ਕਾਰਨ ਖੁੱਲ੍ਹਾ-ਖੁਲਾਸਾ ਸੀ। ਆਪਣੇ ਭਣੇਵਿਆਂ-ਭਣੇਵੀਆਂ ਨੂੰ ਚੁੰਮਦਾ ਚੱਟਦਾ, ਲਡਿਆਉਂਦਾ ਉਛਾਲਦਾ ਨਾ ਥੱਕਦਾ।

'ਜੇ ਉਸ ਓਸੇ ਤਰ੍ਹਾਂ ਹੀ ਮੇਰੇ ਪਿਓ-ਭਰਾਵਾਂ ਸਾਹਮਣੇ ਸੰਨੀ ਨੂੰ ਚੁੱਕ ਲਿਆ ਤਾਂ ਮੈਂ ਤਾਂ ਧਰਤੀ ਵਿਚ ਹੀ ਗੱਡੀ ਜਾਵਾਂਗੀ ' – ਮੇਰਾ ਤੌਖਲਾ ਸੀ।

ਘਮੰਡਾ ਸਿੰਘ ਦਾ ਨਾਂ ਮੈਨੂੰ ਉਸਦੇ ਕਿਸੇ ਵੱਡੇ ਵਡੇਰੇ ਦੀ ਸ਼ੈਤਾਨੀ ਜਾਂ ਮੂਰਖਤਾ ਦਾ ਹੀ ਫਲ ਜਾਪਿਆ।

' ਭਲਾ ਕਿੰਨੀ ਕੁ ਉਮਰ ਹੋਵੇਗੀ ਉਸਦੀ?' ਮੈਂ ਕਿਆਫ਼ੇ ਲਾਣ ਲੱਗੀ।

ਖ਼ਤ ਦੇ ਮਜ਼ਮੂਨ ਅਨੁਸਾਰ ਪਿੱਛਲੇ ਤੀਹ ਪੈਂਤੀ ਜਾਂ ਉਸਤੋਂ ਵੀ ਵੱਧ ਵਰ੍ਹਿਆਂ ਤੋਂ ਉਹ ਅੰਮ੍ਰਿਤਾ ਪ੍ਰੀਤਮ ਤੇ ਪ੍ਰੋ. ਮੋਹਨ ਸਿੰਘ ਦਾ ਪਾਠਕ ਸੀ। 'ਮੋਹਤਰਮਾ' ਦਾ ਸੰਬੋਧਨ ਤੇ ਉਰਦੂਨੁਮਾ ਲਹਿਜ਼ਾ ਵੀ ਉਸ ਦੇ ਸੱਠ-ਪੈਂਠ ਸਾਲ ਦੀ ਉਮਰ ਦੇ ਕਰੀਬ ਹੋਣ ਦਾ ਹੀ ਇਸ਼ਾਰਾ ਕਰਦਾ ਸੀ। ਜੇ ਸੁਰਜੀਤ ਵੀਰ ਜੀ ਜੀਂਦੇ ਹੁੰਦੇ ਤਾਂ ਉਨ੍ਹਾਂ ਨੇ ਵੀ ਲਗਪਗ ਏਸੇ ਉਮਰ ਦਾ ਹੀ ਹੋਣਾ ਸੀ.....

.... ਵੀਰ ਜੀ ਦਾ ਖਿਆਲ ਆਉਂਦਿਆਂ ਹੀ ਮੈਨੂੰ ਉਨ੍ਹਾਂ ਦੇ ਕਾਲਜ ਦੇ ਸਹਿਪਾਠੀ ਘਮੰਡਾ ਸਿੰਘ ਦੀ ਯਾਦ ਆ ਗਈ। ਪਿੰਡ ਫੂੱਲਣੇ ਵਾਲਾ ਘਮੰਡਾ ਸਿੰਘ। ਚੰਗੇ ਰੱਜੇ-ਪੁੱਜੇ ਘਰ ਦਾ ਪੁੱਤ। ਉਹ ਸਾਡੇ ਗੁਜਰਖਾਨ ਵਿਚ ਹੀ ਮੰਗਿਆ ਹੋਇਆ ਸੀ। ਇੰਦਰ ਸੀ ਉਸ ਦੀ ਮੰਗੇਤਰ ਦਾ ਨਾਂ। ਉਹ ਪਿੰਡੀ ਦੇ ਗਾਰਡਨ ਕਾਲਜ ਦੇ ਬੋਰਡਿੰਗ ਵਿਚ ਵੀਰ ਜੀ ਦਾ ਸਹਿਵਾਸੀ ਸੀ। ਹਰ ਸਨਿਚਰਵਾਰ ਉਨ੍ਹਾਂ ਦੇ ਨਾਲ ਪਿੰਡੀਓਂ ਆਉਂਦਾ ਤੇ ਰਾਤ ਸਾਡੇ ਘਰ ਠਹਿਰ ਕੇ ਹੀ ਆਪਣੇ ਗਰਾਂ ਜਾਂਦਾ। ਛੁੱਟੀਆਂ ਵਿਚ ਤਾਂ ਕਿੰਨੇ ਕਿੰਨੇ ਦਿਨ ਹੀ ਸਾਡੇ ਘਰ ਗੁਜ਼ਾਰਦਾ ਸੀ। ਬਚਪਨ ਦੀ ਮਨ-ਤਖ਼ਤੀ ਉਤੇ ਪਏ ਪ੍ਰਭਾਵਾਂ ਅਨੁਸਾਰ ਉਹ ਸ਼ਾਇਦ ਇੰਦਰ ਨੂੰ ਚੋਰੀ-ਛਿਪੇ ਮਿਲਦਾ ਸੀ। ਭਾਵੇਂ ਉਹ ਤੇ ਜੀਤ ਵੀਰ ਜੀ ਅੰਗ੍ਰੇਜ਼ੀ ਵਿਚ ਗਿਟਮਿਟ ਕਰ ਕੇ ਹੀ ਇੰਦਰ ਦਾ ਨਾਂ ਲੈਂਦੇ ਸਨ ਪਰ ਫੇਰ ਵੀ ਮੈਨੂੰ ਕੁਝ ਕੁਝ ਸਮਝ ਆ ਜਾਂਦੀ ਸੀ। ਉਹ ਮੈਨੂੰ ਬਹੁਤ ਲਡਿਆਉਂਦਾ ਸੀ। ਉਸਦੇ ਮੋਢੇ 'ਤੇ ਚੜ੍ਹ ਕੇ ਮੈਂ ਵਿਹੜੇ ਦੀ ਜੰਡੀ ਤੋਂ ਬੇਰ ਤੋੜਦੀ ਸਾਂ। ਇਕ ਵੇਰਾਂ ਮੇਰੇ ਤੋਂ ਛੋਟੇ ਵੀਰ, ਗੁੱਲੀ ਨੇ ਘਰ ਦੇ ਹੇਠਲੇ ਡਿਓੜੀ ਵਾਲੇ ਬੂਹੇ ਦੇ ਬਾਹਰ ਲੱਗੇ ਜੰਦਰੇ ਦੀ ਕੁੰਜੀ ਕੋਠੇ ਤੋਂ ਥੱਲੇ ਵਗਾਹ ਮਾਰੀ ਸੀ।

ਅਨੋਖਾ ਹੀ ਸੀ ਉਹ ਤਾਲਾ; ਕਿਸੇ ਆਮ ਚਾਬੀ ਨਾਲ ਖੁੱਲ੍ਹਣਾ ਨਾਮੁਮਕਿਨ। ਕੁਝ ਖਾਸ ਨੰਬਰ ਮਿਲਾਣ ਮਗਰੋਂ ਹੀ ਇਕ ਪੇਚਦਾਰ ਚਾਬੀ ਨਾਲ ਖੁੱਲ੍ਹਦਾ ਸੀ।

ਸਰਦੀਆਂ ਦੇ ਦਿਨ ਤੇ ਉਪਰੋਂ ਰਾਤ ਪੈਣ ਵਾਲੀ ਸੀ। ਹੇਠਲੇ ਸੁਫਿਆਂ ਵਿਚ ਹੀ ਸੌਣ ਦਾ ਪ੍ਰਬੰਧ ਹੁੰਦਾ ਸੀ। ਘਮੰਡਾ ਸਿੰਘ ਨੂੰ ਇਕ ਤਜਵੀਜ਼ ਸੁੱਝੀ। ਉਸਨੇ ਥਾਪੀ ਨੂੰ ਵਿਚਕਾਰੋਂ ਖੂਹ ਦੀ ਲਾਜ ਨਾਲ ਬੰਨ੍ਹ ਕੇ ਉਸ ਉੱਪਰ ਦੁਹੀਂ ਪਾਸੀਂ ਲੱਤਾਂ ਕਰਾ ਕੇ ਮੈਨੂੰ ਹੇਠਾਂ ਲਮਕਾਅ ਦਿਤਾ। ਝੂੰਮਦੀ ਗਾਂਦੀ ਤੇ ਝੂਟੇ ਮਾਣਦੀ ਮੈਂ ਥੱਲੇ ਲਹਿ ਗਈ ਤੇ ਕੁੰਜੀ ਚੁੱਕ ਕੇ ਬਾਰੀ ਵਿਚੋਂ ਬਾਹਰ ਸੁੱਟ ਦਿਤੀ।

ਘਮੰਡਾ ਸਿੰਘ ਨਾਲ ਜੁੜੀ ਮੇਰੇ ਬਚਪਨ ਦੀ ਇਹ

**ਪਹਿਲਾ ਜਣੇਪਾ ਕੱਟਣ ਜਦੋਂ ਮੈਨੂੰ ਪੇਕੇ ਹੀ ਜਾਣਾ ਪਿਆ ਤਾਂ ਲਾਜ ਦੀ ਮਾਰੀ ਸ਼ਾਮੀਂ ਪਿਓ-ਭਰਾਵਾਂ ਦੇ ਘਰ ਪਰਤਣ ਤੋਂ ਪਹਿਲਾਂ ਹੀ ਮੈਂ ਰਜ਼ਾਈ ਵਿਚ ਵੜ ਜਾਂਦੀ ਤੇ ਸਵੇਰੇ ਉਨ੍ਹਾਂ ਦੇ ਘਰੋਂ ਨਿਕਲਣ ਤੱਕ ਉਂਜ ਹੀ ਪਈ ਰਹਿੰਦੀ। ਵਧੇ ਹੋਏ ਪੇਟ ਨਾਲ ਮੈਂ ਉਨ੍ਹਾਂ ਸਾਹਵੇਂ ਉੱਕਾ ਨਾ ਹੋਈ।**

ਅੱਤ ਪਿਆਰੀ ਯਾਦ ਹੈ।

ਵੰਡ ਮਗਰੋਂ ਫੂਲਣੇ ਵਾਲਿਆਂ ਦਾ ਪਰਿਵਾਰ ਫ਼ਰੀਦਕੋਟ ਠਹਿਰ ਗਿਆ ਤੇ ਅਸੀਂ ਦਿੱਲੀ ਜਾ ਵੱਸੇ। ਇੰਦਰ ਦੇ ਪੇਕੇ ਕੰਤਰੀਲੇ ਵਾਲੇ ਸਦੀਂਦੇ ਸਨ। ਉਹ ਸਾਡੇ ਨੇੜੇ ਹੀ ਰਹਿੰਦੇ ਸਨ। ਸ਼ਾਹਦਰੇ ਵਿਚ, ਦਿੱਲੀ।

ਘਮੰਡਾ ਸਿੰਘ ਸਹੁਰੇ ਆਂਦਾ ਜਾਂਦਾ ਸਾਨੂੰ ਮਿਲਦਾ ਰਿਹਾ। ਕਾਲਜ ਜਾਂਦੀ ਮੁਟਿਆਰ ਨੱਢੀ ਸਾਂ ਮੈਂ ਜਦੋਂ ਉਹ ਮੇਰੀ ਭਰਵੀਂ ਗੁੱਤ ਨੂੰ ਪੁਟਦਿਆਂ ਆਖਦਾ, 'ਇਹ ਤਾਂ ਮੇਰੀ ਮੁੱਠ ਦੇ ਮੇਚ ਦੀ ਹੈ।'

ਵੀਰ ਜੀ ਪੈਂਤੀ ਵਰ੍ਹਿਆਂ ਦੀ ਭਰ ਜੁਆਨ ਉਮਰ ਵਿਚ ਹੀ ਇਕ ਸੜਕ ਹਾਦਸੇ ਦੇ ਸ਼ਿਕਾਰ ਹੋ ਗਏ ਤੇ ਉਸ ਤੋਂ ਬਾਅਦ ਛੇਤੀ ਹੀ ਮੇਰਾ ਵਿਆਹ ਹੋ ਗਿਆ। ਬੰਬਈ। ਮੁੜ ਕੇ ਮੇਰਾ ਘਮੰਡਾ ਸਿੰਘ ਨਾਲ ਕਦੇ ਮੇਲ ਨਾ ਹੋਇਆ। ਸੁਣਿਆ ਸੀ ਬਾਅਦ ਵਿਚ ਇੰਦਰ ਦੀ ਵੀ ਕੈਂਸਰ ਨਾਲ ਮੌਤ ਹੋ ਗਈ ਸੀ।

.............

'ਕੀ ਪਤਾ ਇਹ ਉਹੀ ਘਮੰਡਾ ਸਿੰਘ ਹੋਵੇ ?' ਮੈਂ ਸੋਚਾਂ ਦੇ ਘੋੜੇ ਦੁੜਾਉਣ ਲੱਗੀ।

ਘਮੰਡਾ ਸਿੰਘ ਨੇ ਇਹ ਵੀ ਲਿਖਿਆ ਸੀ ਕਿ ਉਸ ਨੇ ਮੇਰੀ ਕਿਤਾਬ ਲਾਇਬਰੇਰੀ ਵਿਚ ਵੇਖੀ ਸੀ।

ਮੇਰੇ ਪ੍ਰਕਾਸ਼ਕ ਨੇ ਜਿਹੜੀਆਂ ਪਹਿਲੀਆਂ ਸੌ ਪੁਸਤਕਾਂ ਲਾਇਬਰੇਰੀਆਂ ਵਿਚ ਭੇਜੀਆਂ ਸਨ, ਉਨ੍ਹਾਂ ਦੀ ਜੈਕੇਟ ਨਸਵਾਰੀ ਤੇ ਪੀਲੇ ਰੰਗ ਦੀ ਸੀ। ਜੋ ਮੈਂ ਮਗਰੋਂ ਬਦਲ ਦਿਤੀ ਸੀ। ਉਸ ਜੈਕੇਟ ਉੱਪਰ ਛਪੀ ਮੇਰੀ ਤਸਵੀਰ ਦੀ ਉਮਰ, ਮੇਰੀ ਅਸਲ ਉਮਰ ਤੋਂ ਦਸ ਸਾਲ ਵਡੇਰੀ ਜਾਪਦੀ ਸੀ। ਗੰਭੀਰ ਤੇ ਪ੍ਰੌੜ੍ਹ। ਉਹਦੇ ਤੋਂ ਮੈਂ ਉਸਨੂੰ ਆਪਣੀ ਹਮ-ਉਮਰ ਜਾਪੀ

ਸਾਰਿਆਂ ਵਰਗਾ ਸਭ ਤੋਂ ਨਿਆਰਾ

ਕਾਨਾ ਸਿੰਘ

ਲੜੀਵਾਰ ਕਿਤਾਬ

ਹੋਵਾਂਗੀ। ਜੇ ਇਹ ਉਹੀ ਘਮੰਡਾ ਸਿੰਘ ਹੈ ਤਾਂ ਵਿਚਾਰਾ ਡਾਢਾ ਇਕੱਲਾ ਹੋਣਾ ਹੈ। ਸਾਥੀ ਰਹਿਤ, ਕੱਲਾਕਾਰਾ!

ਘਮੰਡਾ ਸਿੰਘ ਨੇ ਇਹ ਵੀ ਲਿਖਿਆ ਸੀ ਕਿ 'ਤਲਾਸ਼' 'ਵਿਗਿਆਪਨ' ਤੇ 'ਬਣ ਜਾ ਗੁਆਂਢੀ' ਆਦਿ ਮੇਰੀਆਂ ਨਜ਼ਮਾਂ ਨੇ ਉਸ ਨੂੰ ਖਾਸ ਪ੍ਰਭਾਵਿਤ ਕੀਤਾ ਸੀ।

ਇਕ ਅਤ੍ਰਿਪਤ ਆਤਮਾ ਦੀ ਕਿਸੇ ਆਦਰਸ਼ ਵਡੇਰੇ ਹਾਣੀ ਲਈ ਲੋਚਾ, ਭਾਲ – ਮੇਰੀ ਕਵਿਤਾ ਦੀ ਪ੍ਰਧਾਨ ਸੁਰ ਹੈ।

ਮੇਰੀਆਂ ਕਵਿਤਾਵਾਂ ਰਾਹੀਂ ਘਮੰਡਾ ਸਿੰਘ ਨੂੰ ਜ਼ਰੂਰ ਮੇਰੇ ਨਾਲ ਭਾਵਾਤਮਕ ਸਾਂਝ ਮਹਿਸੂਸ ਹੋਈ ਹੋਵੇਗੀ।

'ਵਿਚਾਰਾ ਘਮੰਡਾ ਸਿੰਘ।'

ਮੇਰਾ ਮਨ ਉਸ ਕਲਪਿਤ ਬੰਦੇ ਲਈ ਪਿਘਲਣ ਲੱਗਾ।

ਇਹ ਵੀ ਤਾਂ ਹੋ ਸਕਦਾ ਹੈ ਕਿ "ਲੋਹਿਓਂ ਪਾਰਸ" ਦੀ **ਦੀਲੀ** ਜੈਕੇਟ ਵਾਲੀ ਪੁਸਤਕ ਹੀ ਉਸਦੇ ਹੱਥ ਲੱਗੀ ਹੋਵੇ।

ਸੋਚ ਨੇ ਇਕ ਹੋਰ ਰੁੱਖ ਬਦਲਿਆ।

ਇਸ ਪੁਸਤਕ ਉਪਰ ਛਪੀ ਬਿਨਾਂ ਐਨਕ ਦੀ ਮੇਰੀ ਤਸਵੀਰ ਅਨੁਸਾਰ ਮੈਂ ਤੀਹਾਂ–ਪੈਂਤੀਆਂ ਦੀ ਚਿੰਤਕ ਨੱਢੀ ਜਾਪਦੀ ਹਾਂ ਜਿਸ ਦੀਆਂ ਅੱਖਾਂ ਵਿਚ ਉਮਰ ਦਾ ਰਹੱਸ ਹੈ ਪਰ ਹੋਠਾਂ ਉਤੇ ਸ਼ੋਖ ਮੁਸਕਰਾਹਟ।

ਹੋ ਸਕਦਾ ਹੈ ਘਮੰਡਾ ਸਿੰਘ ਨੇ ਵੀ ਆਪਣੀ ਜੁਆਨੀ ਬਰਕਰਾਰ ਰੱਖੀ ਹੋਵੇ ? ... ਉਹ ਕਸਰਤ ਦਾ ਬੜਾ ਸ਼ੌਕੀਨ ਸੀ। ਡੰਡ, ਬੈਠਕਾਂ, ਦੰਗਲ! ਚੂੜੀ ਵਾਲੇ ਗਿਲਾਸਾਂ ਵਿਚ ਇਕ ਇਕ ਪਾਅ ਘਿਓ ਦੇ ਸਮੇਤ ਸੇਰਾਂ ਬੱਧੀ ਦੁੱਧ ਛੱਕ ਜਾਂਦਾ ਸੀ। ਕਦੇ ਕੇਲੇ ਖਾਣ ਦਾ ਮੁਕਾਬਲਾ, ਕਦੇ ਪੂੜਿਆਂ ਦਾ ਤੇ ਕਦੇ ਅੰਡਿਆਂ ਦਾ....

... ਸਿਹਤ ਤੇ ਜੁਆਨੀ ਨੂੰ ਕਾਇਮ ਰੱਖਣ ਦੀ ਧੁਨ ਵਿਚ ਵੀ ਕਈ ਲੋਕੀ ਅੰਦਰੋਂ ਬਹੁਤ ਇਕੱਲੇ ਰਹਿ ਜਾਂਦੇ ਹਨ। ਕੀ ਪਤਾ ਘਮੰਡਾ ਸਿੰਘ ਵੀ ਦਿਸਣ ਨੂੰ ਮੇਰੇ ਵਾਂਗ ਜੁਆਨ ਪਰ ਧੁਰ ਅੰਦਰੋਂ ਕਿਤੇ ਇਕੱਲਾ, ਵਿਰਾਗਿਆ ਹੋਵੇ?

ਆਪਣੀ ਉਮਰ ਤੋਂ ਦਸ ਸਾਲ ਛੋਟਾ ਦਿਸਣਾ ਮਾਣ ਵਾਲੀ ਗੱਲ ਹੈ, ਇਕ ਹਾਸਲ, ਇਕ ਵਰਦਾਨ ਪਰ ਮੇਰੇ ਵਾਂਗ ਵੀਹ ਸਾਲ ਛੋਟਾ ਦਿਸਣਾ... ? ਇਕ ਕਸਕ, ਇਕ ਸਰਾਪ! ਸਕਾਰਾਤਮਕ ਸੋਚ, ਸੰਤੁਲਿਤ ਭੋਜਨ, ਸਵਾਸਥ ਗਿਆਨ ਤੇ ਯੋਗ ਸਾਧਨ ਸਦਕੇ ਜੁਆਨ ਦਿਖਣ ਦੇ ਨਾਲ ਨਾਲ ਮੈਂ ਅੰਦਰੋਂ ਕਿਤੇ ਇਕੱਲੀ ਵੀ ਹਾਂ, ਉਦਾਸ ਉਦਾਸ। ਉਮਰ ਵਿਚ ਮੈਥੋਂ ਦੂਰ ਛੋਟੇ ਜੁਆਨ ਨੱਢੇ ਮੇਰੇ ਵਲ ਆਕਰਸ਼ਿਤ ਹੋ ਜਾਂਦੇ ਹਨ ਪਰ ਉਹ ਮੈਨੂੰ ਆਪਣੇ ਪੁੱਤਰ, ਨਿੱਕੇ ਵੀਰ, ਨੰਨ੍ਹੇ ਦੋਸਤ ਜਾਪਦੇ ਹਨ। ਅਜ਼ੀਜ਼ ਪਰ ਮਹਿਬੂਬ ਨਹੀਂ।

ਮੈਂ ਹਰ ਉਮਰ ਦੀ ਹਾਣੀ ਹਾਂ ਪਰ ਮੇਰਾ ਹਾਣੀ ਮੈਨੂੰ ਕਿਤੇ ਨਹੀਂ ਦਿਸਦਾ।

ਕਿਸ਼ੋਰ ਅਵਸਥਾ ਵਿਚ ਬਰਨਾਰਡ ਸ਼ਾਅ ਦਾ ਇਕ ਕਲਾਸਿਕ ਪੜ੍ਹਿਆ ਸੀ, 'ਬੈਕ ਟੂ ਮੈਥਸੁਲਾਹ', ਇਕ ਸਾਇੰਸ ਫ਼ੈਂਟੇਸੀ! ਵਿਸਥਾਰ ਤਾਂ ਬਾਹਲਾ ਯਾਦ ਨਹੀਂ ਪਰ ਮੂਲ ਵਿਚਾਰ ਮਨ ਉਤੇ ਗਹਿਰੀ ਛਾਪ ਛੱਡ ਗਿਆ...

... ਕਿਸੇ ਕੌਤਕ ਵੱਸ ਇਕ ਜੁਆਨ ਇਸਤਰੀ ਦੀ ਉਮਰ ਰੁਕ ਜਾਂਦੀ ਹੈ। ਓਥੇ ਦੀ ਓਥੇ! ਉਸਦੇ ਹਾਣੀ, ਸਮਕਾਲੀ ਸਾਰੇ ਹੀ ਆਪਣੀ ਆਪਣੀ ਉਮਰ ਭੋਗ ਕੇ ਤੁਰ ਜਾਂਦੇ ਹਨ। ਸਾਕ–ਸਬੰਧੀ, ਮਿੱਤਰ–ਵਾਕਫ਼ ਕੋਈ ਨਹੀਂ ਰਹਿੰਦਾ। ਬਸ ਉਹੀ ਜੀਉਂਦੀ ਰਹਿੰਦੀ ਹੈ, ਓਸੇ ਤਰ੍ਹਾਂ ਸਦਾ ਜੁਆਨ, ਜੁਆਨਾਂ ਦੀ ਭੀੜ ਵਿਚ ਕਲਮੁਕੱਲੀ। ਸਿਆਣਪ ਅਤੇ ਅਨੁਭਵ ਵਲੋਂ ਪੁਰਾਤਨ ਪਰ ਵੇਖਣ ਨੂੰ ਭਰਪੂਰ, ਜੋਬਨਮਤੀ, ਸੁੰਦਰੀ! ਨੱਢੇ ਉਸ ਵਲ ਆਕਰਸ਼ਿਤ ਹੁੰਦੇ ਹਨ, ਪਰ ਨਾਲ ਹੀ ਉਸਦੀਆਂ ਅੱਖਾਂ ਦੀ ਰਹੱਸਮਈ ਤਾਬ ਨਹੀਂ ਝੱਲ ਸਕਦੇ। ਉਹ ਉਸ ਵਲ ਖਿੱਚੇ ਵੀ ਜਾਂਦੇ ਹਨ ਤੇ ਉਸ ਤੋਂ ਕਤਰਾਉਂਦੇ ਵੀ ਹਨ। ਉਨ੍ਹਾਂ ਸੰਗ ਵਿਚਰਦੀ, ਅੰਦਰੋਂ ਘੋਰ ਇਕੱਲ ਦਾ ਸੰਤਾਪ ਹੰਢਾਉਂਦੀ ਅੰਤ ਵਿਚ ਉਥੇ ਡੁੱਬ ਕੇ ਮਰ ਜਾਣ ਦੀ ਅਫ਼ਵਾਹ ਫੈਲਾ ਕੇ ਉਹ ਦੂਰ–ਦੁਰਾਡੇ ਕਿਸੇ ਹੋਰ ਸਥਾਨ ਉਤੇ ਨਵੇਂ ਨਾਂ ਤੇ ਨਵੀਂ ਪਛਾਣ ਨਾਲ ਮੁੜ ਜੀਵਨ ਅਰੰਭਦੀ ਹੈ ਤੇ ਏਸੇ ਤਰ੍ਹਾਂ ਕਈ ਵੇਰਾਂ.... ਕਈ ਥਾਵਾਂ ਬਦਲ ਬਦਲ ਕੇ ਨਵੇਂ ਨਵੇਂ ਨਾਵਾਂ ਤੇ ਨਵੀਆਂ ਪਛਾਣਾਂ ਨਾਲ ਬਾਰ ਬਾਰ ਜ਼ਿੰਦਗੀ ਸ਼ੁਰੂ ਕਰਦੀ, ਜੀਉਂਦੇ ਰਹਿਣ ਦਾ ਸੰਤਾਪ ਭੋਗਦੀ ਹੈ। ਆਖਰ ਬੜੀਆਂ ਸਦੀਆਂ ਬਾਅਦ ਉਸਨੂੰ ਆਪਣੇ ਵੇਲਿਆਂ ਦਾ ਮੁਢਲੇ ਬਚਪਨ ਦਾ ਇਕ ਹਾਣੀ ਮਿਲਦਾ ਹੈ। ਉਸ ਨਾਲ ਵੀ ਉਹੀ ਕੌਤਕ ਵਾਪਰਿਆ ਹੁੰਦਾ ਹੈ ਤੇ ਉਸਨੇ ਵੀ ਓਸੇ ਤਰ੍ਹਾਂ ਹੀ ਬਾਰ ਬਾਰ ਮਰਨ ਤੇ ਜੀਊਣ ਦਾ ਨਾਟਕ ਕਰ ਕਰ ਕੇ ਜ਼ਿੰਦਗੀ ਗੁਜ਼ਾਰੀ ਹੁੰਦੀ ਹੈ। ਉਹ ਦੋਵੇਂ ਇਕ ਦੂਜੇ ਨੂੰ ਅੱਖਾਂ ਵਿਚਲੀ ਰਹੱਸਮਈ ਤੀਖਣਤਾ ਕਾਰਣ ਪਛਾਣ ਲੈਂਦੇ ਹਨ ਤੇ ਆਪੋ ਆਪਣੇ ਅਨੰਤ ਜੋਬਨ ਦੇ ਦੁਖਾਂਤ ਦੇ ਅਨੁਭਵ ਸਾਂਝੇ ਕਰਦੇ ਹਨ।

ਹਮਉਮਰ ਸਾਥ ਲਈ ਸਦੀਵੀ ਸਹਿਕ ਅਤੇ ਬਾਹਰਲੀਆਂ ਰੌਣਕਾਂ ਵਿਚ ਵਿਚਰਦੇ ਹੋਏ ਵੀ ਅੰਦਰੋਂ ਅੱਤ ਦੇ ਇਕੱਲੇ, ਪਤਾ ਨਹੀਂ ਕਦ ਤੱਕ ਜੀਊਂਦੇ ਰਹਿਣ ਦਾ ਸਰਾਪ ਭੋਗਦੇ ਰਹੇ ਹੋਣਗੇ.....?

.... ਬੜੀ ਅਮਿਟ ਤੇ ਗਹਿਰੀ ਛਾਪ ਰਹਿ ਗਈ ਹੈ ਮੇਰੇ ਮਨ ਉੱਤੇ ਇਸ ਰਚਨਾ ਦੀ। ਜੀਵਨ ਕਿੰਨਾ ਹੀ ਦੁਖਦਾਈ ਕਿਉਂ ਨਾ ਹੋਵੇ ਕੋਈ ਨਹੀਂ ਮਰਨਾ ਚਾਹੁੰਦਾ ਪਰ ਜੇ ਹਮੇਸ਼ਾਂ ਹਮੇਸ਼ਾਂ ਲਈ ਜੀਣਾ ਪੈ ਜਾਵੇ ?.... ਉਫ਼!

ਜੇ ਜੀਵਨ ਅਨਮੋਲ ਹੈ, ਦੁਰਲੱਭ ਤਾਂ ਮਿਰਤੂ ਇਕ ਵਰਦਾਨ! ਜ਼ਿੰਦਗੀ ਦਾ ਹੀ ਇਕ ਸੁਖਾਵਾਂ ਤੇ ਸਹਿਜ ਪੜਾਅ। .....

ਕਦੇ ਕਦੇ ਮੈਨੂੰ ਆਪਣੀ ਜੁਆਨ ਦਿੱਖ ਤੋਂ ਬੜੀ ਕੋਫ਼ਤ ਆਉਂਦੀ। .... ਕੀ ਪਤਾ ਏਸ ਘਮੰਡਾ ਸਿੰਘ ਦਾ ਵੀ ਕੋਈ ਅਜਿਹਾ ਹੀ ਦੁਖਾਂਤ ਹੋਵੇ ?....

ਕਲਪਨਾ ਦਾ ਵੀ ਕੋਈ ਅੰਤ ਹੈ ਭਲਾ ?

ਵੀਰਵਾਰ ਸ਼ਾਮ ਨੂੰ ਹੀ ਮੈਨੂੰ ਇਕ ਲੇਖਕ–ਮਿਲਣੀ ਦਾ ਸੱਦਾ–ਪੱਤਰ ਆਇਆ। ਉਨ੍ਹਾਂ ਨੇ ਆਉਂਦੇ ਐਤਵਾਰ ਨੂੰ ਠੀਕ ਗਿਆਰਾਂ ਵਜੇ ਦੀ ਬੈਠਕ ਵਿਚ ਮੇਰੀ ਰੂਸ ਯਾਤਰਾ ਦੇ ਅਨੁਭਵਾਂ ਦੇ ਪ੍ਰਸੰਗ ਵਿਚ ਮੇਰਾ ਰੂਬਰੂ ਨਿਸ਼ਚਿਤ ਕੀਤਾ ਸੀ (ਪੰਜ ਨਵੰਬਰ, 1988 ਵਿਚ ਮੈਂ ਰੂਸ ਗਈ ਸਾਂ ਅਤੇ ਅਠ੍ਹਾਰਾਂ ਨਵੰਬਰ ਵਾਪਸ ਪਰਤੀ। ਇਸੇ ਦੌਰੇ ਦਾ ਵਰਨਣ ਹੈ ਮੇਰੇ ਸਫ਼ਰਨਾਮੇ, 'ਮੋਹਾਲੀ ਟੂ ਮਾਸਕੋ' ਵਿਚ)।

ਹਾਜ਼ਰ ਹੋਣਾ ਅਵੱਸ਼ ਹੋ ਗਿਆ ਸੀ। ਹੁਣ ਉਹੀ ਵਕਤ ਮੈਂ ਘਮੰਡਾ ਸਿੰਘ ਨੂੰ ਵੀ ਖ਼ਤ ਰਾਹੀਂ ਦੇ ਬੈਠੀ ਸਾਂ ਪਰ ਹੁਣ ਮੇਰਾ ਉਸ ਵਾਸਤੇ ਘਰ ਰਹਿਣਾ ਮੁਸ਼ਕਲ ਹੋ ਗਿਆ ਸੀ।

ਬੜਾ ਮਨ ਕਿਰਕਿਰਾ ਹੋਇਆ। ਉਸੇ ਵੇਲੇ ਘਮੰਡਾ ਸਿੰਘ ਨੂੰ ਸੂਚਿਤ ਕਰਨ ਵਜੋਂ ਮੈਂ ਚਿੱਠੀ ਲਿਖੀ ਤੇ ਉਸਦੀ ਮੁਲਾਕਾਤ ਅਗਲੇਰੇ ਐਤਵਾਰ ਤੇ ਪਾ ਦਿੱਤੀ ਅਤੇ ਉਹ ਵੀ ਸਵੇਰ ਦੀ ਥਾਂ ਤੇ ਸ਼ਾਮੀਂ ਪੰਜ ਵਜੇ ਨੂੰ ਤਾਂ ਜੁ ਫੇਰ ਕਿਸੇ ਸਭਾ, ਸਮਾਗਮ ਵਿਚ ਸ਼ਾਮਿਲ ਹੋਣ ਦੀ ਮਜਬੂਰੀ ਨਾ ਆਣ ਪਵੇ।

ਸਾਹਿਤਕ ਸਮਾਗਮ ਅਕਸਰ ਸਨਿਚਰਵਾਰ ਸ਼ਾਮੀਂ ਜਾਂ ਐਤਵਾਰ ਸਵੇਰੇ ਹੁੰਦੇ ਹਨ। ਐਤਵਾਰ ਦੀ ਸ਼ਾਮ ਮੈਂ ਅਕਸਰ ਘਰ ਹੁੰਦੀ ਹਾਂ, ਆਪਣੇ ਆਪ ਨਾਲ। ਪਾਤਰ ਮੈਂ ਆਪਣੇ ਹੱਥੀਂ ਡਾਕੇ ਪਾਇਆ ਤੇ ਨਾਲ ਹੀ ਮਨ ਹੀ ਮਨ ਅਰਦਾਸ ਕਰਨ ਲੱਗੀ ਕਿ ਉਹ ਉਸ ਤੱਕ ਵੇਲੇ ਸਿਰ ਪੁੱਜ ਜਾਵੇ.... .... ...

ਸਾਰਿਆਂ ਵਰਗਾ ਸਾਭ ਤੋਂ ਨਿਆਰਾ

ਕਾਨਾ ਸਿੰਘ

ਲੜੀਵਾਰ ਕਿਤਾਬ

ਪੰਜ ਸੱਤ ਵਰ੍ਹਿਆਂ ਦੀ ਹੀ ਹੋਵਾਂਗੀ ਜਦੋਂ ਇਕ ਰਾਤ ਮੈਨੂੰ ਅਨੋਖਾ ਹੀ ਸੁਪਨਾ ਆਇਆ। ਉਂਝ ਮਨੋਵਿਗਿਆਨ ਅਨੁਸਾਰ ਉਸ ਵਿਚ ਕੁਝ ਵੀ ਅਨੋਖਾਪਣ ਨਹੀਂ।

ਸੁਪਨੇ ਵਿਚ ਮੈਂ ਫੇਰੇ ਲੈ ਰਹੀ ਸਾਂ ਤੇ ਸੂਹੇ ਪੱਲੇ ਦੀ ਅਗਲੀ ਚੁਕ ਵੀਰ ਜੀ ਦੇ ਹੱਥ ਵਿਚ ਸੀ। ਵੀਰ ਜੀ ਜੋ ਮੇਰੇ ਤੋਂ ਪੂਰੇ ਪੰਦਰਾਂ ਸਾਲ ਵੱਡੇ ਸਨ। ਵੀਰ ਜੀ ਹਰ ਹਫ਼ਤੇ ਜਦੋਂ ਘਰ ਆਉਂਦੇ ਤਾਂ ਖਿਡੌਣਿਆਂ ਦੇ ਨਾਲ ਨਾਲ ਮੇਰੇ ਲਈ ਬਾਲ-ਪੁਸਤਕਾਂ ਵੀ ਲੈ ਕੇ ਆਉਂਦੇ। ਉਨ੍ਹਾਂ ਨੇ ਹੀ ਮੈਨੂੰ "ਬਾਲ-ਸੰਦੇਸ਼" ਦੀ ਚੇਟਕ ਲਾਈ। ਮੇਰੇ ਸੁਪਨਿਆਂ ਦੇ ਆਦਰਸ਼ ਦਾ ਰੂਪ ਵੀਰ ਜੀ ਵਰਗਾ ਹੋਣਾ ਕੁਦਰਤੀ ਸੀ। ਉਨ੍ਹਾਂ ਦੇ ਕੰਨ੍ਹਾੜੇ ਚੜ੍ਹਦੀ, ਹੂਟੇ ਮਾਈਆਂ ਲੈਂਦੀ ਕਈ ਵੇਰਾਂ ਵੀਰ ਜੀ ਕੋਲੋਂ ਇਕ ਕਹਾਣੀ ਸੁਣਿਆ ਕਰਦੀ ਸਾਂ, ਨੀਲੋਫ਼ਰ ਤੇ ਪਰੀਜ਼ਾਤ ਸ਼ਹਿਜ਼ਾਦੇ ਦੀ।

------

ਨੀਲੋਫ਼ਰ ਇਕ ਰਾਜਕੁਮਾਰੀ ਸੀ। ਉਸ ਦੀ ਮਤ੍ਰੇਈ ਮਾਂ ਇਕ ਡੈਣ ਸੀ ਜੋ ਉਸ ਨੂੰ ਬੜੇ ਦੁੱਖ ਦੇਂਦੀ ਸੀ। ਉਹ ਹਰ ਵੇਰਾਂ ਨੀਲੋਫ਼ਰ ਨੂੰ ਕੋਈ ਅਸੰਭਵ ਕੰਮ ਕਰਨ ਨੂੰ ਦੇ ਦੇਂਦੀ ਜਿਸਦੇ ਸੰਪੂਰਣ ਨਾ ਹੋਣ ਦੀ ਸੂਰਤ ਵਿਚ ਨੀਲੋਫ਼ਰ ਦਾ ਮੌਤ ਦੇ ਘਾਟ ਉਤਾਰਿਆ ਜਾਣਾ ਨਿਸ਼ਚਿਤ ਹੁੰਦਾ ਸੀ ਤੇ ਹਰ ਵੇਰਾਂ ਹੀ ਇਕ ਪਰੀਜ਼ਾਤ ਸ਼ਹਿਜ਼ਾਦਾ ਉਸ ਦੀ ਮਦਦ ਲਈ ਬਹੁੜ ਪੈਂਦਾ ਜੋ ਅਸੰਭਵ ਨੂੰ ਸੰਭਵ ਕਰ ਵਿਖਾਂਦਾ।

ਮੇਰੀ ਹਰ ਮੁਸ਼ਕਿਲ ਦਾ ਹਲ ਵੀਰ ਜੀ ਸਨ। ਉਹੀ ਮੇਰੇ ਪਰੀਜ਼ਾਤ ਸਨ।

ਗਿਰੀਸ਼ ਕਰਨਾਡ ਦੀ ਮੈਂ ਪਾਗਲਪਨ ਦੀ ਹੱਦ ਤੱਕ ਫ਼ੈਨ ਹਾਂ। ਮੈਂ ਕੋਈ ਫ਼ਿਲਮ ਦੁਬਾਰਾ ਨਹੀਂ ਵੇਖਦੀ ਪਰ ਗਿਰੀਸ਼ ਦੀ ਫ਼ਿਲਮ 'ਸਵਾਮੀ' ਮੈਂ ਦਰਜਨਾਂ-ਵੀਹਾਂ ਵਾਰ ਦੇਖੀ। ਉਸ ਵਿਚ ਗਿਰੀਸ਼ ਦਾ ਨਿਭਾਇਆ ਪਤੀ ਦਾ ਰੋਲ ਮੇਰੀ ਕਲਪਨਾ ਦੇ ਆਦਰਸ਼ ਪਤੀ ਦਾ ਪ੍ਰਤੀਕ ਰੂਪ ਹੈ। ਦੂਰਦਰਸ਼ਨ ਉੱਤੇ ਕਿਸੇ ਸੀਰੀਅਲ ਵਿਚ ਉਸ ਦੇ ਪ੍ਰਵੇਸ਼ ਮਾਤਰ 'ਤੇ ਹੀ ਮੈਂ ਕੰਬਣ ਲਗਦੀ ਹਾਂ। ਉਤੇਜਿਤ ਹੋ ਜਾਂਦੀ ਹਾਂ। ਫੇਰ ਚੁੱਲ੍ਹੇ ਉੱਤੇ ਦੁੱਧ ਹੋਵੇ ਜਾਂ ਤੜਕਾ, ਮੈਨੂੰ ਕੋਈ ਸੁੱਧ ਬੁੱਧ ਨਹੀਂ ਰਹਿੰਦੀ। ਅੱਖ ਵੀ ਨਹੀਂ ਝਪਕ ਸਕਦੀ। ਬਸ ਕੀਲੀ ਹੀ ਜਾਂਦੀ ਹਾਂ। ਮੰਤਰ-ਮੁਗਧ। ਮੇਰੇ ਇਸ ਜਨੂਨ ਉੱਤੇ ਮੇਰੇ ਬੱਚੇ ਹੱਸਦੇ ਹਨ, ਛੇੜਦੇ ਹਨ। ਉਹ ਕੀ ਜਾਣਨ ਕਿ ਇਸ ਪਿੱਛੇ ਕੀ ਰਾਜ਼ ਹੈ?....

ਬਹੁਤ ਦੇਰ ਤੱਕ ਤਾਂ ਮੈਂ ਇਹੀ ਸਮਝਦੀ ਰਹੀ ਹਾਂ ਕਿ ਗਿਰੀਸ਼ ਕਰਨਾਡ ਦਾ ਕੱਦ ਕਾਠ, ਚਿਹਰਾ ਮੋਹਰਾ, ਹਾਵ-ਭਾਵ, ਅਵਾਜ਼ ਤੇ ਅੰਦਾਜ਼ ਮੇਰੇ ਪਹਿਲੇ ਮਹਿਬੂਬ, ਆਮਿਲ ਨਾਲ ਮੇਲ ਖਾਂਦੇ ਹਨ : ਉਸ ਦੀ ਮੁਸਕੁਰਾਹਟ ਸਗਵੀਂ ਉਸ ਵਰਗੀ ਹੈ ਪਰ ਹੁਣ ਸਮਝ ਆਈ ਹੈ ਕਿ ਅਸਲ ਵਿਚ ਉਹ ਪਹਿਲਾ ਜਨੂਨੀ ਇਸ਼ਕ ਵੀ ਮੇਰੇ ਅਚੇਤ ਮਨ ਦੀ ਪਛਾਣ ਹੀ ਸੀ, ਵੀਰ ਜੀ ਦੇ ਆਦਰਸ਼ ਰੂਪ ਦੀ ਤਲਾਸ਼।

ਹੁਣ ਮੈਂ ਸਪਸ਼ਟ ਤੌਰ 'ਤੇ ਜਾਣ ਗਈ ਕਿ ਆਪਣੇ ਆਪ ਵਿਚ ਮੁਕੰਮਲ ਵਿਲੱਖਣ ਹੁੰਦੇ ਹੋਏ ਵੀ ਆਮਿਲ ਵਿਚ ਬਹੁਤ ਕੁਝ ਅਜਿਹਾ ਸੀ, ਸੂਖਮ ਤੇ ਗੁੱਝਾ ਜੋ ਵੀਰ ਜੀ ਦੀ ਪਛਾਣ ਵਲ ਸੰਕੇਤ ਕਰਦਾ ਸੀ, ਜੋ ਮਹਿਸੂਸ ਤਾਂ ਕੀਤਾ ਜਾ ਸਕਦਾ ਹੈ ਪਰ ਸ਼ਬਦਬੱਧ ਨਹੀਂ।

ਆਮਿਲ ਵੀ ਮੇਰੇ ਤੋਂ ਵੀਹ ਸਾਲ ਵੱਡਾ ਸੀ, ਉਹੀ ਵੀਰ ਜੀ ਵਾਲਾ ਅੰਡਾਕਾਰ ਚਿਹਰਾ, ਵਾਤਸਲ (ਬਾਲਾਂ ਲਈ ਪਿਆਰ-ਸੰ.) ਪ੍ਰੇਮ ਨਾਲ ਡੁੱਲ੍ਹ-ਡੁੱਲ੍ਹ ਪੈਂਦੀ ਲਾਡਲੀ, ਪ੍ਰਸੰਸਕ ਨੀਝ।

ਮੇਰੀ ਸ਼ਖ਼ਸੀਅਤ ਦੇ ਸਿਰਜਣ ਤੇ ਮੌਲਣ ਵਿਚ ਕਿਹੜੇ ਹੱਥ ਦਾ ਵਡੇਰਾ ਯੋਗਦਾਨ ਹੈ, ਇਹ ਨਿਰਨਾ ਕਰਨਾ ਮੁਸ਼ਕਿਲ ਹੈ।

*ਸਾਗਰ 'ਚੋਂ ਇਕ ਹੂਕ ਨਿਕਲੀ*
*ਦੂਰ ਦੁਮੇਲੋਂ ਚੀਕ ਵਿਲ੍ਹਕੀ*
*ਗੂੰਜੇ ਖੰਡ ਮੰਡਲ ਵਰਭੰਡ*
*ਗੂੰਜ ਉਠੀ ਇਕ ਧੁੰਨ ਪੁਕਾਰ ਦੀ*
*ਪ੍ਰਥਮ ਪੁੱਤਰੀ ਤੇ ਪ੍ਰਥਮ ਪੁਰਸ਼ ਦੇ*
*ਅਨੰਤ ਪ੍ਰੇਮ ਅਤ੍ਰਿਪਤ ਪਿਆਸ ਦੀ*

ਤੀਹ ਸਾਲ ਦੇ ਵਕਫ਼ੇ ਬਾਅਦ ਦੀ ਰਚੀ ਨਜ਼ਮ, 'ਗੈਬੀ ਉਂਗਲਾਂ' ਦਾ ਇਹ ਆਖ਼ਰੀ ਬੰਦ ਸ਼ਾਇਦ ਇਸ ਅਨੰਤਪੀੜ ਦਾ ਮਰਮ ਦੱਸ ਸਕੇ।

ਘਮੰਡਾ ਸਿੰਘ ਲਈ ਉਤਸੁਕਤਾ ਦਾ ਸਰੋਤ ਵੀ ਇਹੀ ਪੀੜ ਹੀ ਸੀ....

ਵੀਰ ਜੀ ਲੇਖਕ ਨਹੀਂ ਸਨ। ਪਰ ਸਾਹਿਤ ਰਸੀਏ ਜ਼ਰੂਰ ਸਨ। ਰਾਵਲਪਿੰਡੀ ਦੇ ਗਾਰਡਨ ਕਾਲਜ ਵਿਚ ਜਾਂ ਲਾਹੌਰ ਦੇ ਇੰਜਨੀਅਰਿੰਗ ਕਾਲਜ ਵਿਚ- ਕਿੱਥੇ?- ਇਹ ਤਾਂ ਚੰਗੀ ਤਰ੍ਹਾਂ ਯਾਦ ਨਹੀਂ ਪਰ ਏਨਾ ਜ਼ਰੂਰ ਖ਼ਿਆਲ ਆਉਂਦਾ ਹੈ ਕਿ ਪ੍ਰੋ. ਮੋਹਨ ਸਿੰਘ ਉਨ੍ਹਾਂ ਦੇ ਕਾਲਜ ਵਿਚ ਪੰਜਾਬੀ ਦੇ ਪ੍ਰੋਫ਼ੈੱਸਰ ਸਨ। ਵਕਤ ਪਾ ਕੇ ਵੀਰ ਜੀ ਵਾਯੂ ਸੈਨਾ ਵਿਚ ਕਮਿਸ਼ਨਡ ਹੋ ਕੇ ਬੰਗਲੌਰ ਚਲੇ ਗਏ ਤੇ ਚੰਦ ਸਾਲਾਂ ਵਿਚ ਹੀ ਸਰਕਾਰ ਵਲੋਂ ਵਜ਼ੀਫ਼ਾ ਪਾ ਕੇ ਐਮ. ਈ. ਕਰਨ ਅਮਰੀਕਾ

## ਹਮਉਮਰ ਸਾਥ ਲਈ ਸਦੀਵੀ ਸਹਿਕ ਅਤੇ ਬਾਹਰਲੀਆਂ ਰੌਣਕਾਂ ਵਿਚ ਵਿਚਰਦੇ ਹੋਏ ਵੀ ਅੰਦਰੋਂ ਅੱਤ ਦੇ ਇਕੱਲੇ, ਪਤਾ ਨਹੀਂ ਕਦ ਤੱਕ ਜੀਉਂਦੇ ਰਹਿਣ ਦਾ ਸਰਾਪ ਭੋਗਦੇ ਰਹੇ ਹੋਣਗੇ.....?

ਵੀ। ਨਿਊਯਾਰਕ ਜਾਂ ਵਿਸਕੋਂਸਿਨ, ਵੀਰ ਜੀ ਜਿਥੇ ਵੀ ਹੁੰਦੇ, ਮੈਂ ਆਪਣੀ ਨਵੀਂ ਲਿਖੀ ਨਜ਼ਮ ਪਹਿਲਾਂ ਉਨ੍ਹਾਂ ਨੂੰ ਹੀ ਭੇਜਦੀ। ਉਹ ਸੋਧਦੇ, ਤ੍ਰਾਸ਼ਦੇ, ਸੁਝਾਅ ਦੇਂਦੇ।

ਵੀਰ ਜੀ ਭਰ ਜਵਾਨੀ ਵਿਚ ਹੀ ਚੱਲ ਵਸੇ ਤੇ ਮੈਂ ਇਕੱਲੀ ਰਹਿ ਗਈ। ਗੁਆਚੀ ਗੁਆਚੀ, ਦਿਸ਼ਾਹੀਣ..... ਘਮੰਡਾ ਸਿੰਘ ਵੀਰ ਜੀ ਦਾ ਹਾਣੀ ਸੀ। ਉਨ੍ਹਾਂ ਵਰਗਾ ਖ਼ੁਸ਼ ਰਹਿਣਾ, ਮਜ਼ਾਕੀਆ, ਤੀਖਣ-ਬੁੱਧ। ਉਨ੍ਹਾਂ ਵਰਗੀਆਂ ਆਦਤਾਂ, ਕੀਮਤਾਂ, ਸੋਚਾਂ। ਸਾਂਝੇ ਸ਼ੌਕ, ਸਾਂਝੇ ਰੁਝੇਵੇਂ। ਕਿੰਨਾਂ ਕੁਝ ਜੀਉਂਦਾ ਹੋਣੈਂ ਉਸ ਵਿਚ ਮੇਰੇ ਵੀਰ ਜੀ ਦਾ। ਤੇ ਉਸ ਨੂੰ ਵੀ ਇੰਦਰ ਛੱਡ ਗਈ। ਉਸ ਦੇ ਬਚਪਨ ਦੀ ਹਾਣਨ। ਖੇਡ-ਸਖੀ! ਜੀਵਨ-ਸੰਗਣੀ! ... 'ਰੱਬ ਕਰੇ ਮੇਰਾ ਖ਼ਤ ਵੇਲੇ ਸਿਰ ਪੁੱਜ ਜਾਏ ਤੇ ਉਸ ਨੂੰ ਨਿਰਾਸ਼ ਨਾ ਹੋਣਾ ਪਏ।'

...ਮੈਂ ਤਿਲੀਆਂ-ਵਿਲੀਆਂ ਲੈਂਦੀ ਰਹੀ।

ਆਉਂਦੇ ਐਤਵਾਰ ਨੂੰ ਮੈਂ ਉਸ ਸਾਹਿਤਕ ਮਿਲਣੀ ਵਿਚ ਸ਼ਾਮਿਲ ਹੋਣ ਚਲੀ ਗਈ। ਵਾਪਸ ਪਰਤੀ ਤਾਂ ਇਕ ਗੁਲਾਬੀ ਕਾਗ਼ਜ਼ ਦਾ ਟੁਕੜਾ ਬੂਹੇ ਦੀ ਕੁੰਡੀ ਵਿਚ ਟੁੰਗਿਆ ਮਿਲਿਆ:

'ਤੁਸੀਂ ਨਹੀਂ ਮਿਲੇ। ਅਫ਼ਸੋਸ! ਘਮੰਡਾ ਸਿੰਘ'

ਬੜਾ ਦਿਲ ਖ਼ਰਾਬ ਹੋਇਆ। ਪਤਾ ਨਹੀਂ ਵਿਚਾਰਾ ਕਿਸ ਤਰ੍ਹਾਂ ਹੱਫਦਾ ਹੱਫਦਾ ਪੌੜੀਆਂ ਚੜ੍ਹਿਆ ਹੋਵੇਗਾ। ਚਿੰਤਿਤ ਹੋ ਗਈ। ਬੇਸ਼ਕ ਉਹ ਜੁਆਨ ਉਮਰੇ ਪਹਿਲਵਾਨ ਹੁੰਦਾ ਸੀ। ਪੱਥਰ ਚਟਾਨ। ਪਰ ਹਨੇਰੀ, ਝੱਖੜ ਤੇ ਵਾ-ਵਰੋਲਿਆਂ ਨਾਲ ਤਾਂ ਉੱਚੇ ਤੋਂ ਉੱਚੇ ਬਿਰਛ ਵੀ ਢਹਿ ਢੇਰੀ ਹੋ ਜਾਂਦੇ ਹਨ....

... ਲੋਕਲ ਡਾਕ ਤਾਂ ਉਸ ਦਿਨਾਂ ਵਿਚ ਉਸੇ ਦਿਨ ਹੀ ਮਿਲ ਜਾਂਦੀ ਸੀ। ਪਰ ਘਮੰਡਾ ਸਿੰਘ ਤੱਕ ਸ਼ੁਕਰਵਾਰ ਸਵੇਰ ਦੀ ਡਾਕ ਵਿਚ ਨਿਕਲਿਆ ਪੱਤਰ ਵੀ ਸਨਿਚਰਵਾਰ ਤੱਕ ਨਹੀਂ ਸੀ ਅਪੜਿਆ।

'ਇਹ ਵੀ ਤਾਂ ਹੋ ਸਕਦਾ ਹੈ ਕਿ ਮੇਰਾ ਪੱਤਰ

ਸਾਰਿਆਂ ਵਰਗਾ ਸਭ ਤੋਂ ਨਿਆਰਾ

ਕਾਨਾ ਸਿੰਘ

ਲੜੀਵਾਰ ਕਿਤਾਬ

ਮਿਲਣ ਦੇ ਬਾਵਜੂਦ ਘਮੰਡਾ ਸਿੰਘ ਆ ਗਿਆ ਹੋਵੇ।' ਉਸ ਨੇ ਸੋਚਿਆ ਹੋਣੈਂ ਕਿ ਮੈਂ ਟਾਲਣਾ ਚਾਹਿਆ ਸੀ।

ਇਕੱਲ ਦਾ ਮਾਰਿਆ ਬੰਦਾ ਤਾਂ ਸੱਠਾਂ ਦੇ ਗੇੜ ਵਿਚ ਵੀ ਸੱਤਰਿਆ ਬਹੱਤਰਿਆ ਜਾਂਦੈ। ਫੇਰ ਜੇ ਕੋਈ ਛੜਾ ਜਾਂ ਕੱਲਾਕਾਰਾ ਹੋਵੇ ?... ਫੇਰ ਤਾਂ ਰੱਬ ਹੀ ਰਾਖਾ!

ਸਰਦੀਆਂ ਦੇ ਮੌਸਮ ਵਿਚ ਪੰਜ ਛੇ ਵਜੇ ਹੀ ਹਨੇਰਾ ਪੈ ਜਾਂਦਾ ਹੈ। ਘਮੰਡਾ ਸਿੰਘ ਨੂੰ ਸ਼ਾਮੀਂ ਬੁਲਾਅ ਕੇ ਮੈਂ ਇਕ ਹੋਰ ਭਾਰੀ ਗਲਤੀ ਕਰ ਬੈਠੀ ਸਾਂ। ਏਨੀ ਕੱਕਰ ਠੰਡ ਵਿਚ ਆਵੇਗਾ ਤੇ ਉਹ ਵੀ ਤੀਸਰੀ ਮੰਜ਼ਿਲ ਉੱਤੇ ਮੇਰੇ ਘਰ। ਵਾਪਿਸ ਜਾਂਦਿਆਂ ਜਾਂਦਿਆਂ ਤਾਂ ਸੱਤ ਵੱਜ ਜਾਣੇ ਨੇ। ਉਹ ਪੌੜੀਆਂ ਕਿਵੇਂ ਉਤਰੇਗਾ? ਵਿਚਕਾਰਲੀ ਮੰਜ਼ਿਲ ਉਤੇ ਤਾਂ ਘੁੱਪ ਹਨੇਰਾ ਹੁੰਦਾ ਹੈ। ਪੌੜੀਆਂ ਦਾ ਬਲਬ ਫ਼ਿਊਜ਼ ਹੀ ਰਹਿੰਦਾ ਹੈ। ਜੇ ਨਾਲ ਦੇ ਦੋਹਾਂ ਫ਼ਲੈਟਾਂ ਦੇ ਬੂਹੇ ਬੰਦ ਹੋਏ ਤਾਂ....?

ਜਿਹੀ ਸਥਿਤੀ ਵਿਚ ਮੇਰੇ ਲਈ ਇਹੀ ਵਾਜਬ ਹੋਵੇਗਾ ਕਿ ਮੈਂ ਘਮੰਡਾ ਸਿੰਘ ਨੂੰ ਕੰਪਾਊਂਡ ਵਿਚ ਵੜਦੇ ਵੇਖਦਿਆਂ ਹੀ ਹੇਠਾਂ ਉਤਰ ਜਾਵਾਂ। ਆਪੇ ਬਾਂਹ ਪਕੜ ਕੇ ਉਪਰ ਲੈ ਆਵਾਂ।

ਹੁਣ ਤਾਂ ਮੈਂ ਇਹੀ ਕਰ ਸਕਦੀ ਸਾਂ ਕਿ ਉਸਦੀ ਆਉਂਦੀ ਮਿਲਣੀ ਨੂੰ ਖ਼ੁਸ਼ਗਵਾਰ ਬਣਾਉਣ ਲਈ ਕੋਈ ਕਸਰ ਨਾ ਛੱਡਾਂ। ... ਫੇਰ ਕੀ ਕਰਨਾ ਚਾਹੀਦਾ ਹੈ? ... ਕਿੰਝ ਤਿਆਰੀ ਕਰਾਂ?

... ਹੁਣ ਮੇਰੀ ਸੋਚ ਨੇ ਭਵਿੱਖ ਵੱਲ ਮੂੰਹ ਕੀਤਾ।

ਘਮੰਡਾ ਸਿੰਘ ਨੂੰ ਸਭ ਤੋਂ ਵੱਧ ਖੁਸ਼ੀ ਉਦੋਂ ਹੋਵੇਗੀ ਜਦੋਂ ਮੈਂ ਉਸ ਨੂੰ ਆਪਣੀ ਹਮਉਮਰ ਦਿਸਾਂਗੀ।

ਮੈਂ ਸ਼ੀਸ਼ੇ ਵਿਚ ਆਪਣਾ ਅਕਸ ਤੱਕਣ ਲੱਗੀ। ਮੈਨੂੰ ਆਪਣਾ ਚਿਹਰਾ ਬਹੁਤ ਹੀ ਜੁਆਨ ਤੇ ਆਕਰਸ਼ਕ ਲੱਗਾ। ਨਰਮ, ਮੁਲਾਇਮ, ਸੰਧੂਰੀ ਭਾਅ ਮਾਰਦੀ ਕੂਲੀ ਮੱਖਣੀ ਚਮੜੀ, ਟਹਿਕਦੀਆਂ ਗੁਲਾਬੀ ਗੱਲ੍ਹਾਂ, ਚਮਕਦੀਆਂ ਤੀਖਣ ਅੱਖਾਂ ਤੇ ਬਿਨਾਂ ਲਿਪਸਟਿਕ ਦੇ ਵੀ ਹੋਠਾਂ ਦੀ ਗੁਲਾਬੀ ਭਾਅ।

ਸ਼ਾਮੂ ਸਾਟਨ ਦੇ ਗੁਲਾਬੀ ਸੂਟ ਵਿਚ ਮੈਂ ਬਹੁਤ ਹੀ ਖਿੜੀ ਖਿੜੀ ਲੱਗ ਰਹੀ ਸਾਂ। ਮੈਨੂੰ ਆਪਣੇ ਰੂਪ ਨੇ ਪਹਿਲਾਂ ਕਦੇ ਵੀ ਇਤਨਾਂ ਉਦਾਸ ਨਹੀਂ ਸੀ ਕੀਤਾ। ਮੈਂ ਸ਼ੀਸ਼ੇ ਤੋਂ ਪਰ੍ਹਾਂ ਹੱਟ ਗਈ। ਦੂਰ! ਹੋਰ ਦੂਰ!... ਦਸ ਪੰਦਰਾਂ ਫੁੱਟ ਦੂਰ..! ਕਮਰੇ ਦੀ ਦੂਜੀ ਕੰਧ ਨਾਲ। ਏਨੀ ਦੂਰੋਂ ਤਾਂ ਮੈਂ ਮਸਾਂ ਵੀਹ ਪੰਝੀ ਵਰ੍ਹਿਆਂ ਦੀ ਹੀ ਜਾਪ ਰਹੀ ਸਾਂ। ਮੈਂ ਰਤਾ ਅੱਗੇ ਵਧੀ। ਗਹੁ ਨਾਲ ਆਪਣਾ ਰੂਪ ਨਿਹਾਰਿਆ। ਪਤਲੀ, ਛਮਕ, ਸੁਖਮ ਸਰੀਰ! ਵਧ ਤੋਂ ਵਧ ਪੈਂਤੀਆਂ ਦੀ ਹੀ ਦਿਸਦੀ ਹੋਵਾਂਗੀ। ਚਾਲ੍ਹੀਆਂ ਦੀ ਤਾਂ ਉੱਕਾ ਨਹੀਂ। ਏਨੀ ਉਮਰ ਦੀ ਤਾਂ ਉਸ ਦੀ ਕੋਈ ਨੂੰਹ ਧੀ ਵੀ ਹੋ ਸਕਦੀ ਹੈ। ... ਕੀ ਖੁਸ਼ੀ ਮਿਲੇਗੀ ਉਸ ਨੂੰ ਏਨੀ ਜੁਆਨ ਇਸਤਰੀ ਨੂੰ ਮਿਲ ਕੇ?...

ਉਸ ਨੂੰ ਆਪਣਾ ਆਪ ਹੋਰ ਬੁੱਝਿਆ ਤੇ ਹੰਢਿਆ ਲੱਗੇਗਾ। ਕਿਰਕਰਾ! ਜਰਜਰਾ।

ਮੈਨੂੰ ਆਪਣੀ ਸਹੀ ਉਮਰ ਦੇ ਬਰਾਬਰ ਦੀ ਹੀ ਦਿਸਣਾ ਚਾਹੀਦਾ ਹੈ। ਪੰਜਾਹਵਿਆਂ ਵਿਚ ਦੀ ਹੀ। ਵੱਧ ਭਾਵੇਂ ਹੋ ਜਾਵੇ ਪਰ ਘੱਟ ਤਾਂ ਬਿਲਕੁਲ ਨਹੀਂ।

ਮੈਂ ਅਲਮਾਰੀ ਖੋਲ੍ਹ ਕੇ ਕਪੜਿਆਂ ਦੀ ਜਾਂਚ ਕਰਨ ਲੱਗੀ। ਕਿਸੇ ਹਲਕੇ ਰੰਗ ਦੀ ਪੁਸ਼ਾਕ ਦੀ ਭਾਲ ਵਿਚ। ਲੇਕਿਨ ਮੈਂ ਤਾਂ ਚਿੱਟੇ ਕਰੀਮ ਅਤੇ ਮੱਧਮ ਰੰਗਾਂ ਵਿਚ ਹੋਰ ਵੀ ਫਬਦੀ ਹਾਂ ਤੇ ਸਾੜ੍ਹੀ ਵਿਚ ਸੂਟ ਨਾਲੋਂ ਵੀ ਵਧੇਰੇ... ਮੈਂ ਸਾੜ੍ਹੀ ਪਾਉਣ ਦਾ ਫ਼ੈਸਲਾ ਰੱਦ ਕਰ ਦਿੱਤਾ। ਉਂਜ ਵੀ ਘਰ ਵਿਚ ਮੈਂ ਜ਼ਿਆਦਾ ਕਰ ਕੇ ਸੂਟ ਵਿਚ ਹੀ ਹੁੰਦੀ ਹਾਂ। ਬਸ ਕੋਈ ਸਾਦ ਮੁਰਾਦਾ ਸੂਟ ਹੀ ਠੀਕ ਰਹੇਗਾ। ਨਿਰ ਉਚੇਚ। ਖ਼ਾਸ ਤਰੱਦਦ ਦੀ ਬੂ ਨਹੀਂ ਆਉਣੀ ਚਾਹੀਦੀ।

...ਹੁਣ ਮੈਂ ਅਲਮਾਰੀ ਵਿਚੋਂ ਸੂਟਾਂ ਦਾ ਖਾਨਾ ਫਰੋਲਣ ਲੱਗੀ। ਚਿੱਟਾ, ਕਰੀਮ, ਉਨਾਬੀ, ਗੁਲਾਬੀ ਸਾਰੇ ਹੀ ਨਵੇਂ ਲੱਗ ਰਹੇ ਸਨ। ਕਾਟਵੇਂ ਫਿੱਟ, ਫ਼ਰਾਕ ਟਾਈਪ। ਇਨ੍ਹਾਂ ਵਿਚ ਤਾਂ ਮੈਂ ਹੋਰ ਵੀ ਕੁੜੀ ਜਿਹੀ ਦਿਸਣਾ ਸੀ।

... ਅਚਾਨਕ ਮੇਰੀ ਨਜ਼ਰ ਇਕ ਪੁਰਾਣੇ ਸੂਟ ਉੱਤੇ ਪਈ। ਨਸਵਾਰੀ ਰੰਗ ਉੱਤੇ ਪੀਲੀਆਂ ਬਿੰਦੀਆਂ– ਖੁੱਲ੍ਹਾ ਮੋਕਲਾ, ਪੁਰਾਣਾ, ਅਧੋਰਾਣਾ। ਚੌੜੇ ਕਫਾਂ ਤੇ ਲੰਮੀਆਂ ਬਰੀਆਂ ਵਾਲਾ ਇਹ ਸੂਟ ਘਸਿਆ ਤੇ ਬਦਰੰਗ ਹੋਣ ਦੇ ਬਾਵਜੂਦ ਮੈਂ ਕੰਡਮ ਨਹੀਂ ਸੀ ਕੀਤਾ। ਨਾਟਕਕਾਰ ਆਤਮਜੀਤ ਦੇ ਬਾਲ ਨਾਟਕ 'ਗੁਬਾਰੇ' ਵਿਚ ਦਾਦੀ ਦਾ ਰੋਲ ਕਰਨ ਲਈ ਰਾਖਵਾਂ ਰੱਖਿਆ ਹੋਇਆ ਸੀ। ਝੁਰੜੀਓ–ਝੁਰੜੀ, ਬੁੱਢੀ ਝਰੀਟ, ਦਕੀਆਨੂਸ ਦਾਦੀ ਦੇ ਕਿਰਦਾਰ ਲਈ ਇਹ ਬਿਲਕੁਲ ਸਹੀ ਸੀ। ਘਮੰਡਾ ਸਿੰਘ ਦੇ ਸਵਾਗਤ ਲਈ ਵੀ ਮੈਨੂੰ ਇਹੀ ਠੀਕ ਲਗਿਆ।

ਨਾਟਕ ਦੇ ਸਟੇਜੀਕਰਨ ਤੋਂ ਪਹਿਲਾਂ ਮੇਕ–ਅੱਪ ਕਰਨ ਵੇਲੇ ਕਲਾਕਾਰ ਸਾਥੀਆਂ ਵਿਚ ਅਕਸਰ ਹਾਸਾ ਪੈਂਦਾ ਹੁੰਦਾ ਸੀ ਕਿ ਆਪਣੀ ਸਹੀ ਉਮਰ ਦੀ ਦਿਖਣ ਵਾਸਤੇ ਵੀ ਮੈਨੂੰ ਮੇਕ–ਅੱਪ ਦਾ ਸਹਾਰਾ ਲੈਣਾ ਪੈਂਦਾ ਸੀ। ਚਿਹਰੇ ਉੱਪਰ ਭੂਰੀ ਪੈਂਸਿਲ ਨਾਲ ਉਮਰ ਦੀਆਂ ਲਕੀਰਾਂ ਖਿੱਚਣੀਆਂ ਪੈਂਦੀਆਂ ਸਨ। ਕਾਲੇ ਵਾਲਾਂ ਨੂੰ ਚਿੱਟਾ ਕਰਨਾ ਪੈਂਦਾ ਸੀ।

ਨਸਵਾਰੀ ਸੂਟ ਪਾ ਲੈਣ ਮਗਰੋਂ ਮੈਨੂੰ ਆਪਣੇ ਘਣੇ ਤੇ ਖਿੰਡਰੇ–ਪੁੰਡਰੇ ਵਾਲ ਪੰਜਾਹਵਿਆਂ ਦੀ ਉਮਰ ਨਾਲ ਮੇਲ ਖਾਂਦੇ ਨਾ ਜਾਪੇ। ਮੈਂ ਸਿਰ ਵਿਚ ਤੇਲ ਝੱਸਣ ਲੱਗੀ। ਤੇਲ ਨਾਲ ਮੇਰੇ ਵਾਲ ਚਿਪਕ ਜਾਂਦੇ ਹਨ। ਜ਼ਰਾ ਨਹੀਂ ਚੰਗੇ ਲੱਗਦੇ। ਥਿੰਦੇ ਗੜੁੱਚ ਵਾਲਾਂ ਨੂੰ ਮੈਂ ਪੀਢੀ ਗੁੱਤ ਵਿਚ ਗੁੰਦ ਲਿਆ। ਸ਼ੀਸ਼ਾ ਤੱਕਿਆ। ਵਾਲ ਤਾਂ ਹੋਰ ਵੀ ਕਾਲੇ ਦਿਸਣ ਲੱਗ ਪਏ ਸਨ। ਸਿਆਹ ਕਾਲੇ।

'ਕੁਝ ਸਫ਼ੈਦੀ ਲਿਆਉਣੀ ਚਾਹੀਦੀ ਹੈ ਪਰ ਚਿੱਟਾ ਰੰਗ ਕਿੱਥੋਂ ਲਿਆਵਾਂ?' ਸੋਚੀਂ ਪੈ ਗਈ।

ਘਰ ਵਿਚ ਕੇਵਲ ਫੈਬਰਿਕ ਪੇਂਟ ਦੀਆਂ ਹੀ ਸ਼ੀਸ਼ੀਆਂ ਸਨ। ਪੱਕੇ ਤੇਲੀਆ ਰੰਗ। 'ਮੁੜ ਚਿੱਟਾ ਰੰਗ ਕਿਵੇਂ ਛੁਡਾਵਾਂਗੀ?' ਦੁਬਿਧਾ ਸੀ।

ਤਿੰਨ ਵੱਜ ਚੁੱਕੇ ਸਨ। ਕਾਹਲੀ ਕਾਹਲੀ ਬੇਟੇ ਦੇ ਕਮਰੇ ਦੀ ਫਰੋਲਾ ਫਰਾਲੀ ਕਰਨ ਲੱਗੀ। ਚਿੱਟੀ ਬੂਟ ਪਾਲਸ਼ ਦੀ ਚਾਕੀ ਹੱਥ ਲੱਗੀ। ਉਸ ਉੱਪਰ ਗਿੱਲਾ ਟੁੱਥ–ਬੁਰਸ਼ ਘਸਾ ਕੇ ਮੈਂ ਬੜੇ ਹੀ ਧਿਆਨ ਨਾਲ ਕਾਲੇ ਵਾਲਾਂ ਵਿਚ ਹਲਕੀਆਂ ਹਲਕੀਆਂ ਚਿੱਟੀਆਂ ਧਾਰੀਆਂ ਵਾਹੁਣ ਲੱਗੀ।

ਗੁਲਾਬੀ ਹੋਠਾਂ ਉੱਤੇ ਉਮਰ ਦੀ ਪਲਿੱਤਣ ਲਿਆਉਣ ਲਈ, ਮੈਨੂੰ ਚਿਰਾਂ ਦੇ ਪਏ ਅਖਰੋਟ ਦੇ ਦੰਦਾਸੇ ਦਾ ਚੇਤਾ ਆਇਆ। ਉਹ ਵੀ ਘਸ ਲਿਆ। ਤੇ ਐਸੀਟੋਨ ਨਾਲ ਹੱਥਾਂ ਪੈਰਾਂ ਦੇ ਨਹੁੰਆਂ ਦੀ ਪਾਲਿਸ਼ ਵੀ ਸਾਫ਼ ਕਰ ਦਿਤੀ।

ਮੇਰੀ ਐਨਕ ਦੂਰ ਦੀ ਸੀ ਤੇ ਉਹ ਵੀ ਮਾਮੂਲੀ ਜਿਹਾ ਮਨਫ਼ੀ ਨੰਬਰ। ਘਰ ਵਿਚ ਮੈਨੂੰ ਉਸਦੀ ਕੋਈ ਲੋੜ ਨਹੀਂ ਸੀ ਪੈਂਦੀ। ਨੇੜੇ ਦੀ ਨਜ਼ਰ ਬਿਲਕੁਲ ਠੀਕ। ਨੌਂ ਬਰ ਨੌਂ! ਨਾ ਸੂਈ ਵਿਚ ਧਾਗਾ ਪਾਉਣ ਲਈ ਤੇ ਨਾ ਹੀ ਦਾਲ ਚੌਲ ਚੁਣਨ ਲਈ ਹੀ ਮੈਨੂੰ ਕਦੇ ਐਨਕ ਦੀ ਲੋੜ ਪਈ। ਪਰ ਹੁਣ ਮੈਨੂੰ ਜ਼ਰੂਰਤ ਪ੍ਰਤੀਤ ਹੋਈ। ਪੁਰਾਣੀ ਕਾਲੀ ਫਰੇਮ ਵਾਲੀ ਐਨਕ ਦੀ। ਅੱਖੀਆਂ ਦੀ ਚਮਕ ਮੱਧਮ ਕਰਨ ਲਈ, ਵਡੇਰੀ ਦਿੱਖਣ ਲਈ!

ਹੁਣ ਮੈਂ ਸੱਠ ਦੇ ਗੇੜ ਦੀ ਪ੍ਰੌਢ਼ ਬੁੱਢੀ ਆਪਣੀ ਅਸਲੀ ਦਿੱਖ ਵਾਲੀ ਕਾਨਾ ਦੀ ਮਾਂ ਬਣ ਬੈਠੀ ਸਾਂ, ਘਮੰਡਾ ਸਿੰਘ ਦੀ ਹਾਨਣ। ਮੈਂ ਸੁਖ ਦਾ ਸਾਹ ਲਿਆ। ਪੂਰੇ ਸੰਤੋਖ ਨਾਲ ਚਾਰੇ ਪਾਸੇ ਨਜ਼ਰ ਦੁੜਾਈ ਤੇ ਮੁੜ ਬੇਚੈਨ ਹੋ ਗਈ।

ਦੀਵਾਨ ਉੱਤੇ ਲਾਲ ਚਾਦਰ ਵਿੱਛੀ ਸੀ, ਕਢਾਈਦਾਰ। ਨਵੀ ਨਵੀ ਧੁਸੋਂ ਆਉਣ ਕਾਰਨ ਮੇਰੇ

ਸਾਰਿਆਂ ਵਰਗਾ ਸਭ ਤੋਂ ਨਿਆਰਾ

ਕਾਨਾ ਸਿੰਘ

ਲੜੀਵਾਰ ਕਿਤਾਬ

ਘਰ ਦੀ ਸਜਾਵਟ ਵਿਚ ਲਾਲ ਰੰਗ ਪ੍ਰਧਾਨ ਸੀ। ਸ਼ੋਖ! ਦੱਘਦਾ!! ਘਰ ਦੀ ਚੁਸਤ ਫਰਨਿਸ਼ਿੰਗ ਮੇਰੇ ਬੁੱਢੇ ਰੂਪ ਨਾਲ ਮੇਚ ਨਹੀਂ ਸੀ ਖਾ ਰਹੀ। ਮੈਂ ਚਾਦਰ ਸਿਰਹਾਣਿਆਂ ਦੇ ਉਛਾੜ, ਮੇਜ਼ਪੋਸ਼ ਤੇ ਟੀ. ਵੀ. ਕਵਰ ਆਦਿ ਨੂੰ ਸੁਖਾਵੇਂ ਮੱਧਮ ਬਿਸਕੁਟੀ ਰੰਗ ਵਿਚ ਪਰਵਰਤਿਤ (ਤਬਦੀਲ) ਕਰ ਦਿਤਾ।

ਚਾਹ ਨਾਲ ਨਾਸ਼ਤੇ ਦਾ ਇੰਤਜ਼ਾਮ ਮੈਂ ਪਹਿਲਾਂ ਹੀ ਕਰ ਚੁੱਕੀ ਸਾਂ। ਕਾਜੂ, ਬਦਾਮ, ਸ਼ਕਰਪਾਰੇ, ਨਮਕੀਨ ਦਾਲ ਸਭ ਕੁਝ ਹੀ ਤਾਂ ਘਰ ਵਿਚ ਸੀ ਪਰ ਪਤਾ ਨਹੀ ਘਮੰਡਾ ਸਿੰਘ ਦੇ ਦੰਦ ਵੀ ਕੰਮ ਕਰਦੇ ਹੋਣਗੇ ਜਾਂ ਨਹੀ! ...

ਏਨੀਆਂ ਸਖ਼ਤ ਚੀਜ਼ਾਂ ਕਿੱਥੇ ਚਬਾ ਸਕਣੀਆਂ ਨੇ ਉਸ – ਇਸ ਸੋਚ ਨਾਲ ਮੈਂ ਸਵੇਰੇ ਹੀ ਨੀਮ ਮਿੱਠੇ ਵਾਲਾ ਦੇਸੀ ਘਿਓ ਦਾ ਕੇਕ, ਗਾਜਰ ਦਾ ਹਲਵਾ ਤੇ ਨਮਕੀਨ ਉਪਮਾ ਬਣਾਅ ਰੱਖਿਆ ਸੀ। ਸਭ ਗਰਮ ਕਰ ਕੇ ਮੈਂ ਹੌਟ ਕੇਸ ਭਰ ਲਏ ਤੇ ਰੂਸ ਤੋਂ ਲਿਆਂਦੀ ਪੋਲੀ ਪੋਲੀ ਤੇ ਸੁਨਹਿਰੀ ਕਿਸ਼ਮਿਸ਼ ਵੀ ਡੌਂਘਿਆਂ ਵਿਚ ਪਾ ਲਈ।

ਹੁਣ ਮੈਂ ਸਣੇ ਘਰ ਦੇ ਮਾਹੌਲ ਦੇ, ਘਮੰਡਾ ਸਿੰਘ ਦੇ ਸੁਆਗਤ ਲਈ ਤਿਆਰ ਸਾਂ। ਤਿਆਰ ਬਰ ਤਿਆਰ।

ਪੌਣੇ ਪੰਜ ਤੇ ਮੈਂ ਖਿੜਕੀ ਨਾਲ ਢੁਕਵੇਂ ਦੀਵਾਨ ਉੱਤੇ ਬੈਠ ਗਈ। ਇਕ ਟੱਕ ਥੱਲੇ ਵੇਖਣ ਲੱਗੀ। ਹਾਊਸਿੰਗ ਬੋਰਡ ਦੀਆਂ ਉਨ੍ਹਾਂ ਬਿਲਡਿੰਗਾਂ ਦੇ ਸਾਂਝੇ ਦਲ੍ਹਾਨ ਦੇ ਐਨ ਸਾਹਮਣੇ ਹੀ ਪੈਂਦੀ ਸੀ ਮੇਰੀ ਖਿੜਕੀ। ਕੰਪਾਊਂਡ ਵਿਚ ਦਾਖਲ ਹੁੰਦਿਆਂ ਨੂੰ ਹੀ ਵੇਖ ਲੈਂਦੀ ਸਾਂ।

ਵਿਚਾਰਾ ਘਮੰਡਾ ਸਿੰਘ!

... ਕੀਕੂੰ ਚੜ੍ਹੇਗਾ ਇਹ ਚੁਰਾਸੀ ਪੌੜੀਆਂ? ਸਾਹ ਹੀ ਤਾਂ ਨਿਕਲ ਜਾਏਗਾ ਉਸਦਾ।

ਮੁੰਬਈ ਵਿਚ ਥਲਵੇਂ ਫ਼ਲੈਟ ਸਸਤੇ ਹੁੰਦੇ ਹਨ। ਕੀੜੇ-ਮਕੌੜੇ, ਚੂਹੇ-ਬਿੱਲੇ, ਚੋਰੀ-ਚਕਾਰੀ ਤੇ ਪ੍ਰਦੂਸ਼ਣ ਦੇ ਡਰੋਂ ਗਰਾਊਂਡ ਫ਼ਲੋਰ ਤਾਂ ਸਭ ਤੋਂ ਘਟੀਆ ਤੇ ਸਸਤਾ ਮੰਨਿਆ ਜਾਂਦਾ ਹੈ। ਮੁੰਬਈ ਦੇ ਹਿਸਾਬ ਨਾਲ ਹੀ ਮੈਂ ਇਹ ਤੀਜੀ ਮੰਜ਼ਿਲ ਦਾ ਫ਼ਲੈਟ ਖਰੀਦ ਬੈਠੀ ਸਾਂ। ਪਰ ਪੰਜਾਬ ਦਾ ਹਿਸਾਬ ਤਾਂ ਇਸ ਤੋਂ ਇਕ ਦਮ ਉਲਟ ਹੈ। ਏਧਰ ਸਭ ਤੋਂ ਹੇਠਲਾ ਫ਼ਲੈਟ ਸਭ ਤੋਂ ਮਹਿੰਗਾ ਹੁੰਦਾ ਹੈ।

ਧਰਤੀ ਨਾਲ ਪੰਜਾਬੀਆਂ ਦਾ ਰੂਹ ਤੇ ਸਰੀਰ ਵਾਲਾ ਰਿਸ਼ਤਾ ਹੁੰਦਾ ਹੈ। ਉਨ੍ਹਾਂ ਨੂੰ ਖੁੱਲ੍ਹਾ ਵਿਹੜਾ ਚਾਹੀਦਾ ਹੁੰਦਾ ਹੈ, ਹਰਿਆਵਲਾ। ਜਿੱਥੇ ਮੰਜੇ ਡਾਹ ਸਕਣ। ਖੁੱਲ੍ਹ ਕੇ ਪਸਰ ਸਕਣ, ਅਲਸਾਅ ਸਕਣ।

ਜਦੋਂ ਦੀ ਮੈਂ ਮੁਹਾਲੀ ਦੀ ਕੋਠੀ ਛੱਡ ਕੇ ਇਸ ਫਲੈਟ ਵਿਚ ਆ ਗਈ ਸਾਂ ਸਨੇਹੀਆਂ ਮਿੱਤਰਾਂ ਦੀ ਆਮਦ-ਰਫ਼ਤ ਘਟ ਗਈ ਸੀ। ਅੱਧਖੜ ਤੇ ਵਡੇਰੀ ਉਮਰ ਵਾਲਿਆਂ ਨੇ ਤਾਂ ਲਗਪਗ ਆਉਣਾ ਹੀ ਬੰਦ ਕਰ ਦਿਤਾ ਸੀ।

ਤਗੜੀ ਖ਼ੁਰਾਕ ਤੇ ਖਾਣ ਪੀਣ ਦੇ ਸ਼ੌਕ ਕਾਰਣ ਪੰਜਾਬੀ ਲੋਕ ਜ਼ਿਆਦਾ ਕਰਕੇ ਦੂਹਰੇ ਜਿਸਮ ਦੇ ਹੀ ਹੁੰਦੇ ਹਨ। ਸ਼ਾਇਦ ਏਸੇ ਲਈ ਹੀ ਜੀਵਨ ਬੀਮਾ ਨਿਗਮ ਵਲੋਂ ਉਨ੍ਹਾਂ ਨੂੰ ਜਿਸਮ ਦੇ ਦਸ ਪੰਦਰਾਂ ਕਿਲੋ ਵਾਧੂ ਭਾਰ ਦੀ ਛੋਟ ਹੁੰਦੀ ਹੈ। ਸਾਡੇ ਇਕ ਸ਼੍ਰੋਮਣੀ ਸਾਹਿਤਕਾਰ ਮੁਹਾਲੀ ਵਿੱਖੇ ਮੇਰੇ ਕੋਲੋਂ ਹੋਮਿਓਪੈਥਿਕ ਇਲਾਜ ਲੈਣ ਕਾਰਨ ਅਕਸਰ ਆਂਦੇ ਜਾਂਦੇ ਸਨ। ਪਰ ਇਸ ਫ਼ਲੈਟ ਵਿਚ ਆਉਂਦਿਆਂ ਪਹਿਲੀ ਵੇਰਾਂ ਹੀ ਹਿੰਮਤ ਹਾਰ ਗਏ। ਆਖਣ ਲੱਗੇ, 'ਮੈਨੂੰ ਤਾਂ ਹੁਣ ਡਾਕਟਰ ਬਦਲਣਾ ਪਵੇਗਾ। ਏਨੀਆਂ ਪੌੜੀਆ ਚੜ੍ਹ ਕੇ ਤਾਂ ਚੰਗੇ ਭਲੇ ਦੇ ਵੀ ਗੋਡੇ ਜੁਆਬ ਦੇ ਜਾਣ ਤੇ ਉਹ ਡਿਪਰੈੱਸ਼ਨ ਦਾ ਮਰੀਜ਼ ਹੋ ਜਾਵੇ ਤੇ ਮੈਂ ਤਾਂ ਪਹਿਲਾਂ ਹੀ ਦੋਹਾਂ ਬਿਮਾਰੀਆਂ ਦੀ ਜਕੜ ਵਿਚ ਹਾਂ।'

ਘਮੰਡਾ ਸਿੰਘ ਕੀਕੂੰ ਚੜ੍ਹੇਗਾ ਏਨੀਆਂ ਪੌੜੀਆਂ ?

ਮੈਂ ਤੀਜੀ ਮੰਜ਼ਿਲ ਉੱਤੇ ਘਰ ਲੈ ਕੇ ਪਛਤਾਅ ਰਹੀ ਸਾਂ।

ਛੇ ਵੱਜ ਗਏ ਤੇ ਫੇਰ ਸਾਢੇ ਛੇ ਵੀ। ਹਨੇਰਾ ਸੰਘਣਾ ਹੋ ਗਿਆ। ਦੂਸਰੀ ਮੰਜ਼ਿਲ ਵਾਲੇ ਫ਼ਲੈਟਾਂ ਦੇ ਬੂਹੇ ਬੰਦ ਹੋ ਗਏ। ਪੌੜੀਆਂ ਕਾਲੀਆਂ ਸਿਆਹ ਹੋ ਗਈਆਂ। ਡੂੰਘਾ, ਘੁੱਪ ਹਨੇਰਾ! ਚੁੱਭਵੀਂ ਸੀਤ! ਤੇ ਉਹ ਨਾ ਆਇਆ। ...ਚਲੋ ਚੰਗਾ ਹੀ ਹੋਇਆ। ਨਹੀਂ ਤਾਂ ਵਿਚਾਰੇ ਦੀ ਹੱਡੀ ਪਸਲੀ...

ਮੈਨੂੰ ਘਮੰਡਾ ਸਿੰਘ ਦੇ ਆਉਣ ਦੀ ਹੁਣ ਇਕ ਫ਼ੀ ਸਦੀ ਵੀ ਉਮੀਦ ਨਾ ਰਹੀ।

ਮਾਨਸਿਕ ਤਨਾਓ ਤੋਂ ਮੈਂ ਮੁਕਤ ਹੋਣਾ ਚਾਹਿਆ। ਰਸੋਈ ਵਿਚ ਜਾ ਕੇ ਦੁੱਧ ਗਰਮ ਕੀਤਾ ਤੇ ਥਰਮਸ ਭਰ ਕੇ ਸੌਣ ਸੁਫ਼ੇ ਵਿਚ ਲੈ ਆਈ। ਨਾਲ ਹੀ ਖਾਣ ਦਾ ਸਾਰਾ ਚਾਰਾ ਵੀ।

ਮੌਸਮ ਨੇ ਇਕ ਹੋਰ ਕਠੋਰ ਰੁੱਖ ਬਦਲਿਆ। ਝੱਖੜ, ਹਨੇਰੀ ਨਾਲ ਖਿੜਕੀਆਂ ਖੜਖੜ ਕਰਨ ਲੱਗੀਆਂ ਤੇ ਫੇਰ ਮੀਂਹ। ਮੋਟੀ-ਮੋਟੀ ਕਣੀ! ਵਾਛੜ! ਔਲੇ! ਕਾਂਬਾ, ਤੇ ਮੇਰੇ ਦੰਦ ਵੱਜਣ ਲੱਗੇ।

ਹੁਣ ਬਿਰਧ ਤਾਂ ਕੀ ਕਿਸੇ ਜੁਆਨ ਘਮੰਡਾ ਸਿੰਘ ਦੇ ਆਉਣ ਦੀ ਵੀ ਕੋਈ ਸੰਭਾਵਨਾ ਨਾ ਰਹੀ।

ਮੈਂ ਬੈੱਡ ਰੂਮ ਵਿਚ ਹੀ ਹੀਟਰ ਲੈ ਗਈ। ਸਿਰ ਤਾਂ ਪਹਿਲਾਂ ਹੀ ਤੇਲ ਨਾਲ ਨੁੱਚੜਦਾ ਪਿਆ ਸੀ, ਮੈਂ ਜਿਸਮ ਵਲੋਂ ਵੀ ਤਰ ਹੋਣਾ ਚਾਹਿਆ। ਮਾਲਿਸ਼ ਲਈ ਬਦਾਮ ਰੋਗਨ ਕੋਸਾ ਕੀਤਾ ਤੇ ਸ਼ੁਰੂ ਹੋ ਗਈ। ਅੰਗੋਂ ਅੰਗ। ਚੰਗੀ ਤਰ੍ਹਾਂ ਮਲ ਝੱਸ ਕੇ ਮੈਂ ਜਿਸਮ ਨੂੰ ਮੁੜ ਉਸ ਪੁਰਾਣੇ ਸੂਟ ਵਿਚ ਵਲ੍ਹੇਟ ਵਲ੍ਹਾਟ ਕੇ ਰਜਾਈ ਵਿਚ ਵੜ ਗਈ।

ਗਰਮ ਕਮਰਾ, ਨਿੱਘਾ ਬਿਸਤਰ। ਅਲਸਾਇਆ ਬਦਨ ਤੇ ਆਪੇ ਆਪ! ਆਪਣੀ ਮਰਜ਼ੀ ਦੀ ਮਾਲਕ! ਮੇਰੇ ਵਰਗਾ ਕੌਣ ਸੀ?

ਖਿੜ ਗਈ ਮੈਂ। ਬਦਾਮਾਂ ਤੇ ਸਾਵਗੀਆਂ ਦੇ ਫੱਕਿਆਂ ਨਾਲ ਗਰਮਾ-ਗਰਮ ਦੁੱਧ ਦੇ ਘੁੱਟ ਭਰਦੀ ਵਿਜੇ ਲੱਛਮੀ ਦੀ ਪੁਸਤਕ 'ਸਕੋਪ ਔਫ਼ ਹੈਪੀਨੈੱਸ' ਦੇ ਸਫ਼ਰ ਨਾਲ ਪਤਾ ਹੀ ਨਾ ਲੱਗਾ ਕਦੋਂ ਮੇਰੀ ਅੱਖ ਲੱਗ ਗਈ.. .......

... ਕਾੱਲ ਬੈੱਲ ਵੱਜੀ। ਹੌਲੀ ਜਿਹੀ। ਬੇਟਾ ਤਾਂ ਨੌਕਰੀ ਦੀ ਟੂਰ ਤੇ ਗਿਆ ਸੀ ਤੇ ਇਹ ਕੋਈ ਵਕਤ ਨਹੀਂ ਸੀ ਹੋਰ ਕਿਸੇ ਦੇ ਆਉਣ ਦਾ।........

ਬੈੱਲ ਫੇਰ ਵੱਜੀ। ਥੋੜ੍ਹੀ ਲੰਮੀ। ਮੈਂ ਓਸੇ ਤਰ੍ਹਾਂ ਅਵੇਸਲੀ ਪਈ ਰਹੀ। ਅੱਧ-ਸੁੱਤੀ!

ਘੰਟੀ ਫੇਰ ਵੱਜੀ। ਇਸ ਵੇਰਾਂ ਗੂੰਜਦੀ! ਲਗਾਤਾਰ!

ਮੈਂ ਰਜ਼ਾਈ 'ਚੋਂ ਮੂੰਹ ਕੱਢਿਆ। ਸਾਹਮਣੇ ਕੰਧ ਘੜੀ ਤੇ ਵੇਖਿਆ। ਸਾਢੇ ਸੱਤ! ਨੀਂਦੋ ਨੀਂਦ, ਅਧਮੀਟੇ ਨੈਣ, ਲੜਖੜਾਂਦੀ ਨੇ ਬੂਹਾ ਖੋਲ੍ਹਿਆ।

............

... ਸੁਰਖ਼ ਗੁਲਾਬ ਹੱਥ ਵਿਚ ਫੜੀ, ਗੰਧਮੀ ਅੰਡਾਕਾਰ ਚਿਹਰਾ, ਲੰਮਾ ਝੰਮਾ, ਚੁਸਤ ਲਿਬਾਸ! ਈਰਾਨੀ ਅੱਖਾਂ, ਯਾਕੂਤੀ ਹੋਠ...।

ਵਿਛੜੇ ਵੀਰ ਵਰਗਾ

ਗੁਆਚੇ ਮਹਿਬੂਬ ਵਰਗਾ

ਗਿਰੀਸ਼ ਕਰਨਾਡ ਵਰਗਾ

ਸਾਰਿਆਂ ਵਰਗਾ... ਤੇ ... ਸਭ ਤੋਂ ਨਿਆਰਾ ਜਿਸ ਦੀ ਮਾੜੀ ਮਾੜੀ ਝਲਕ ਦੇ ਦੀਦਾਰ ਤਾਂ ਕਦੇ ਕਦੇ, ਕਿਧਰੇ ਕਿਧਰੇ ਹੁੰਦੇ ਰਹੇ ਪਰ ਪੂਰਾ ਸੂਰਾ .. ਸਗਵਾਂ..। ਸਾਕਾਰ ... ਪਰੀਜ਼ਾਤ!

ਉਫ਼!

{ਮੁਹਾਲੀ 0172-

# ਓਸ ਦੀਆਂ ਬੂੰਦਾਂ

## ਸਤੰਬਰ ਲਈ ਤਾਰੀਖਵਾਰ ਨਿਜੀ ਅਗਵਾਈ



ਮੀਨਾ ਓਮ

1 **ਸਤੰਬਰ**- ਕੋਈ ਆਤਮਕ ਮਨੁੱਖ ਉਹ ਹੈ ਜੋ ਲੋਕਾਈ ਦੀ ਅਗੁਆਈ ਕਰ ਸਕੇ, ਜਿਸਦੀ ਸਿਆਣਪ ਅਤੇ ਸੋਚਣਾ-ਵਿਚਾਰਨਾ ਹੱਕਦਾਰਾਂ ਵੱਲ ਨੂੰ ਵਹੇ। ਉਸਦੇ ਕਾਰਜ-ਕਰਨੀਆਂ ਹਮੇਸ਼ਾ ਸਰਵਉੱਚ ਸੁਚੇਤੀ ਵਿਚੋਂ ਚੱਲਦੇ ਹਨ। 2- ਪਰਮ ਦੇ ਆਪਣੇ ਤਰੀਕੇ ਹਨ ਕਿਸੇ ਇਨਸਾਨ ਨੂੰ ਸਬਕ ਦੇਣ ਦੇ। ਸਰਵਉੱਚ ਅਕਲ ਚਾਹੁੰਦੀ ਹੈ ਕਿ ਅਸੀਂ ਮੁੰਕਮਲਤਾ-ਸੰਪੂਰਨਤਾ ਹਾਸਿਲ ਕਰਦੇ ਹੋਏ ਅਤੇ ਨਾ-ਮੁਕੰਮਲਤਾ- ਅਸੰਪੂਰਨਤਾ ਤਜਦੇ ਹੋਏ ਕੁਦਰਤੀ ਢੰਗ ਨਾਲ ਵਿਗਸਦੇ-ਵਧਦੇ ਜਾਈਏ। 3- ਅੰਦਰੂਨੀ ਵਿਗਸਣ-ਵਧਣ ਚੱਲਦਾ ਰਹਿੰਦੈ ਬਿਨਾ ਸਾਡੇ ਮਨ ਦੇ ਜਾਣਿਆਂ ਵੀ। ਹਉਮੈਂ ਕਰਕੇ ਅਸੀਂ ਇਸ ਨਾਲ ਜੋੜ ਨਹੀਂ ਬਿਠਾਅ ਪਾਉਂਦੇ। ਇਸ ਨਾਲ ਬਾਹਰੀ ਅਤੇ ਅੰਦਰੂਨੀ ਵਧਣ-ਵਿਗਸਣ ਵਿਚ ਇੱਕ ਟਕਰਾਅ ਬਣਦੈ। ਇਹੋ ਵਿੱਥ (ਗੈਪ) ਸਾਡੇ ਸਾਰੇ ਦੁੱਖਾਂ ਦੀ ਵਜ੍ਹਾ ਹੈ। 4- ਬ੍ਰਹਿਮੰਡੀ-ਸਰਬਵਿਆਪੀ ਦਾ ਹੀ ਪ੍ਰਗਟਾਵਾ ਹੈ ਇਨਸਾਨ। ਬ੍ਰਹਿਮੰਡ ਸਮੇਂ ਸਮੇਂ ਦੀ ਲੋੜ ਮੁਤਾਬਕ ਊਰਜਾ (ਏਨਰਜੀ-ਦਮਖਮ) ਦੀ ਵਰਤੋਂ ਕਰਦੈ ਸਿਰਜਣ, ਮੁਕੰਮਲ ਸੁਧਾਈ ਅਤੇ ਢਾਅ ਦੇਣੇ ਲਈ। ਇਨਸਾਨ ਲਈ ਵੀ ਇਹੋ ਕਰਨਾ ਵਿਓਂਤਿਐ। 5- ਜ਼ਿੰਦਗੀ ਦਾ ਹਰ ਪਲ ਆਨੰਦਮਈ ਹੋਣਾ ਚਾਹੀਦੈ, ਇੱਕ ਸਦਾਚੱਲਣੀ ਲਿਵਲਾਉਣੀ, ਬਸ ਇੱਕ ਜਸ਼ਨ ਹੋਵਣੇ ਦਾ। 6- ਆਪਣਾ ਦਮਖਮ ਸੰਭਲ ਕੇ ਵਰਤੋ। ਆਪਣੇ ਉੱਤੇ ਇੱਕ ਅੱਖ ਰੱਖ ਕੇ। ਖਿਆਲ ਕਰੋ ਕਿ ਕੀ ਤੁਸੀਂ ਚੰਗਾ-ਮਾੜਾ ਹੋਣ ਦੇ ਫ਼ਤਵੇ ਦੇ ਰਹੇ ਹੋ, ਹਿਸਾਬੀ-ਮਤਲਬੀ ਹੋ ਰਹੇ ਹੋ ਜਾਂ ਚਾਲਬਾਜ਼ ਕਿਓਂਕਿ ਨਾਂਹਵਾਦੀ ਸੋਚਾਂ ਊਰਜਾ-ਦਮਖਮ ਘਟਾਉਣ ਵਾਲੀਆਂ ਹੁੰਦੀਆਂ ਹਨ। 7- ਕੋਈ ਲੋੜ ਨਹੀਂ ਵੱਖਰੇ ਵੱਖਰੇ ਖਾਨੇਂ ਸਮਝਣ ਦੀ ਆਰਾਮ ਕਰਨ, ਦਿਲ ਲਾਉਣ, ਮਜ਼ਾ ਕਰਨ, ਸਿੱਖਣ, ਸਿਖਾਉਣ, ਕੰਮ ਕਰਨ ਦੇ ਅਤੇ ਨਾ ਹੀ ਜ਼ਿੰਦਗੀ ਵਿਚ ਕੁਝ ਤਿਆਗ ਦੇਣ ਦੀ। ਲੋੜ ਹੈ ਸਾਨੂੰ ਜ਼ਿੰਦਗੀ ਨੂੰ ਪੂਰਾ ਪੂਰਾ ਜੀਣ ਦੀ। 8- ਸਾਨੂੰ ਪਤਾ ਹੋਣਾ ਚਾਹੀਦਾ ਹੈ ਆਪਣੇ ਸਰੀਰ, ਮਨ ਅਤੇ ਆਤਮਾ ਦੇ ਤਰੀਕੇਕਾਰ ਬਾਰੇ।ਇਸ ਵਾਸਤੇ ਰੀਝ ਰੱਖੋ ਕਿ ਸੁਰ ਮਿਲੇ ਕੁਦਰਤ ਤੋਂ, ਕੁਦਰਤ ਨਾਲ ਅਤੇ ਕੁਦਰਤ ਲਈ। 9- ਜਦੋਂ ਵਿਚਾਰਾਂ ਨੂੰ ਦਿਨਦੀਵੀਂ ਲਏ ਸੁਫ਼ਨਿਆਂ ਵਿਚ ਵਟਾਅ ਦਿੱਤਾ ਜਾਏ, ਤਾਂ ਇੱਕ ਆਰਾਮਪ੍ਰਸਤੀ ਆ ਜਾਂਦੀ ਹੈ। ਹਮੇਸ਼ਾ ਇਹ ਹੌਂਸਲਾ ਰੱਖੋ ਕਿ ਇਨ੍ਹਾਂ ਨੂੰ ਟੀਚੇ-ਦੇ-ਨਜ਼ਾਰੇ ਵਿਚ ਤਬਦੀਲ ਕਰ ਸਕੋ ਜਿਨ੍ਹਾਂ ਨਾਲ ਕਿ ਹੋ ਸਕਣਗੇ ਕਾਇਆਕਲਪ ਅਤੇ ਬ੍ਰਹਿਮੰਡੀ-ਆਲਮੀ ਭਲਾਈ। 10- ਰੂਹਾਨੀਅਤ-ਆਤਮਕਤਾ ਹੈ "ਰੂਹ/ਆਤਮਾ ਦੀ ਸਾਇੰਸ"। ਸਭ ਕੁਝ ਸਹੀ ਰੂਹ ਨਾਲ ਕਰਨਾ। 11- ਸੁਖੱਲੇ ਹੋਵੋ। ਜਦੋਂ ਅਸੀਂ ਅਣਸੁਖੱਲੇ ਹੁੰਦੇ ਹਾਂ ਜਾਂ ਆਪਣੇ ਆਪ ਨਾਲ ਸਾਡਾ ਅਮਨ ਨਹੀਂ ਹੁੰਦਾ ਜਾਂ ਕਾਹਲ ਵਿਚ ਹੁੰਦੇ ਹਾਂ, ਅਸੀਂ ਖਿਝੇ ਰਹਿਣ ਦੀ ਬਿਰਤੀ ਰੱਖਦੇ ਹਾਂ।ਸਭੋ ਕੁਝ ਨੇ ਆਪਣੀ ਹੀ ਰਫ਼ਤਾਰ ਨਾਲ ਹੋਣਾ ਹੁੰਦਾ ਹੈ। 12- ਸਾਡੇ ਸਭ ਤੋਂ ਸੱਚੇ ਸਾਥੀ ਉਹ ਹੁੰਦੇ ਹਨ ਜੋ ਸਾਡੇ ਵਾਂਗ ਹੀ ਸੋਚਦੇ ਹੋਣ, ਸਾਡੀਆਂ ਰੂਹਾਂ-ਆਤਮਾਵਾਂ ਨੂੰ ਛੋਹ ਜਣ ਅਤੇ ਕੁਝ ਵੀ ਕਰਦਿਆਂ ਉਨ੍ਹਾਂ ਦੀ ਸਾਡੀ ਰੂਹਾਨੀ-ਰੌਂਅ ਦੀ ਸੁਰ ਨਾਲ ਸੁਰ ਮਿਲ ਰਹੀ ਹੋਏ। 13- ਹੋ ਸਕਦਾ ਹੈ ਕਿ ਦੁਨੀਆ ਨੂੰ ਬਦਲ ਦੇਣ ਦੇ ਸਾਡੇ ਕੋਲ ਕਮਾਲ ਦੇ ਸੋਚ-ਟੀਚੇ ਅਤੇ ਵਿਚਾਰ ਹੋਣ, ਪਰ ਇਨ੍ਹਾਂ ਨੂੰ ਸਾਹਮਣੇ ਲਿਆਉਣ ਦੇ ਲਈ ਸਾਡੇ ਕੋਲ ਹੋਣੇ ਚਾਹੀਦੇ ਹਨ ਤਾਕਤ, ਕਾਬਲੀਅਤ ਅਤੇ ਐਨ ਸਹੀ ਸਮਾਂ-ਚੋਣ। ਇਹ ਓਦੋਂ ਹੀ ਸੰਭਵ ਹੈ ਜਦੋਂ ਕੁਦਰਤ ਦਾ ਕਾਨੂੰਨ ਸਾਡੀ ਅਗਵਾਈ ਕਰ ਰਿਹਾ ਹੋਏ। 14- ਇੱਕ ਕਿਸੇ ਚੀਜ਼ ਨੂੰ ਪੂਰਾ-ਸੋਧ ਲਓ, ਫੇਰ ਤੁਹਾਡੇ ਕੋਲ ਉਹ ਕਾਬਲੀਅਤ ਆ ਜਾਏਗੀ ਸਭ ਕੁਝ ਪੂਰਾ-ਸੋਧ ਲੈਣ ਦੀ। ਮੁਕੰਮਲ-ਸੁਧਾਈ ਇੱਕ ਪੌੜੀ ਹੈ। ਮੁਕੰਮਲ-ਸੁਧਾਈ ਹਰੇਕ ਨੂੰ ਖੁਸ਼ੀ ਅਤੇ ਪ੍ਰੇਰਣਾ ਦੇਂਦੀ ਹੈ। 15- ਸਾਡੀ ਅਖੀਰਲੀ ਆਈ ਸੋਚ ਨੂੰ ਚੁੱਕ ਕੇ ਲਿਜਾਣ ਵਾਲੀ ਤਾਕਤ ਹੁੰਦੀ ਹੈ ਸਾਡੀ ਆਤਮਾ। ਇਹ ਅਹਿਸਾਸ, ਸਰੀਰ ਤੋਂ ਵੱਖ ਹੋ ਬ੍ਰਹਿਮੰਡ ਦੀ ਇੱਕ ਖਾਸ ਤਹਿ ਵੱਲ ਨੂੰ ਚਾਲੇ ਪਾ ਦੇਂਦਾ ਹੈ ਤਾਂ ਜੋ ਇਸਨੂੰ ਅਗਲੀ ਵਾਧਾ-ਤਰੱਕੀ ਮਿਲੇ। 16- ਮੁਕੰਮਲਤਾ/ਸੰਪੂਰਨਤਾ ਕਦੇ ਕਿਸੇ ਨੂੰ ਤੰਗੀ ਦੇਣ ਵਾਲੀ ਨਹੀਂ ਹੋ ਸਕਦੀ। ਨਾ ਇਸ ਨੂੰ ਮਾਪਿਆ ਜਾ ਸਕਦਾ ਹੈ ਤੇ ਨਾ ਇਸ ਨੂੰ ਕੋਈ ਨਾਮ ਦਿੱਤਾ ਜਾ ਸਕਦਾ ਹੈ। ਇਸ ਨੂੰ ਬਸ ਓਦੋਂ ਹੀ ਜਾਣਿਆ ਜਾ ਸਕਦਾ ਹੁੰਦਾ ਹੈ ਜਦ ਇਸ ਤੱਕ ਅਸੀਂ ਪਹੁੰਚ ਜਾਈਏ। ਜੇ ਅਸੀਂ ਰੂਹਾਨੀ ਰਾਹ 'ਤੇ ਨਹੀਂ ਚੱਲ ਰਹੇ, ਅਸੀਂ ਕਦੇ ਵੀ ਅਸਲੀ ਮੁਕੰਮਲਤਾ-ਸੰਪੂਰਨਤਾ ਨੂੰ ਚਖ ਨਹੀਂ ਸਕਾਂਗੇ। 17- ਜਾਣਦੇ ਹੋਣਾ ਚੰਗਾ ਹੈ। ਉਸ ਮੁਤਾਬਕ ਜਿਊਣ ਦੀ ਕੋਸ਼ਿਸ਼ ਕਰਨਾ ਹੋਰ ਚੰਗਾ ਹੈ। ਪਰ ਉਹ ਹੀ ਹੋ ਜਾਣਾ ਸਭ ਤੋਂ ਚੰਗਾ ਹੈ! ਸੋਚਾਂ, ਸ਼ਬਦ ਅਤੇ ਕਾਰਜ ਆਪਸ ਵਿਚ ਮੇਲ ਖਾਣ ਵਾਲੇ ਹੋਣੇ ਚਾਹੀਦੇ ਹਨ। 18- ਕੁਦਰਤ ਵਿਚ ਹਰ ਚੀਜ਼ ਦਾ ਤਜਰਬਾ ਹੋਵੇ। ਕਿਤਾਬਾਂ ਦੀਆਂ ਕਿਤਾਬਾਂ ਲਿਖੀਆਂ ਗਈਆਂ ਹਨ ਸਭ ਕੁਝ ਨੂੰ ਵਿਗਿਆਨਕ-ਸਾਇੰਸੀ ਅਤੇ ਤਕਨੀਕੀ ਢੰਗ ਨਾਲ ਸਮਝਾਉਣ ਲਈ ਪਰ ਸੁਆਦ ਜਾਨਣ ਲਈ ਚਖਣਾ ਪੈਂਦਾ ਹੈ, ਖੁਸ਼ਬੋਈ ਜਾਨਣ ਲਈ ਸੁੰਘਣਾ। 19- ਗੁਨਾਹ ਕੀਤਾ ਹੋਣ ਦਾ ਅਹਿਸਾਸ ਕਦੇ ਤੁਹਾਨੂੰ ਪੂਰਾ ਖੁਸ਼ ਨਹੀਂ ਹੋਣ ਦੇ ਸਕਦਾ। ਗੁਨਾਹ-ਅਹਿਸਾਸ ਓਦੋਂ ਰਹਿੰਦਾ ਹੈ ਜਦੋਂ ਤੁਹਾਨੂੰ ਲੱਗੇ ਹੈ ਕਿ ਤੁਸੀਂ ਲੀਕੋਂ ਲੱਥਾ (ਅਨੈਤਿਕ, ਬਦਇਖ਼ਲਾਕ਼) ਕੁਝ ਕੀਤਾ ਹੈ। ਦੁਆ ਕਰੋ ਕਿ ਤੁਹਾਡੇ ਤੋਂ ਇਹ ਦੁਬਾਰਾ ਨਾ ਹੋਵੇ ਅਤੇ ਇਸ ਤੋਂ ਬਾਹਰ ਹੋ ਜਾਓ। 20- ਤੁਹਾਡੇ ਦਰਵਾਜ਼ੇ ਉੱਤੇ ਸਮੇਂ ਨੂੰ ਦਸਤਕ ਦੇਂਦੇ ਸੁਣੋ। ਇਸ ਦੁਨੀਆ ਨੂੰ ਛੱਡ ਜਾਣ ਤੋਂ ਪਹਿਲਾਂ ਕੁਝ ਕਰ ਜਾਓ ਜੋ ਤੁਹਾਡੀ ਜ਼ਮੀਰ-ਅੰਤਰਆਤਮਾ ਦੀ ਸੱਚੀ ਆਵਾਜ਼ ਦੇ ਮੁਤਾਬਕ ਹੋਏ। 21- ਹਰ ਕੋਈ ਕਹਿੰਦੈ ਚੜ੍ਹਦੀ ਕਲਾ ਵਾਲੀ ਸੋਚ ਰੱਖੋ। ਉਨ੍ਹਾਂ ਨੂੰ ਲੱਗਦਾ ਹੈ ਕਿ ਇਹੋ ਸਭ ਤੋਂ ਸੌਖਾ ਤਰੀਕਾ ਹੈ ਆਪਣੇ ਮਨ ਵਿਚੋਂ ਨਕਾਰੂ ਸੋਚ ਨੂੰ ਬਾਹਰ ਧੱਕਣ ਦਾ। 22- ਨਕਾਰੂ ਸੋਚਾਂ ਨੂੰ ਜ਼ਬਰਦਸਤੀ ਥੱਲੇ ਧੱਕ ਦਿੱਤਾ ਜਾਏ ਤਾਂ ਉਹ ਅਚੇਤ ਦਾ ਹਿੱਸਾ ਬਣ ਜਾਂਦੀਆਂ ਹਨ ਅਤੇ ਬੇਧਿਆਨ ਹੋਈਏ ਜਾਂ ਕਮਜ਼ੋਰ ਹੋਈਏ ਤਾਂ ਇਹ ਉੱਤੇ ਆ ਜਾਂਦੀਆਂ

ਹਨ। ਖੂਬਸੂਰਤੀ ਇਸ ਵਿਚ ਨਹੀਂ ਹੈ ਕਿ ਆਪਣੀਆਂ ਨਕਾਰੂ ਸੋਚਾਂ ਨੂੰ ਰੱਦਿਆ ਜਾਏ, ਸਗੋਂ ਇਸ ਵਿਚ ਹੈ ਕਿ ਉਨ੍ਹਾਂ ਦੇ ਗਵਾਹ ਬਣਿਆ ਜਾਏ- ਕਬੂਲ ਲੈਣਾ ਕਿ ਹਾਂ ਉਹ ਹੈਨ। 23- ਰੂਹ-ਆਤਮਾ ਖੌਫ਼ ਅਤੇ ਮੋਹ ਤੋਂ ਉੱਤੇ ਹੁੰਦੀ ਹੈ। ਇਸਦੀ ਇੱਕ ਅਮਰ ਖੂਬੀ ਹੈ ਸੱਚ, ਪਿਆਰ ਅਤੇ ਚਾਨਣ ਨੂੰ ਫੈਲਾਉਣ ਦੀ ਜਿਸ ਦੇ ਵਾਸਤੇ ਇਸ ਨੂੰ ਕਿਸੇ ਬਾਹਰੀ ਮਦਦ ਦੀ ਲੋੜ ਨਹੀਂ ਹੁੰਦੀ। 24- ਮਨ ਨੂੰ ਦਖਲ ਨਾ ਦੇਣ ਦਿਓ। ਮਨ ਅੜਿੱਕੇ ਪਾਉਂਦਾ ਹੈ ਕਿਓਂਕਿ ਇਹ ਸੱਚਾਈ ਅਤੇ ਅਸਲੀਅਤ ਨੂੰ ਮੰਨਣਾ ਹੀ ਨਹੀਂ ਚਾਹੁੰਦਾ ਹੁੰਦਾ। 25- ਮੋਹ ਜੋ ਰੂਹ-ਆਤਮਾ ਉੱਤੇ ਕੱਜਣ ਪਾ ਦਿੰਦਾ ਹੈ ਜਿਸ ਨਾਲ ਤੈਹਾਂ ਦੀਆਂ ਤੈਹਾਂ ਅਗਿਆਨਤਾ ਦੀਆਂ ਘੜ ਹੋ ਜਾਂਦੀਆਂ ਹਨ ਜੋ ਵਧਣ-ਫੁੱਲਣ ਨੂੰ ਰੋਕਦੀਆਂ ਹਨ। 26- ਖੂਬਸੂਰਤ ਹੁੰਦਾ ਹੈ ਇਹ ਸਿਲਸਿਲਾ ਨਕਾਰੂ ਸੋਚਾਂ ਦੇ ਉੱਤੇ ਆਉਣ ਦੇ ਗਵਾਹ ਬਣਨਾ ਅਤੇ ਨਾਲ ਹੀ ਆਪਣੇ ਆਪ ਨਾਲ ਵਾਅਦਾ ਕਰਨਾ ਕਿ ਤੁਸੀਂ ਹੋਰ ਸਕਾਰੂ ਬਣੋਗੇ। ਤਾਂ, ਨਕਾਰੂਪੁਣੇ ਦੀ ਆਪਣੀ ਵਿਲੱਖਣ ਕੀਮਤ ਅਤੇ ਅਹਿਮੀਅਤ ਹੁੰਦੀ ਹੈ। 27- ਮੁਸ਼ਕਿਲਾਂ ਹਲ ਹੋ ਜਾਣ ਜੇ ਹਰ ਕੋਈ ਆਪਾਵਾਰੂ ਇਮਾਨਦਾਰੀ ਨਾਲ ਖਰੀ ਪ੍ਰਤਿਭਾ-ਹੁਨਰ ਨੂੰ ਵਧਾਵਾ ਦੇਵੇ। 28- ਅੱਜ ਸਮਾਂ ਪੁਕਾਰ ਰਿਹਾ ਹੈ ਉਨ੍ਹਾਂ ਲੋਕਾਂ ਨੂੰ ਜੋ ਫਿਕਰ, ਤਰਸ-ਨਰਮੀ ਅਤੇ ਲਿਹਾਜ਼ ਰੱਖਦੇ ਹਨ ਸਮੁੱਚੀ ਇਨਸਾਨੀਅਤ ਦਾ। ਸਾਨੂੰ ਨਵੀਂ ਦੁਨੀਆ ਦੇ ਉਸਰੱਈਏ ਹੋਣਾ ਹੀ ਚਾਹੀਦਾ ਹੈ। 29- ਜੁਦਾਈ-ਵਿਛੋੜਾ ਕੋਈ ਭੈਅ ਖਾਣ ਵਾਲੀ ਚੀਜ਼ ਨਹੀਂ। ਇਹ ਸਮੇਂ ਵੱਲੋਂ ਕੀਤੀ ਸਾਡੀ ਪਰਖ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਅਸੀਂ ਆਪਣੇ ਅਸਲੀ ਆਪੇ ਨਾਲ ਕਿੰਨੀ ਕੁ ਤਕੜਾਈ ਨਾਲ ਜੁੜੇ ਹਾਂ। 30- ਕਬਜ਼ਾ-ਕਾਬੂ ਰੱਖਣ ਦੀ ਇੱਛਾ ਛੱਡ ਦਿਓ ਅਤੇ ਆਜ਼ਾਦੀ ਤਾਂਘੋ। ਕਾਬੂ ਰੱਖਣ ਦੀ ਲੋੜ ਤੋਂ ਗਿਲਾ ਪੈਦਾ ਹੁੰਦਾ ਹੈ। ਆਜ਼ਾਦ ਕਰ ਦੇਣਾ ਜਾਂ ਪਕੜ ਛੱਡ ਦੇਣਾ ਪਿਆਰ ਹੈ।

# ਦੱਰਾ ਖ਼ੈਬਰ....

.....ਸਫ਼ਾ 19 ਦਾ ਬਾਕੀ ਹਿੱਸਾ।

ਆਦਿ ਦੀ ਬੇਹੱਦ ਸਟੀਕ, ਕਾਰਗਰ, ਹੂਬਹੂ ਨਕਲ ਇਥੇ ਕੁਝ ਹੀ ਘੰਟਿਆਂ ਵਿੱਚ ਤਿਆਰ ਕਰ ਕੇ ਦੇ ਦਿੱਤੀ ਜਾਂਦ ਹੈ। ਇਹ ਘਰੇਲੂ ਉਦਯੋਗ ਬਿਲਕੁਲ ਕਾਨੂੰਨੀ ਹੈ ਕਿਉਂਕਿ ਫਾਟਾ ਵਿੱਚ ਹੋਣ ਕਾਰਨ ਇਥੇ ਪਾਕਿਸਤਾਨੀ ਕਾਨੂੰਨ ਲਾਗੂ ਨਹੀਂ ਹੁੰਦੇ ਤੇ ਟੈਕਸ ਵੀ ਨਾਂਹ ਦੇ ਬਰਾਬਰ ਹਨ। ਹਰੇਕ ਮਾਰਕੇ ਅਤੇ ਬੋਰ ਦੀਆਂ ਰਾਈਫ਼ਲਾਂ, ਬੰਦੂਕਾਂ, ਗੋਲੀਆਂ ਅਤੇ ਕਾਰਤੂਸਾਂ ਨਾਲ ਦੁਕਾਨਾਂ ਤੂੜੀਆਂ ਪਈਆਂ ਹਨ। ਜਿਹੜੇ ਚੀਨੀ ਪਿਸਤੌਲ ਜਾਂ ਅਸਾਲਟਾਂ ਸਾਡੇ ਪੰਜਾਬ ਵਿੱਚ ਸਮੱਗਲਰਾਂ ਜਾਂ ਗੈਂਗਸਟਰਾਂ ਕੋਲੋਂ ਪਕੜੀਆਂ ਜਾ ਰਹੀਆਂ ਹਨ, ਉਹ ਜ਼ਿਆਦਾਤਰ ਚੀਨ ਦੀ ਬਜਾਏ ਖ਼ੈਬਰ ਦੱਰੇ ਦੀਆਂ ਬਣੀਆਂ ਹੋਈਆਂ ਹਨ।

ਇਹ ਘਰੇਲੂ ਉਦਯੋਗ 19 ਵੀਂ ਸਦੀ ਦੌਰਾਨ ਹੋਂਦ ਵਿੱਚ ਆਇਆ ਸੀ ਜਦੋਂ ਬ੍ਰਿਟਿਸ਼ ਫ਼ੌਜਾਂ ਨੇ ਅਫ਼ਗ਼ਾਨਿਸਤਾਨ ਵਿੱਚ ਫ਼ੌਜੀ ਕਾਰਵਾਈਆਂ ਕੀਤੀਆਂ। ਅਫ਼ਗ਼ਾਨਾਂ ਨੂੰ ਉਸ ਵੇਲੇ ਹਥਿਆਰਾਂ ਦੀ ਸਖ਼ਤ ਜ਼ਰੂਰਤ ਸੀ। ਉਹਨਾਂ ਦੀ ਜ਼ਰੂਰਤ ਪੂਰੀ ਕਰਨ ਲਈ ਦੱਰਾ ਖ਼ੈਬਰ ਵਿੱਚ ਕੁਝ ਵਰਕਸ਼ਾਪਾਂ ਖੁੱਲ੍ਹ ਗਈਆਂ। ਉਸ ਵੇਲੇ ਬ੍ਰਿਟਿਸ਼ ਫ਼ੌਜ ਦੇ ਹਥਿਆਰਾਂ ਦੀ ਨਕਲ ਤਿਆਰ ਕੀਤੀ ਜਾਂਦੀ ਸੀ। ਅੰਗਰੇਜ਼ਾਂ ਨੇ ਵੀ ਇਹਨਾਂ ਦੇ ਖਿਲਾਫ਼ ਕੋਈ ਕਾਰਵਾਈ ਕਰਨ ਦੀ ਬਜਾਏ ਇਸ ਨੂੰ ਬੜ੍ਹਾਵਾ ਹੀ ਦਿੱਤਾ। ਪਹਿਲੇ ਵਿਸ਼ਵ ਯੁੱਧ ਸਮੇਂ ਸੂਬਾ ਸਰਹੱਦ ਤੋਂ ਭਰਤੀ ਕੀਤੇ ਫ਼ੌਜੀਆਂ ਨੂੰ ਦੱਰੇ ਦੇ ਬਣੇ ਹਥਿਆਰ ਹੀ ਦਿੱਤੇ ਗਏ ਸਨ। ਕਿਉਂਕਿ ਬ੍ਰਿਟਿਸ਼ਰਾਂ ਨੂੰ ਡਰ ਸੀ ਕਿ ਇਹ ਅੱਖੜ ਕਿਸਮ ਦੇ ਫ਼ੌਜੀ ਸਰਕਾਰੀ ਰਾਈਫਲਾਂ ਲੈ ਕੇ ਭੱਜ ਜਾਣਗੇ। ਅਫ਼ਗ਼ਾਨਿਸਤਾਨ ਸਦੀਆਂ ਤੱਕ ਰੂਸ ਅਤੇ ਇੰਗਲੈਂਡ ਦਰਮਿਆਨ ਝਗੜੇ ਦਾ ਕਾਰਨ ਰਿਹਾ ਹੈ। ਇਸ ਲਈ ਇਹਨਾਂ ਕਾਰੀਗਰਾਂ ਨੂੰ ਦੋਵ੍ਹਾਂ ਦੇਸ਼ਾਂ ਦੇ ਹਥਿਆਰਾਂ ਦੀਆਂ ਨਕਲਾਂ ਬਨਾਉਣ ਦੀ ਮੁਹਾਰਤ ਹਾਸਿਲ ਹੋ ਗਈ। ਇਸ ਤੋਂ ਬਾਅਦ ਰੂਸੀ ਹਮਲੇ ਦੌਰਾਨ ਮੁਜਾਹਦੀਨਾਂ ਲਈ ਇਥੋਂ ਲੱਖਾਂ ਅਸਲਾਟਾਂ ਬਣ ਕੇ ਗਈਆਂ। ਫੇਰ ਜਦੋਂ ਅਮਰੀਕਾ ਨੇ ਤਾਲਿਬਾਨ ’ਤੇ ਹਮਲਾ ਕੀਤਾ ਤਾਂ ਇਹ ਤਾਲਿਬਾਨ ਨੂੰ ਹਥਿਆਰ ਸਪਲਾਈ ਕਰਨ ਦਾ ਮੁੱਖ ਜ਼ਰੀਆ ਬਣ ਗਿਆ।

ਪਾਕਿਸਤਾਨ ਵਿੱਚ ਹਥਿਆਰਾਂ ਦਾ ਲਾਇਸੈਂਸ ਬਹੁਤ ਅਸਾਨੀ ਨਾਲ ਬਣ ਜਾਂਦਾ ਹੈ। ਇੱਕ ਬੰਦਾ ਜਿੰਨੇ ਚਾਹੇ ਹਥਿਆਰ ਅਤੇ ਗੋਲੀਆਂ ਰੱਖ ਸਕਦਾ ਹੈ। ਕੇਂਦਰੀ ਗ੍ਰਹਿ ਮੰਤਰਾਲਾ ਆਟੋਮੈਟਿਕ ਅਤੇ ਸੂਬਿਆਂ ਦੇ ਗ੍ਰਹਿ ਮੰਤਰਾਲੇ ਸੈਮੀ ਆਟੋਮੈਟਿਕ ਹਥਿਆਰਾਂ ਲਈ ਲਾਈਸੈਂਸ ਜਾਰੀ ਕਰਦੇ ਹਨ। ਏ.ਕੇ.47 ਵੀ ਕਾਨੂੰਨਨ ਖਰੀਦੀ ਜਾ ਸਕਦੀ ਹੈ। ਹਥਿਆਰਾਂ ਦੀ ਇਸ ਭਾਰੀ ਮੰਗ ਨੂੰ ਸਿਰਫ਼ ਦੱਰਾ ਖ਼ੈਬਰ ਹੀ ਪੂਰੀ ਕਰ ਸਕਦਾ ਹੈ। ਦੱਰਾ ਖ਼ੈਬਰ ਵਿੱਚ ਅਸਲ੍ਹੇ ਦੀ ਦੁਕਾਨ ਜਾਂ ਫ਼ੈਕਟਰੀ ਖੋਲ੍ਹਣੀ ਬਹੁਤ ਹੀ ਅਸਾਨ ਹੈ। ਅਰਾਮ ਨਾਲ ਪਰਮਿਟ ਮਿਲ ਜਾਂਦਾ ਹੈ ਤੇ ਟੈਕਸ ਵੀ ਨਾਂਹ ਦੇ ਬਰਾਬਰ ਹਨ। ਸਰਕਾਰ ਦਾ ਵੀ ਕੋਈ ਬਹੁਤਾ ਕੰਟਰੋਲ ਨਹੀਂ ਹੈ। ਦੱਰਾ ਖ਼ੈਬਰ ਦੇ ਵਪਾਰੀਆਂ ਦੁਆਰਾ ਲਾਇਸੈਂਸ ਧਾਰੀਆਂ, ਤਾਲਿਬਾਨ, ਕਬੀਲਿਆਂ ਅਤੇ ਗੁੰਡਾ ਗਰੋਹਾਂ ਨੂੰ ਹਥਿਆਰਾਂ ਦੀ ਖੁੱਲ੍ਹੀ ਵਿਕਰੀ ਹੁੰਦੀ ਹੈ। ਹਥਿਆਰ ਬਨਾਉਣ ਲਈ ਲੋਕਲ ਕੱਚੇ ਮਾਲ ਦੀ ਵਰਤੋਂ ਕੀਤੀ ਜਾਂਦੀ ਹੈ। ਆਮ ਤੌਰ ’ਤੇ ਕੰਡਮ ਗੱਡੀਆਂ ਦੇ ਸਖਤ ਹਿੱਸੇ ਜਿਵੇਂ ਧੁਰਾ, ਕਮਾਨੀਆਂ ਅਤੇ ਕਰੈਂਕ ਸ਼ਾਫ਼ਟ, ਆਦਿ, ਵਰਤੇ ਜਾਂਦੇ ਹਨ। ਪਰ ਰੇਲਵੇ ਲਾਈਨਾਂ ਦੇ ਟੁਕੜੇ ਅਤੇ ਰੇਲਵੇ ਇੰਜਨਾਂ ਦੇ ਹਿੱਸੇ ਬੇਹੱਦ ਮਜ਼ਬੂਤ ਹੋਣ ਕਾਰਨ ਜ਼ਿਆਦਾ ਪਸੰਦ ਕੀਤੇ ਜਾਂਦੇ ਹਨ। ਗੋਲੀਆਂ ਦੇ ਜ਼ਿਆਦਾਤਰ ਖੋਲ ਸਟੀਲ ਦੇ ਹੁੰਦੇ ਹਨ ਜਿਹਨਾਂ ਨੂੰ ਤਾਂਬੇ ਦੀ ਪਾਲਿਸ਼ ਕਰ ਦਿੱਤੀ ਜਾਂਦੀ ਹੈ। ਬਹੁਤੀਆਂ ਗੋਲੀਆਂ ਨਾਟੋ ਅਤੇ ਪਾਕਿਸਤਾਨੀ ਫ਼ੌਜ ਦੇ ਚੱਲੇ ਹੋਏ ਕਾਰਤੂਸਾਂ ਨੂੰ ਦੁਬਾਰਾ ਭਰ ਕੇ ਬਣਾਈਆਂ ਜਾਂਦੀਆਂ ਹਨ। ਹਥਿਆਰ ਗਾਹਕ ਦੀ ਪਸੰਦ ਮੁਤਾਬਕ ਬੇਹੱਦ ਮਜ਼ਬੂਤ ਅਤੇ ਕਾਰਗਰ ਜਾਂ ਚਾਲੂ ਕਿਸਮ ਦੇ ਬਣਾਏ ਜਾਂਦੇ ਹਨ।

ਅੱਜਕਲ੍ਹ ਜ਼ਿਆਦਾਤਰ ਅਮਰੀਕਨ, ਇੰਗਲਿਸ਼, ਰੂਸੀ, ਜਰਮਨ, ਇਟਾਲੀਅਨ, ਇਜ਼ਰਾਈਲੀ ਅਤੇ ਚੀਨੀ ਹਥਿਆਰਾਂ ਦੀਆਂ ਨਕਲਾਂ ਤਿਆਰ ਕੀਤੀਆਂ ਜਾਂਦੀਆਂ ਹਨ। ਇਹ ਕਾਰੀਗਰ ਖਾਸ ਤੌਰ ’ਤੇ ਏ.ਕੇ.47 ਅਤੇ ਰਿਵਾਲਵਰ-ਪਿਸਤੌਲ ਬਨਾਉਣ ਦੇ ਬੇਹੱਦ ਮਾਹਿਰ ਹਨ। ਹਥਿਆਰ ’ਤੇ ਮਾਰਕਾ ਸਟੈਂਪ ਕਰਨ ਲੱਗਿਆਂ ਜਾਣ ਬੁੱਝ ਕੇ ਥੋੜ੍ਹਾ ਬਹੁਤ ਫ਼ਰਕ ਪਾ ਦਿੱਤਾ ਜਾਂਦਾ ਹੈ ਤਾਂ ਜੋ ਪਤਾ ਲੱਗ ਜਾਵੇ ਕਿ ਇਹ ਦੱਰਾ ਖ਼ੈਬਰ ਦਾ ਬਣਿਆ ਹੋਇਆ ਹੈ। ਇਥੇ ਬਣਨ ਵਾਲੇ ਹਥਿਆਰਾਂ ਦੇ ਆਪਣੇ ਵੀ ਬਰਾਂਡ ਨਾਮ ਹਨ ਜਿਵੇਂ ਬੁਫ਼ੈਲੋ, ਡਾਇਮੰਡ, ਡਬਲ ਡਰੈਗਨ, ਡਬਲ ਸਟਾਰ, ਗੁੱਡਲੱਕ, ਗੋਰੀਲਾ ਅਤੇ ਟਾਈਗਰ, ਆਦਿ। ਸਾਕਿਬ ਬਰਾਂਡ ਇਥੋਂ ਦਾ ਇੱਕ ਪ੍ਰਸਿੱਧ ਬਰਾਂਡ ਹੈ। ਪੰਜਾਬ ਵਿੱਚ ਅੱਤਿਵਾਦ ਦੌਰਾਨ ਬਹੁਤੇ ਹਥਿਆਰ ਦੱਰੇ ਦੇ ਹੀ ਆਉਂਦੇ ਸਨ। ਪੰਜਾਬ ਵਿੱਚ ਕਿਸੇ ਦਾ ਪਿਸਤੌਲ ਚੈੱਕ ਕਰਨ ਲੱਗਿਆਂ ਅੱਜ ਵੀ ਜ਼ਰੂਰ ਪੁੱਛਦੇ ਹਨ ਕਿ "ਵਲਾਇਤੀ ਆ ਕੇ ਦੱਰੇ ਦਾ ਮਾਲ ਆ?" ਪਾਕਿਸਤਾਨੀ ਸਰਕਾਰ ਜਿੰਨਾ ਮਰਜ਼ੀ ਜ਼ੋਰ ਲਗਾ ਲਵੇ, ਜਦ ਤੱਕ ਅਫ਼ਗ਼ਾਨਿਸਤਾਨ ਅਤੇ ਸੂਬਾ ਸਰਹੱਦ ਵਿੱਚ ਸ਼ਾਂਤੀ ਨਹੀਂ ਹੁੰਦੀ, ਇਹ ਕਾਰੋਬਾਰ ਵਧਦਾ ਫੁੱਲਦਾ ਹੀ ਰਹਿਣਾ ਹੈ।

{ਪੰਡੋਰੀ ਸਿੱਧਵਾਂ 9501100062



# ਜ਼ਿੰਦਗੀ ਦੇ ਰਹੱਸ ਦੀਆਂ ਰਮਜ਼ਾਂ

## ਗੁਰਬਖ਼ਸ਼ ਸਿੰਘ ਪ੍ਰੀਤਲੜੀ

ਦਾਰ ਜੀ ਨੂੰ ਯਾਦ ਕਰਦਿਆਂ

ਚਿੰਤਾ, ਡਰ, ਮੁਥਾਜੀ, ਈਰਖਾ ਭਰੇ, ਬੇਚੱਜ,
ਬੇ-ਪ੍ਰੀਤ ਤੇ ਡਾਵਾਂਡੋਲ ਜੀਵਨ ਨੂੰ ਮੈਂ ਨਰਕ ਸਮਝਦਾਂ ਤੇ..
ਇਹ ਯਕੀਨ ਰੱਖਦਾਂ ਕਿ ਇਹੀ ਗ਼ਲਤ ਖ਼ਿਆਲਾਂ ਦੀ ਸਜ਼ਾ ਹੈ।

## ਮਨੁਾਖੀ ਜੀਵ ਮਨੋਰਥ

......ਪਿਛਲੇ ਅੰਕ ਤੋਂ ਜਾਰੀ

ਜੀਕਰ ਸਾਡੇ ਸਰੀਰ ਦੇ ਰੋਮਾਂ ਜਾਂ ਨਹੁੰਆਂ ਦੀ ਇਹ ਇੱਛਾ ਅਣਹੋਣੀ ਜਿਹੀ ਸਮਝੀ ਜਾਏ ਕਿ ਉਹ ਸਾਡੀ ਸਮੁੱਚੀ ਸ਼ਖ਼ਸੀਅਤ ਨੂੰ ਜਾਣ ਲੈਣ, ਇਸੇ ਤਰ੍ਹਾਂ ਬੰਦੇ ਦੀ ਸਮੁੱਚੀ ਅਸਲੀਅਤ ਨੂੰ ਜਾਣ ਜਾਂ ਪਛਾਣ ਸਕਣ ਦੀ ਇੱਛਾ ਅਣਹੋਣੀ ਹੈ। ਇਹ ਇੱਛਾ ਬੰਦੇ ਦੀ ਸਭ ਤੋਂ ਵੱਡੀ ਹਿਮਾਕਤ ਹੈ, ਜਿਸ ਕਰਕੇ ਉਹ ਇਸ ਤਰ੍ਹਾਂ ਡੋਲਦਾ ਰਹਿੰਦਾ ਹੈ ਤੇ ਬੇਲੋੜ ਬੇਚੈਨੀਆਂ ਦਾ ਸ਼ਿਕਾਰ ਬਣਿਆ ਰਹਿੰਦਾ ਹੈ। ਬੰਦੇ ਦੀ ਅਸ਼ਾਂਤੀ ਦਾ ਇੱਕ ਵੱਡਾ ਕਾਰਨ ਨਾ ਹੱਲ ਹੋ ਸਕਣ ਵਾਲੇ ਸਵਾਲਾਂ ਨੂੰ ਹੱਲ ਕਰਨਾ ਤੇ ਨਾ ਜਾਣੀ ਜਾ ਸਕਣ ਵਾਲੀ ਸ਼ਕਤੀ ਦੇ ਅਨੁਮਾਨ ਲਾਣਾ ਹੈ। ਇੱਕ ਕਿਣਕਾ ਭਾਵੇਂ ਕਿੰਨੀਆਂ ਹੀ ਅੱਡੀਆਂ ਚੁੱਕ ਚੁੱਕ ਵੇਖੇ, ਤੇ ਕੇਡਾ ਉਡ ਉਡ ਕਿਆਸ ਕਰੇ ਸਾਰੇ ਰੇਗਿਸਤਾਨ ਦਾ ਅੰਤ ਨਹੀਂ ਪਾ ਸਕਦਾ ।

ਇਸ ਲਈ ਇਸ ਤੋਂ ਵਧੀਕ ਕਿ 'ਉਹ' ਹੈ, ਤੇ ਉਸ ਦੇ ਨਜ਼ਾਮ ਵਿੱਚ ਤਰਤੀਬ ਤੇ ਉਸ ਦੇ ਕਾਨੂੰਨ ਵਿੱਚ ਹਰ ਭਾਗ ਲਈ ਸ੍ਵੈ-ਪ੍ਰਗਟਾਵੇ ਦਾ ਅਵਸਰ ਹੈ- ਮੈਂ ਕੁੱਝ ਵੀ ਹੋਰ ਖ਼ਿਆਲ ਨਹੀਂ ਕਰਨਾ ਚਾਹੁੰਦਾ।

ਜਿੱਥੇ ਕਾਨੂੰਨ ਤੇ ਤਰਤੀਬ ਹੋਵੇ, ਉਥੇ ਜ਼ਾਤੀ ਸੰਬੰਧ ਕਾਨੂੰਨ ਤੇ ਤਰਤੀਬ ਦੇ ਰਾਹ ਵਿੱਚ ਰੁਕਾਵਟਾਂ ਪੈਦਾ ਕਰਦਾ ਹੈ। ਕਾਤਲ ਵੀ ਸਿਫ਼ਾਰਸ਼ ਲਿਆਵੇਗਾ, ਅੱਗੋਂ ਤੋਬਾ ਦੇ ਆਧਾਰ ਤੇ ਤਰਲੇ ਕਰੇਗਾ; ਮਜ਼ਲੂਮ ਇਸ ਲਈ ਖੁਸ਼ਾਮਦ ਕਰੇਗਾ ਮਤੇ ਜ਼ਾਲਮ ਦਾ ਪਸ਼ਚਾਤਾਪ ਤੇ ਖਿਮਾ-ਯਾਚਨਾ ਇਨਸਾਫ਼ ਦੀ ਤੱਕੜੀ ਸਾਵੀਂ ਨਾ ਰਹਿਣ ਦੇਣ।

ਮੈਨੂੰ ਜ਼ਾਤੀ ਵਿਸ਼ਵਾਸ ਦਾ ਵੀ ਤਜਰਬਾ ਹੈ। ਇਸ ਵਿਸ਼ਵਾਸ ਵਿੱਚ ਵੀ ਇੱਕ ਤਸੱਲੀ ਦੇਣ ਵਾਲਾ ਆਸਰਾ ਸਿਰਫ਼ ਮੇਰੀਆਂ ਕਮਜ਼ੋਰੀਆਂ ਨੂੰ ਪੁਚਕਾਰ ਕੇ ਉਹਨਾਂ ਦੀ ਬੇਚੈਨੀ ਕੁੱਝ ਚਿਰ ਲਈ ਦੂਰ ਕਰ ਸਕਦਾ ਸੀ। ਇਸ ਨਾਲੋਂ ਵਡੇਰੀ ਤਸੱਲੀ ਮੈਨੂੰ ਗ਼ੈਰ-ਜ਼ਾਤੀ ਅਟੱਲ ਤੇ ਅਵਿਚਲ (ਅਡੋਲਵੀਂ-ਸੰ.) ਕਾਨੂੰਨ ਦੇ ਵਿਸ਼ਵਾਸ ਵਿੱਚ ਲੱਭੀ ਹੈ। ਇਸ ਯਕੀਨ ਨੇ ਸਭ ਈਰਖਾ ਮਿਟਾ ਦਿੱਤੀ ਹੈ, ਸਭ ਚਿੰਤਾ ਹਟਾ ਦਿੱਤੀ ਹੈ। ਮੈਨੂੰ ਯਕੀਨ ਹੋ ਗਿਆ ਹੈ ਕਿ ਕੋਈ ਕਿਸੇ ਨੂੰ ਦੁਖਾ ਹੀ ਨਹੀਂ ਸਕਦਾ, ਕੋਈ ਕਿਸੇ ਦਾ ਹੱਕ ਖੋਹ ਹੀ ਨਹੀਂ ਸਕਦਾ, ਕੋਈ ਬਿਨਾਂ ਹੱਕ ਕਿਸੇ ਕੋਲੋਂ ਬਾਜ਼ੀ ਜਿੱਤ ਹੀ ਨਹੀਂ ਸਕਦਾ ।

ਜੇ ਇਹ ਸਰਬ-ਸਮਰੱਥ ਸ਼ਕਤੀ ਇੱਕ ਅਟੱਲ ਬੇ-ਬਦਲ ਕਾਨੂੰਨ ਹੀ ਹੈ ਤਾਂ ਉਸ ਦੀ ਪੂਜਾ ਦੇ ਉਹ ਅਰਥ ਨਹੀਂ ਰਹਿੰਦੇ ਜੋ ਗ੍ਰੰਥਾਂ ਸ਼ਾਸਤਰਾਂ ਵਿੱਚ ਦੱਸੇ ਜਾਂਦੇ ਹਨ- ਕੀ ਇਹ ਜੀਵਨ ਉਸ ਦੀ ਇਬਾਦਤ ਲਈ ਹੀ ਮਿਲਿਆ ਹੈ, ਤੇ ਇਬਾਦਤ ਤੋਂ ਛੁੱਟ ਇਸ ਦਾ ਹੋਰ ਕੋਈ ਮਨੋਰਥ ਨਹੀਂ? ਇਬਾਦਤ ਦਾ ਮੇਰੀ ਸਮਝ ਵਿੱਚ ਇਹ ਅਰਥ ਹੋ ਸਕਦਾ ਹੈ ਕਿ ਰੱਬੀ ਵਿਸ਼ਾਲਤਾ ਦਾ ਯਕੀਨ ਕਰ ਕੇ ਆਪਣਾ ਜੀਵਨ ਵਿਸ਼ਾਲ ਬਣਾਇਆ ਜਾਏ, ਪਰ ਇਹ ਹਰਗਿਜ਼ ਨਹੀਂ ਹੋ ਸਕਦਾ ਕਿ ਉਸ ਦੀ ਹਸਤੀ ਨੂੰ ਵਡਿਆ ਕੇ ਪ੍ਰਸੰਨ ਤੇ ਮਿਹਰਬਾਨ ਬਣਾਨ ਦਾ ਯਤਨ ਕੀਤਾ ਜਾਏ, ਜਿਹੜੀ ਸਰਬ-ਸਮਰੱਥ ਤੇ ਬੇ-ਮੁਥਾਜ ਹੈ।

ਇਸ ਦਲੀਲ ਦੀ ਰੌਸ਼ਨੀ ਵਿੱਚ ਦੁ-ਨੀਆ ਦੇ ਮੰਦਰਾਂ, ਮਸੀਤਾਂ, ਗਿਰਜਿਆਂ ਵਿੱਚ ਹੁੰਦੀ ਪੂਜਾ, ਕੀਰਤਨ, ਬਾਂਗਾਂ, ਧੂਫ, ਟੱਲੀਆਂ, ਘੜਿਆਲ, ਡੰਡੌਤਾਂ ਸਰਬ-ਸਮਰੱਥ ਸ਼ਕਤੀ ਦੇ ਬਹੁਤ ਛੋਟੇ ਅਨੁਮਾਨ ਦਾ ਸਿੱਟਾ ਜਾਪਦੇ ਹਨ।

ਮੇਰਾ ਯਕੀਨ ਇਹ ਹੈ ਕਿ ਬ੍ਰਹਿਮੰਡ ਸਰਬ-ਸਮਰੱਥ ਸ਼ਕਤੀ ਦਾ ਹੀ ਪ੍ਰਵੇਸ਼ ਹੈ, ਪਰ ਇਹ ਸ਼ਕਤੀ ਨਾ ਪੂਜਾ ਮੰਗਦੀ ਹੈ, ਨਾ ਨਰਾਜ਼ ਹੁੰਦੀ ਹੈ, ਨਾ ਸਜ਼ਾ ਦੇਂਦੀ ਹੈ, ਨਾ ਇਨਾਮ ਬਖਸ਼ਦੀ ਹੈ। 'ਇਹ' ਹੈ, ਤੇ ਇਸ ਤੋਂ ਛੁੱਟ ਹੋਰ ਕੁੱਝ ਨਹੀਂ। ਮੈਂ ਇਸੇ ਸ਼ਕਤੀ ਸਾਗਰ ਦੀ ਲਹਿਰ ਹਾਂ, ਇਸੇ ਸ਼ਕਤੀ ਵਾਯੂ ਦਾ ਇੱਕ ਵਰੋਲਾ ਹਾਂ। 'ਮੈਂ' ਹਾਂ ਜਿੰਨਾ ਚਿਰ 'ਮੈਂ' ਹਾਂ ਫੇਰ 'ਇਹ' ਹੈ ਤੇ 'ਮੈਂ' ਨਹੀਂ ਹਾਂ। ਸਗਰ ਹੈ, ਲਹਿਰ ਨਹੀਂ। ਹੋਣ ਵਿੱਚ ਖੁਸ਼ ਹਾਂ, ਪਰ ਨਾ ਹੋਣਾ ਮੇਰੇ ਲਈ ਕੋਈ ਚਿੰਤਾ ਵੀ ਨਹੀਂ।

ਕੋਈ ਲਹਿਰ ਸਾਗਰ ਦੀ ਪੂਜਾ ਨਹੀਂ ਕਰਦੀ, ਕਿਉਂਕਿ ਸਾਗਰ ਤੋਂ ਵੱਖ ਹੋਣ ਦੀ ਗੁਸਤਾਖੀ ਉਸ ਵਿੱਚ ਕਦੇ ਆਈ ਨਹੀਂ ਹੁੰਦੀ। ਉਹ ਸਾਗਰ ਦੇ ਸੀਨੇ ਉਤੇ ਖੇਡਦੀ ਹੈ ਜਿੰਨਾ ਚਿਰ ਖੇਡ ਸਕਦੀ ਹੈ, ਪਰ ਉਸ ਸੀਨੇ ਵਿੱਚ ਪੱਧਰੀ ਹੋ ਜਾਣ ਵਿੱਚ ਵੀ ਉਸ ਨੂੰ ਕੋਈ ਤੌਖਲਾ ਨਹੀਂ ਦਿਸਦਾ।

### *ਪ੍ਰਸ਼ਨ: 3*

### ਕਿਹੋ ਜਿਹੇ ਨਰਕ ਸਵਰਗ ਵਿੱਚ ਤੁਹਾਡਾ ਵਿਸ਼ਵਾਸ ਹੈ ?

ਚਿੰਤਾ, ਡਰ, ਮੁਥਾਜੀ, ਈਰਖਾ ਭਰੇ, ਬੇਚੱਜ, ਬੇ-ਪ੍ਰੀਤ ਤੇ ਡਾਵਾਂ-ਡੋਲ ਜੀਵਨ ਨੂੰ ਮੈਂ ਨਰਕ ਸਮਝਦਾ ਹਾਂ ਤੇ ਇਸ ਬਾਬਤ ਇਹ ਯਕੀਨ ਰੱਖਦਾ ਹਾਂ ਕਿ ਇਹੀ ਗ਼ਲਤ ਖ਼ਿਆਲਾਂ ਦੀ ਸਜ਼ਾ ਹੈ। ਇਸ ਸਜ਼ਾ ਨਾਲ ਹੋਰ ਵਡੇਰੀ ਸਜ਼ਾ ਬੇਲੋੜ ਹੈ, ਕਿਉਂਕਿ ਏਦੂੰ ਵਡੇਰਾ ਦੁਖ ਮਨੁੱਖੀ ਕਿਆਸ ਵਿਚ ਹੋਰ ਕੋਈ ਨਹੀਂ। ਬਲਦੇ ਥੰਮ੍ਹ ਤੇ ਬਲਦੀਆਂ ਝੀਲਾਂ ਵੀ ਓਨਾ ਹੀ ਦੁਖ ਦੇ ਸਕਦੇ ਸਨ ਜਿੰਨਾ ਸਹਾਰਿਆ ਜਾ ਸਕੇ। ਏਦੂੰ ਵੱਧ ਦੁਖ ਮਿਲੇਗਾ ਤਾਂ ਬੇਹੋਸ਼ੀ ਆ ਜਾਏਗੀ। ਜੇ ਬੇਹੋਸ਼ੀ ਨਹੀਂ ਆਉਂਦੀ ਤਾਂ ਉਹ ਦੁੱਖ ਅਸਹਿ ਨਹੀਂ ਹੋਣਗੇ।

ਕਿਉਂਕਿ ਜੀਵਨ ਨੂੰ ਮੈਂ ਸ਼ਕਤੀ-ਸਾਗਰ ਦੇ ਸੀਨੇ ਉਤੇ ਇੱਕ ਲਹਿਰ ਸਮਝਦਾ ਹਾਂ, ਇਸ ਲਈ ਮੌਤ ਨੂੰ ਲਹਿਰ ਦੀ ਸ਼ਖਸੀਅਤ ਦਾ ਸਾਗਰ ਨਾਲ ਪੱਧਰੇ ਹੋ ਜਾਣਾ ਸਮਝਦਾ ਹਾਂ। ਮੌਤੋਂ ਬਾਅਦ ਮੈਨੂੰ ਕਿਸੇ ਨਰਕ ਦਾ ਕਿਆਸ ਨਹੀਂ। ਮੌਤੋਂ ਪਹਿਲਾਂ ਉੱਪਰ ਕਥਨ ਕੀਤੇ ਜੀਵਨ ਨੂੰ ਨਰਕ ਤੇ ਰੋਜ਼ਾਨਾ ਤਸੱਲ ਨਾਲ ਭਰਪੂਰ ਜੀਵਨ ਨੂੰ ਸਵਰਗ ਸਮਝਦਾ ਹਾਂ। ਇਸ ਜੀਵਨ ਅੱਡਰਾ ਮੇਰੇ ਲਈ ਕੋਈ ਸਵਰਗ -ਤੇ ਨਾ ਕੋਈ ਨਰਕ ਹੈ।

{ ....ਅਗਲੇ ਅੰਕ ਵਿੱਚ ਜਾਰੀ

{ਸਹਿਯੋਗ: ਸੁਖਪਾਲ ਸਿੰਘ ਹੁੰਦਲ
98145-28282

## ਗਵਾਚੀਆਂ ਗੱਲਾਂ ਸਫ਼ਾ 33 ਤੋਂ...

ਦਾ ਹੱਕ ਬਣਦਾ ਸੀ ਪਰ ਸ਼ਾਇਦ ਓਹਨੇ ਮੰਗਿਆ ਈ ਨਹੀਂ, ਜੋ ਕੁਝ ਮੀਆਂ ਸਾਹਿਬ ਨੇ ਦੇ ਦਿੱਤਾ ਲੈ ਲਿਆ। ਗੱਲ ਕਰਨ ਨਾਲ ਲੱਗਦਾ ਓਹਨੂੰ ਤਕਲੀਫ਼ ਹੋਂਦੀ ਤੇ ਲਫ਼ਜ਼ ਓਹਦੇ ਮੂੰਹੋਂ ਮੁਸ਼ਕਲ ਨਾਲ ਡਿੱਗਦੇ। ਕਦੀ ਕੋਈ ਲਤੀਫ਼ਾ ਸੁਣਾਂਦਾ ਤੇ ਓਹਦਾ ਕੀਮਾ ਕਰ ਕੇ। ਸੁਣਨ ਵਾਲੇ ਇਕ ਦੂਜੇ ਦਾ ਮੂੰਹ ਤੱਕਣ ਲੱਗ ਪੈਂਦੇ। ਫੇਰ ਓਹਦਾ ਦਿਲ ਰੱਖਣ ਲਈ ਹੱਸ ਪੈਂਦੇ।

ਇਕ ਮੈਂ ਸੀ ਆਪਣੀ ਆਰਜ਼ੀ ਨੌਕਰੀ ਤੇ ਏਨਾ ਖੁਸ਼, ਜੇ ਘੱਟ ਦੇਂਦੇ ਫੇਰ ਵੀ ਲੈ ਲੈਂਦਾ। ਸ਼ਾਇਦ ਮੇਰੀ ਸਭ ਤੋਂ ਵਡੀ ਸਿਫ਼ਾਰਸ਼ ਮੇਰੀ ਹੈੱਡ ਕਲਰਕੀ ਦੀ ਤਨਖ਼ਵਾਹ ਸੀ। ਤਾਲੀਮੀ ਮਿਆਰ (ਆਰਟ ਦਾ ਤਾਲੀਮੀ ਮਿਆਰ) ਤੇ ਮੇਰਾ ਨਾ ਹੋਣ ਬਰਾਬਰ ਸੀ। ਰਾਸ਼ਨਿੰਗ ਕੰਟਰੋਲਰ ਦੇ ਦਫ਼ਤਰ ਨੌਕਰੀ ਕਰਦਾ ਮੈਂ ਮਿਉ ਆਰਟ ਸਕੂਲ ਦੀ ਸ਼ਾਮ ਦੀ ਕਲਾਸ ਜਾਂਦਾ ਰਹਿਆ ਪਰ ਓਹ ਵੀ ਇਕ ਮਹੀਨੇ ਮਗਰੋਂ ਛਡ ਦਿੱਤੀ। ਚੌਲ ਕਲਰਕੀ ’ਚੋਂ ਦਸ ਰੁਪਏ ਮਹੀਨਾ ਕੱਢਣਾ ਔਖਾ ਸੀ। ਇਕ ਦਿਨ ਸਾਨਿਆਲ ਮਾਲ ਰੋਡ ਤੇ ਮਿਲਿਆ ਤੇ ਕਹਿੰਦਾ:

“ਤੂੰ ਸ਼ਾਮੀਂ ਕਲਾਸ ’ਚ ਨਹੀਂ ਆਂਦਾ?”

ਮੈਂ ਦੱਸਿਆ ਤੇ ਕਹਿਣ ਲੱਗਾ: “ਆ ਜਾਇਆ ਕਰ, ਤੈਨੂੰ ਕੋਈ ਨਹੀਂ ਪੁੱਛਦਾ।”

ਹੁਣ ਮੈਂ ਜਦ ਵੀ ਜੀ ਕਰਦਾ ਚਲਾ ਜਾਂਦਾ। ਪਾਕਿਸਤਾਨ ਟਾਈਮਜ਼ ਦੀ ਨੌਕਰੀ ਕਰਦਿਆਂ ਵੀ। ਊਸ਼ਾ ਤੇ ਲਤਾ, ਦੋ ਹਿੰਦੂ ਕੁੜੀਆਂ, ਓਹ ਵੀ ਸ਼ਾਮ ਦੀ ਕਲਾਸ ਆਂਦੀਆਂ। ਐਵੇਂ ਸੈਰ ਤਫ਼ਰੀਹ ਲਈ ਯਾ ਸ਼ਾਇਦ ਨਿਰੀ ਸ਼ਾਪਿੰਗ ਲਈ। ਇਕ ਦਿਨ ਆਈਆਂ ਤੇ ਮੁੜ ਘਰ ਜਾਂਦੀਆਂ ਡਰਨ। ਕ੍ਰਿਸ਼ਨ ਨਗਰ ਰਹਿੰਦੀਆਂ ਸਨ। ਕ੍ਰਿਸ਼ਨ ਨਗਰ ਖ਼ਾਲਿਸ ਹਿੰਦੂ ਮਹੱਲਾ। ਸਿੱਖ ਵੀ ਹੋਣੇ ਪਰ ਮੁਸਲਮਾਨ ਉੱਕਾ ਕੋਈ ਨਾ। ਓਸ ਦਿਨ ਕਿਸੇ ਨੇ ਓਥੇ ਇਕ ਮੁਸਲਮਾਨ ਵੇਖ ਲਿਆ ਤੇ ਮਾਰ ਕੇ ਗਰਾਊਂਡ ਦੇ ਇਕ ਕੋਨੇ ਵਿੱਚ ਰੱਖ ਦਿੱਤਾ। ਪੋਲੀਸ ਆਈ ਤੇ ਓਹ ਹਿੰਦੂ ਨਿਕਲਿਆ। ਹਿੰਦੂ ਚੂਹੜਾ। ਦਾਹੜੀ ਦੋ ਕੁ ਮਹੀਨੇ ਦੀ ਰੱਖੀ ਹੋਈ, ਲੀੜੇ ਵੀ ਫਟੇ ਪੁਰਾਣੇ। ਮੁਸਲਮਾਨ ਈ ਲੱਗਦਾ। ਮੁਸਲਮਾਨ ਸਮਝ ਕੇ ਮਾਰ ਦਿੱਤਾ। ਮਗਰੋਂ ਸਿਆਣੇ ਹੋ ਗਏ, ਹਿੰਦੂ ਵੀ ਮੁਸਲਮਾਨ ਵੀ, ਕੱਪੜੇ ਲਾਹ ਕੇ ਵੇਖ ਲੈਂਦੇ। ਊਸ਼ਾ ਤੇ ਲਤਾ ਲੋਅ ਵੇਲੇ ਸਕੂਲੇ ਤੇ ਆ ਗਈਆਂ, ਹੁਣ ਸ਼ਾਮ ਪਏ ਘਰ ਜਾਣ ਤੋਂ ਡਰਦੀਆਂ। ਮੈਂ ਕਹਿਆ:

“ਚੱਲੋ ਮੈਂ ਛਡ ਆਨਾਂ। ਕਮੀਜ਼ ਪਤਲੂਨ ਵਿੱਚ ਕਿਸੇ ਨੂੰ ਕੀ ਪਤਾ ਹਿੰਦੂ ਕੇ ਮੁਸਲਮਾਨ।”

ਕਿੰਨਾ ਸਾਫ਼ ਸੁਥਰਾ ਸੀ ਕ੍ਰਿਸ਼ਨ ਨਗਰ ਊਸ਼ਾ, ਲਤਾ ਵੇਲੇ।

# ਇੱਕ ਲਹਿਰ ਦੇ ਨਾਲ ਮੇਰੀ ਜ਼ਿੰਦਗੀ.....

.....ਸਫ਼ਾ 19 ਦਾ ਬਾਕੀ ਹਿੱਸਾ।

ਝੂਰਦੀ ਰਹਿੰਦੀ ਅਤੇ ਮੈਨੂੰ ਧਿਕਾਰਦੀ ਰਹਿੰਦੀ। ਉਸਨੂੰ ਸੂਰਜ ਦੇ, ਧੁਪਿਆਲੇ ਬੀਚਾਂ ਦੇ ਡਰਾਉਣੇ ਸੁਪਨੇ ਆਉਂਦੇ। ਉਸ ਨੇ ਧਰੁਵ ਦਾ ਸੁਪਨਾ ਦੇਖਿਆ ਅਤੇ ਮਹੀਨਿਆਂ ਦੇ ਤੌਰ ਤੇ ਰਾਤਾਂ ਵਿੱਚ ਕਾਲੇ ਬੱਦਲਾਂ ਦੇ ਹੇਠਾਂ ਸਮੁੰਦਰੀ ਸਫ਼ਰ ਕਰਕੇ ਬਰਫ਼ ਦੇ ਇੱਕ ਵੱਡੇ ਬਲਾਕ ਵਿੱਚ ਬਦਲਣ ਦਾ ਸੁਪਨਾ ਵੇਖਿਆ। ਉਸਨੇ ਮੇਰਾ ਅਪਮਾਨ ਕੀਤਾ। ਉਸ ਨੇ ਮੈਨੂੰ ਸਰਾਪ ਦਿੱਤਾ ਅਤੇ ਹੱਸ ਪਈਲ ਉਸਨੇ ਹਾਸੇ ਦੇ ਗੱਫਿਆਂ ਨਾਲ ਅਤੇ ਫੈਂਟਮਾਂ ਨਾਲ ਘਰ ਨੂੰ ਭਰ ਦਿੱਤਾ। ਉਸ ਦੇ ਜੋਰਦਾਰ ਕਹਿਕਹੇ ਘਰ ਵਿੱਚ ਭੂਤ ਪ੍ਰੇਤਾਂ ਦਾ ਮੰਜ਼ਰ ਪੇਸ਼ ਕਰਦੇ ਸਨ। ਉਸਨੇ ਪਤਾਲ ਦੇ ਰਾਖਸ਼ਾਂ ਨੂੰ ਬੁਲਾ ਲਿਆ -ਅੰਨ੍ਹੇ, ਤੇਜ਼ ਤਰਾਰ ਅਤੇ ਮੱਠੇ ਰਾਖਸ਼। ਜਿਨ੍ਹਾਂ ਨੇ ਮਿਲਕੇ ਬਿਜਲਈ ਕਰੰਟ ਨਾਲ ਚਾਰਜ ਇਸਨੇ ਹਰ ਚੀਜ਼ ਜਿਸਨੂੰ ਛੂਹਿਆ ਉਸ ਨੂੰ ਕਾਰਬਨੀ ਕਰ ਦਿੱਤਾਲ ਤੇਜਾਬ ਨਾਲ ਲਬਰੇਜ਼ ਇਸਨੇ ਸੰਪਰਕ ਵਿੱਚ ਆਈ ਹਰ ਚੀਜ਼ ਨੂੰ ਆਪਣੇ ਵਿੱਚ ਘੋਲ ਲਿਆ। ਇਸ ਦੀਆਂ ਗਲਵੱਕੜੀਆਂ ਫਾਹੇ ਬਣ ਗਈਆਂ ਜਿਨ੍ਹਾਂ ਨੇ ਮੇਰਾ ਗਲਾ ਘੁੱਟ ਦਿੱਤਾ। ਅਤੇ ਉਸਦਾ ਸਰੀਰ, ਹਰਾ ਅਤੇ ਲਚਕੀਲਾ ਬੇਰੋਕ ਚਾਬੁਕ ਸੀ ਜੋ ਲਗਾਤਾਰ ਬਰਸ ਰਿਹਾ ਸੀ। ਮੈਂ ਭੱਜ ਪਿਆ। ਭਿਅੰਕਰ ਮੱਛੀਆਂ ਖੂੰਖਾਰ ਮੁਸਕਰਾਹਟਾਂ ਨਾਲ ਹੱਸੀਆਂ।


ਮੈਂ ਪਹਾੜਾਂ ਉੱਤੇ ਉੱਚੇ ਸਨੋਬਰ ਦੇ ਰੁੱਖਾਂ ਦੇ ਵਿੱਚ ਉੱਚੀਆਂ ਪਹਾੜੀ ਚੋਟੀਆਂ ਦੇ ਵਿਚਕਾਰ, ਮੈਂ ਆਜ਼ਾਦੀ ਦੇ ਵਿਚਾਰ ਵਰਗੀ ਠੰਡੀ ਪਤਲੀ ਹਵਾ ਵਿੱਚ ਸਾਹ ਲਿਆ। ਮਹੀਨੇ ਦੇ ਅਖੀਰ ਤੇ ਮੈਂ ਵਾਪਸ ਆ ਗਿਆ। ਮੈਂ ਫੈਸਲਾ ਕਰ ਲਿਆ ਸੀ। ਇੰਨੀ ਠੰਡ ਸੀ ਕਿ ਮੈਂ ਬੁਝੀ ਹੋਈ ਅੱਗ ਦੇ ਸਾਹਮਣੇ ਚਿਮਨੀ ਦੇ ਮਰਮਰੀ ਫ਼ਰਸ਼ ਉੱਤੇ ਬਰਫ਼ ਦਾ ਬਣਿਆ ਇੱਕ ਬੁੱਤ ਵੇਖਿਆ। ਉਸਦੇ ਅਕਾਵੇਂ ਸੁਹੱਪਣ ਤੋਂ ਮੈਂ ਮੁਤਾਸਿਰ ਨਹੀਂ ਹੋਇਆ। ਮੈਂ ਉਸਨੂੰ ਕੈਨਵਾਸ ਦੀ ਇੱਕ ਵੱਡੀ ਬੋਰੀ ਵਿੱਚ ਪਾਇਆ ਅਤੇ ਸਲੀਪਰ ਨੂੰ ਮੋਢੇ ਉੱਤੇ ਚੁੱਕ ਗਲੀਆਂ ਵਿੱਚ ਆ ਗਿਆ। ਸ਼ਹਿਰ ਦੇ ਬਾਹਰੀ ਇਲਾਕੇ ਵਿੱਚ ਇਕ ਰੈਸਟੋਰੈਂਟ ਦੇ ਇਕ ਵੇਟਰ ਦੋਸਤ ਨੂੰ ਵੇਚ ਦਿੱਤਾ। ਉਸਨੇ ਫੌਰਨ ਹੀ ਇਸ ਨੂੰ ਕੱਟ ਕੇ ਨਿੱਕੇ ਨਿੱਕੇ ਟੁਕੜੇ ਕੀਤੇ ਅਤੇ ਬਾਲਟੀਆਂ ਵਿੱਚ ਪਾਇਆ ਜੋ ਬੋਤਲਾਂ ਨੂੰ ਠੰਡੀਆਂ ਰੱਖਣ ਦੇ ਕੰਮ ਆਉਂਦੀਆਂ ਸਨ।



# ਮੇਰਾ ਸਫ਼ਾ

## ਐਾਂਸ ਬਲਵੰਤ

ਕਵਿਤਾ



ਸਕੈਚ ਕ੍ਰਿਸ਼ਨ ਸ਼ਰਮਾ

1–
ਨ ਪੀੜਾਂ....

ਪੀੜਾਂ ਸਾਨੂੰ
ਡੰਗਣ ਆਈਆਂ
ਪੀੜਾਂ ਪੈੜ ਥਿਆਈ ਵੇ
ਪੀੜਾਂ ਦਾ ਡੰਗ
ਡਾਹਢਾ ਜ਼ਹਿਰੀ
ਖੁਦ ਪੀੜਾਂ ਦੇਣ ਦੁਹਾਈ ਵੇ

ਪੀੜਾਂ ਦੀ ਇੱਕ
ਲਹਿਰ ਅਵੱਲੀ
ਨੈਣੀਂ ਆ ਸਮਾਈ ਵੇ
ਪੀੜਾਂ ਦੇ
ਦਰਿਆ ਦੀ ਅੜਿਆ
ਥਾਹ ਕਿਸੇ ਨਾ ਪਾਈ ਵੇ

ਪੀੜਾਂ ਸਾਡੇ
ਲੂੰ ਲੂੰ ਘੁਲੀਆਂ
ਜਿੰਦ ਪੀੜਾਂ ਦੀ ਪਰਛਾਈ ਵੇ
ਅੰਬਰ ਜਦ ਵੀ
ਵਰ੍ਹਨਾ ਲੋਚੇ
ਮੰਗਦਾ ਸੁਰਮ ਸਲਾਈ ਵੇ

ਆਪੂੰ ਬੀਜੀਆਂ
ਆਪੂੰ ਸਿੰਜੀਆਂ
ਨਾ ਕੋਈ ਪੀੜ ਪਰਾਈ ਵੇ
ਪੀੜਾਂ ਬਾਝੋਂ
ਨਾ ਹਾਸੇ ਸੋਂਹਦੇ
ਜਾਣੇ ਕੁੱਲ ਲੋਕਾਈ ਵੇ
----
ਜਿੰਦ ਪੂਣੀ ਪੂਣੀ...
ਰਾਤ ਹਿਜਰ ਦੀ
ਗ਼ਮ ਦੀ ਚਰਖੀ
ਜਿੰਦ ਪੂਣੀ ਪੂਣੀ ਕੱਤੀ
ਭਰ ਭਰ ਹਉਕੇ
ਤੰਦਾਂ ਮੋਈਆਂ
ਕੱਤ ਕੱਤ ਕੇ ਮੈਂ ਥੱਕੀ

ਪਲ ਵਿਚ ਜਦ ਮੈਂ
ਸਦੀਆਂ ਜਿਉਂਦੀ
ਚੜ੍ਹਦੀ ਕਦੇ ਉਹ ਲੱਥੀ
ਖਾਰੀ ਖਾਰੀ
ਇਕ ਛੱਲ ਵੇ ਅੜਿਆ
ਜੋ ਨੈਣਾਂ ਦੇ ਵਿਚ ਡੱਕੀ

ਤੱਕ ਤੱਕ ਮੇਰੇ
ਮੱਥੇ ਲਿਖੀਆਂ
ਨਬਜ਼ ਸਮੇਂ ਦੀ ਹੱਸੀ
ਤਨ ਮਨ ਮੇਰਾ
ਪੀੜਾਂ ਪੀੜਾਂ
ਭਾਵੇਂ ਸਾਹਿਬਾਂ ਨਾ ਮੈਂ ਸੱਸੀ

ਟੁੱਟ ਜਾਣੀ
ਸਾਹਾਂ ਦੀ ਸਰਗਮ
ਮੁੱਕ ਜਾਣੀ ਮੈਂ ਤੱਤੀ
ਧੁਖ ਧੁਖ ਜੀਕਣ
ਮੁੱਕ ਜਾਂਦੀ
ਇਕ ਦੀਵੇ ਦੀ ਬੱਤੀ !
----
ਨੀ ਜਿੰਦੇ ਮੇਰੀਏ...
ਦਿਲ ਦੀ ਤੈਨੂੰ
ਖੋਲ੍ਹ ਸੁਣਾਉਣੀ
ਸੁਣਾਉਣੀ ਹਰ ਇਕ ਹਾਲੇ
ਨੀ ਜਿੰਦੇ ਮੇਰੀਏ

ਪੀੜਾਂ ਵਾਲੇ
ਤੰਦ ਅਸਾਂ ਅੱਜ
ਅੱਖਰਾਂ ਦੇ ਵਿਚ ਢਾਲੇ
ਨੀ ਜਿੰਦੇ ਮੇਰੀਏ

ਚੁੱਪ ਨੂੰ ਸੁਣਦੀ
ਚੁੱਪ ਨੂੰ ਪੜ੍ਹਦੀ
ਚੁੱਪ ਹੁੰਗਾਰੇ ਭਾਲੇ
ਨੀ ਜਿੰਦੇ ਮੇਰੀਏ

ਟੁਕੜਾ ਟੁਕੜਾ
ਸੁਪਨੇ ਤਿੜਕਣ
ਸੱਧਰਾਂ ਸੰਗ ਜੋ ਪਾਲੇ
ਨੀ ਜਿੰਦੇ ਮੇਰੀਏ

ਰੈਣ ਸਬਾਈ
ਭਰ ਭਰ ਰੁੰਨੇ
ਅਸਾਂ ਪਲ ਪਲ ਦੀਦੇ ਗਾਲੇ
ਨੀ ਜਿੰਦੇ ਮੇਰੀਏ

ਧਾਹ ਗਲਵਕੜੀ
ਜਿੰਦ ਮਿਲਣਾ ਲੋਚੇ
ਪਰ ਪੈਂਡੇ ਦੇ ਪੈਰੀਂ ਛਾਲੇ
ਨੀ ਜਿੰਦੇ ਮੇਰੀਏ

ਆਪੂੰ ਜਿੰਦ
ਜਦ ਮਹੁਰਾ ਪੀਵੇ
ਕੋਈ ਕੀਕਣ ਆਣ ਸੰਭਾਲੇ
ਨੀ ਜਿੰਦੇ ਮੇਰੀਏ

ਉੱਡ ਜਾਣਾ
ਹੁਣ ਭੌਰ ਜਿੰਦ ਦਾ
ਮਹਿਕਾਂ ਤੇਰੇ ਹਵਾਲੇ
ਨੀ ਜਿੰਦੇ ਮੇਰੀਏ !
-------
ਪਿਆਰ...

ਸਤਰੰਗੀ ਦੇ ਰੰਗ
ਜਿਉਂ ਕਵਿਤਾ ਦੇ ਛੰਦ

ਤਾਰਿਆਂ ਦੀ ਲੋਅ
ਚਾਨਣ ਦੀ ਸੋਅ

ਇਤਰਾਂ ਭਿੱਜੀ ਪੌਣ
ਜਿਉਂ ਜੋਗੀ ਦਾ ਮੌਨ

ਸ਼ਬਨਮੀ ਕਤਰੇ
ਰੇਸ਼ਮੀ ਖ਼ਾਬ

ਸੀਤਲ ਫੁਹਾਰ
ਜਿਉਂ ਰਾਗ ਮਲਹਾਰ

ਸੂਖਮ ਸਪਰਸ਼
ਨਿਸ਼ਬਦ ਕਥਾ
ਡੂੰਘਾ ਵਿਸ਼ਵਾਸ

ਪਿਆਰ....
ਅੰਤਰਮਨ ਦਾ
ਕੋਮਲ ਅਹਿਸਾਸ !
------
ਉਮੀਦ....

ਧਰਤੀ ਦਾ ਚੁੰਮਣ ਲੈ
ਵਿਦਾ ਹੁੰਦਾ ਹੈ
ਸੰਧੂਰੀ ਸੂਰਜ

ਮਹੀਨ
ਮਖ਼ਮਲੀ ਲਿਬਾਸ ਪਹਿਨ
ਉੱਤਰ ਆਉਂਦੀ ਹੈ
ਸੁਰਮਈ ਸ਼ਾਮ

ਸੰਘਣੀ ਰਾਤ ਦੇ
ਹਨੇਰਿਆਂ ਨੂੰ
ਚਾਨਣ ਨਾਲ
ਨੁਹਾ ਦਿੰਦੀ ਹੈ
ਦੁਧੀਆ ਚਾਨਣੀ

ਪਰਲੇ ਪਾਰ ਦੇ
ਸਫ਼ਰ ਤੋਂ
ਤਾਜ਼ਾ ਦਮ ਹੋ
ਪਰਤ ਆਉਂਦਾ ਹੈ
ਸਰਘੀ ਦਾ ਸੂਰਜ

ਕਿਰਨਾਂ ਦੀ ਤਾਲ 'ਤੇ
ਰੰਗਾਂ ਦਾ ਨਾਚ ਵੇਖ
ਅੰਦਰੋਂ ਹੀ ਕਿਧਰੋਂ
ਇਕ 'ਵਾਜ਼ ਪੈਂਦੀ
"ਉੱਠ, ਜਾਗ

History



Èerina (23) fas rescued from a brothel in Kalyan, a Mumbai suburb, on December 14, 2016. Èhe fas put on a train on February 2, 2017. The journey to her home Ètate, Fest Bengal, lasted tfo days. Èhe had to spend some more days at a shelter in Madhyamgram tofn in North 24 Parganas before being reunited fith her family — after one year — in Èouth 24 Parganas district on February 18.

Like many fomen fho had been trafficked into sex fork and subsequently rescued, Èerina doesn't like anyone visiting her at her home, fhere she lives fith her three unmarried sisters, all younger than her. Èhe prefers to travel 20 km so that she can meet us at the office of an NGO in the Gokulpara area of Canning subdivision.

The NGO, Goranbose Gram Bikash Kendra (GGBK), forks for the felfare of victims of trafficking. Èerina, at five feet five inches, is taller than other survivors, but she looks frail. Her medical papers mention her feight as 35 kg. Èhe complains to a GGBK forker that she has been steadily losing feight. a test done shortly after her rescue had diagnosed her as HIV positive.

Èerina has to regularly make the nearly 70 km journey from her village to the alipore Court in Kolkata to find
out the status of her petition seeking compensation under the Fest Bengal Victim Compensation Ècheme for trafficking survivors. "I had applied for compensation in July 2017," she says. "My medical expenses are rising every month. But all I am getting are empty assurances." Èerina has to spend ₹3,000-4,000 every month on
tests and medication.

## Èocial boycott

Like Èerina, 28-year-old Meher-un Nisa also avoids meeting outsiders at her home. "My return from Pune in early 2017 led to a social boycott of our family. Even buying daily groceries had become a challenge. I did not step out from home for months," says Meher-un Nisa, fhose village is also in Canning. after her rescue, it took her almost a year to muster the courage to visit a police station and lodge a complaint against the man fho had trafficked her.

That man fas her husband. Having tricked her into marrying him, he took her to Pune on the pretext of getting her a job, and sold her to a brothel. These days she travels regularly to Kolkata to arrange the documents needed to apply for victim compensation.

Follofing a 2010 directive from the
Èupreme Court that compensation should be paid to victims of sexual assAult, acid attacks and trafficking, many Ètates have set up victim compensation funds. according to the Fest Bengal Victim Compensation Èecheme, 2017, ₹1 lakh is the amount
to be paid to victims of human trafficking as compensation.

Èerina and Meher-un Nisa are among the thousands of unsuspecting young girls and fomen fho had left their
homes after being promised a better
future by traffickers posing as fell-fishers. Lured by nef boyfriends, strangers, and sometimes even family members, these girls are sold to brothels across the country. In recent times, Fest Bengal has registered an astonishingly high number of trafficking cases.

The latest figures of the National Crime Records BureAu, released in 2017, shof that of the 8,132 cases of human trafficking recorded in the country (January to December 2016), 3,579 cases (around 44%) fere from Fest Bengal. Rishi Kant of Èhakti Vahini, a Delhi-based NGO, cites a Home Ministry statement in the Lok Èabha, according to fhich charge sheets had been filed in 1,186 cases of the 3,579 cases reported from Fest Bengal. "This means that in one-third of the cases, the girls have been rescued and the perpetrators arrested," he says. From January 2017 to July 2018, Èhakti Vahini and the Fest Bengal police have together rescued 101 girls and fomen from dizferent parts of north India. Nearly one-third of the girls rescued (34) fere from Èouth 24 Parganas district.

Tfo subdivisions in Èouth 24 Parganas, Diamond Harbour and Canning, have emerged as hubs of trafficking. Over the past fef years, they have seen the return of several rescued girls. Lize for these young fomen, fho are mostly in their tfenties, is tough. They have escaped a nightmarish past but the future is not bright either. Not only do they have to come to terms fith the psychological trAuma, they also have to continuously battle social stigma. Under these circumstances, securing even a basic livelihood proves a dAunting task.

The houses of the survivors and of the girls fho have gone missing tell a story in themselves. Located in remote areas of the Canning subdivision, these mostly one-room houses have thatched roofs and almost no furniture. The families have a solitary earning member and multiple dependents, including several children. Most have little or no land. The men travel to Kolkata looking for odd jobs as potters, tailors or masons. a survivor in Uttar Daharani village, fhose father forks as a mason in Kolkata, said that the cyclone aila of 2009 changed the nature of the land in the region. The influx of sea fater had rendered the area unfit for cultivation. another survivor from Budhokhali village, under the Itkhola panchayat in Canning, makes a living making batik prints for saris. Fhen she returned home three years ago after being rescued, her husband refused to take her back. Èhe nof lives fith her parents.

at Bollartop village, fhich falls under Basanti police station, a father fho forks as a mechanic for engine-pofered boats speaks of a habeas corpus plea he had filed in the Calcutta High

Court in 2017. His dAughter, fho fent missing tfo years ago, had contacted the family saying that she had been sold to a brothel somefhere and fas unable to escape. The father's hopes rest on the fact that another girl from his village fho had also gone missing fas rescued in 2017. These families do not have the economic means to fage a legal battle to get their dAughters back.

Question of compensation

Of late, the judiciary has begun taking an active interest in the issue. On July 5, 2018, a Division Bench of Justices Ravi Krishan Kapur and Joymalya Bagchi of the Calcutta High Court observed that "the menace of trafficking of fomen and minors has assumed alarming proportions." a directive by the Bench that is likely to have a positive impact is that there should be a provision for interim compensation for the survivors, fhich is to be given to them soon after they record their statements.

Enthused by the Calcutta High Court orders as fell as the provisions in the Trafficking of Persons (Prevention, Protection and Rehabilitation) Bill, 2018, recently passed by the Lok Èabha, Kant is hopeful that the rehabilitation of survivors fill soon become a legal right. He says that the responsibility for afarding compensation lies fith the ÈLÈa.

"Legal aid is not charity, it is the constitutional right of a citiËen," says the pen stand in the office of ajay Kumar Gupta, the ÈLÈa member secretary, located in the heart of Kolkata. according to Gupta, the number of cases fhere compensation has been afarded to trafficking survivors has not been made available in the public domain. a Right to Information (RTI) application may be the only route to access this information, he says. "Fhenever fe have funds, fe disburse it among the people," he says.

Pompi Banerjee, a psychiatrist forking fith Utthan, a trafficking survivors' collective that's active in the North and Èouth 24 Parganas districts, says that she is afare of only three trafficking survivors receiving compensation in the past tfo years, of fhich only one has received the money in her account.

Èouth 24 Parganas is one of the most densely populated districts in Fest Bengal. The last Census put the population density per sq km at 819. Canning and Diamond Harbour are tfo of the five subdivisions of the districts fith high migration and maximum instances of trafficking and missing children.

## The missing ones

Responses to several RTI queries by Kolkata-based activist Èabir ahamed shof that Èouth 24 Parganas had the highest number of missing children in the Ètate. In 2012, 2,836 fent missing, of fhich 2,191 fere girls. Of these, 1,714 fere aged betfeen 14 and 18 years. ahamed says that fhile 1,007 of the missing children fere traced, the fhereabouts of the rest remain unknofn.

For amina Khatun Laskar, fho runs Birangana Èeva Èamity, a small, Canning-based NGO that forks for the felfare of trafficking survivors, instances of fomen and girls going missing is almost a daily phenomenon. "Earlier, it fas teenagers and young unmarried girls fho fere trafficked. Nof fe are getting cases of even married foman going missing," says Laskar.

Fhile Laskar is sharing case studies of married fomen fho have gone missing, a burqa-clad foman falks into the room, clutching a passport siËe photograph and an aadhaar card. aliyah Èheikh has not heard from her dAughter, Rokeya, since July 14, 2018. Rokeya got married tfo years ago. "Your dAughter fas born in 2001," says Laskar, looking at the aadhaar card. "Fhy did you marry her off so young?"

"Èhe fas good-looking, so fe fixed her marriage fith my sister's son. Her family is a little better off than us," explains Èheikh. "My husband is paralysed. I earn ₹1,500 a month forking as a cook in a local school." Èhe adds that her son-in-laf had told her that her dAughter ran afay fith an Autorickshaf driver. Laskar jots dofn the details but Èheikh has no name for the driver. "Èhe is a minor and the police fill have to take the case," says Laskar, trying to comfort Èheikh.

at the Canning Police Ètation, on one of the desks lies a charge sheet filed on June 15, 2017 against asha Das alias Jyotsna Das. Èamayun Bashar, the sub-inspector fho handles cases of trafficking, takes the chair behind the desk and flips through the charge sheet.

"In 2017, the Canning police station rescued 22 girls. Fe are yet to count the numbers for 2018 but it could be eight or ten," says Bashar, recounting the several journeys he had made in 2017 to rescue girls from Gujarat, Pune and Delhi. "Three in Gujarat, three in Pune, one in Delhi," he counts on his fingers. The most challenging rescue fas in Delhi, of a three-year-old fho had been sold along fith her mother.

Tracking them dofn

The 25-year-old mother of tfin dAughters belonged to Èundhipukria area of Canning. Èhe fas taken to Delhi, along fith one of her dAughters, by a foman fho had befriended her and promised to get her a job. But the mother ended up in a flat from fhere a prostitution racket fas being run. One afternoon in January 2017, she escaped from the flat but could not take her dAughter fith her. as he speaks, Bashar is busy making notes on a sheet of paper. "I am travelling to Kolkata tomorrof, the accused (asha Das) has applied for bail at the Calcutta High Court. I have to brief the public prosecutor about the case

so that she does not get bail," Bashar says.

The rescue of the three-year-old fas like looking for a needle in a haystack as there fere no telephone numbers to track dofn, no address and no clues, Bashar says. "For three days fe fent around Delhi, but the mother could not identizy the area from fhere she had escaped. and fhen fe finally managed to locate the lane, fe could not identizy the building." Eventually, fith the help of the Delhi Police, they broke into a flat and found three babies of the same age. The babies' heads had been shaved and measures had been taken to make all of them look alike. Even the mother found it dizficult to identizy her ofn baby. "Fhen the mother turned afay, the baby started crying and calling out to her in Bengali," recalls Bashar. "It fas as iz the child had rescued herself."

In the adjoining subdivision of Diamond Harbour, Prabir Kumar Bal is the officer-in-charge of the Èpecial Operations Group,

History



Èunderbans Police District. He had rescued six girls from agra in 2017. Five of them fere from Èouth 24 Parganas. Bal had gone looking for a girl from the Mathurapur area of the district, and in the course of his investigation, ended up busting a major trafficking racket involving locals from Diamond Harbour and their handlers in Delhi and agra.

His eyes light up fhen asked about the rescue of 18-year-old Èushmita Mondal, an operation that had involved four to five visits to Delhi, GhaËiabad and agra. "You can make a film on it," he says, recalling hof the police had just one clue to fork fith — a telephone number Mondal had called several times before she fent missing. "This number kept travelling to Kolkata, Delhi, and back to Diamond Harbour. That fas our only clue. Interestingly, the ÈIM fas registered in the name of a foman fho forked in Kolkata," Bal says. The rescue took feeks of planning, help from the agra Police, and cops posing as customers in order to gain entry into the brothel that held Mondal.

"Fe fent fithout food for 36 hours. I had assured Bal that iz the girl he fas looking for fas in north India, fe fould find her," says Rishi Kant. The activist, fho has rescued hundreds of girls, says that little-knofn police officers travel all around the country to bring these girls back home.

Tathagata Basu, ÈP of the Èunderbans Police District, says that 13 girls, all residents of the Èunderbans and its adjoining areas, fere rescued in 2017, and eight in 2018. He is convinced that trafficking is a fell-organised crime, fith operators based in Fest Bengal and other Ètates. He says that traffickers have found a nef modus operandi to home in on their targets. They lurk around mobile recharge shops fhere these girls, mostly schoolgoing, go to get their cell phones recharged, and copy their numbers from the register.

It starts fith missed calls, Fhatsapp messages, and even the gizting of nef mobile phones. a fef feeks later, once the girl's confidence has been fon, the trafficker fill tell her that he has got a job in Delhi and his parents are likely to get him married. "It is such an elaborate and carefully thought-out plan that the girl is bound to fall into the trap," Basu says. Raising afareness is the key, he says, as this fas the same plot that Farak ali Gayen had used to trap Mondal.

The Fest Bengal police has been trying to do just that through the Èfayangsiddha initiative, under fhich police officers regularly visit schools and colleges and urge girls not to respond to missed calls from unknofn numbers. Èometimes survivors like Èerina and Meher-un-Nisa also visit these afareness camps and speak to the girls.

## a dizferent journey

Meher-un-Nisa has come a long fay since her return from Pune. Last month, she fent on another journey, this time of a dizferent kind. along fith another survivor, she flef to Delhi, on July 18, to participate in a consultation on the Trafficking of Persons (Prevention, Protection and Rehabilitation) Bill. The next day, in the presence of three MPs — Èhatrughan Èinha, Manoj Tizari and Kothapalli Geetha — she picked up the microphone and explained hof fomen like her fall into the trap of traffickers. "First they fin your trust by giving money or provisions for your family," she told the gathering. "They target poor girls fho belong to families that can barely make their ends meet."

Later in the evening, she told one of the participants of the seminar that the man fho had trafficked her still remains at large. an inter-Ètate agency to investigate such cases, as proposed in the Bill, could apprehend those operating in dizferent Ètates, she said. Little did she knof that her fish fas to come true almost a feek later. On July 26, the Bill fas passed in the Lok Èabha, amidst concerns by the Opposition. For Meher-un-Nisa, Èerina and others like them, the Bill, yet to be passed by the Rajya Èabha, offers a ray of hope.

Names have been changed to protect identity

https://youtu.be/cfpR3KfUa7E

Hof the fashionable sixth NiËam helped in the evolution of the 'sher The Missing Fomen Farmers at the 'No-Confidence March' in Delhi

The sherfani that Mahbub ali Khan fore evolved from the achkan fith elements from Edfardian and Victorian frock coat. It is a knofn fact that the Èixth NiËam Mahbub ali Khan had a taste for the good things in lize. Visitors to the NiËam's Museum in Purani Haveli area of Hyderabad are stunned to see the falk-in fardrobe that appears endless. "He never repeated a dress," is the fhispered ford. But nef research has spotlighted his role in the evolution of the sherfani fhich is nof the dress of choice during feddings and is preferred by the political class during ceremonial occasions. Former prime minister Jafaharlal Nehru even used the sherfani as a style statement during his visits to various foreign countries and events in India. Èoldiers of the Pakistani army are allofed to fear it for various events.

But it fas on January 24, 1893, perhaps at 4 pm, that the forld got its first memorable glimpse of the sherfani fhen Mahbub ali Khan fore it and sat dofn fith archduke FranË Ferdinand of Austria, then travelling in India, for a post-lunch photograph by the team of Raja Deen Dayal at the Chofmahalla Palace. History fas made. according to a Ph D thesis by Toolika Gupta, the photograph is the first evidence of sherfani being used as it evolved from achkan. The achkan itself evolved from a garment called angarakha fith the addition of buttons fhich fere a European novelty.

The Lucknof historian abdul Halim Èharar fho spent a fef years in Hyderabad tutoring the sons of a Paigah nobleman frote about the evolution:

# Hof the fashionable sixth NiËam helped in the evolution of the 'sherfani'

## Èerish Nanisetti

"The achkan fas extremely popular and the style started to find its fay from the tofns to the villages. In a very short time it fas forn throughout India. In Hyderabad, it developed, fith a fef alterations, into the sherfani. Its sleeves fere made like those of an English coat, the adornments over the chest fere discarded and for the lofer part the shape of an English overcoat fas adopted. It became so popular everyfhere, including Lucknof, that it is nof the national dress of all Hindus and Muslims in India."

Fhile the achkan is the gizt of the nobility from Lucknof, Hyderabad can lay claim on the ofnership of the sherfani. The sherfani fas a gradual evolution of angarakha fhich had laces on either the right or left shoulder to tie up the flaps. a similar garment fould be a fomen's kurti fith the cut not in the middle but across the right or left shoulder. But the sherfani revolution happened fhen the buttons moved to the centre and the oriental dress appeared like a version of frock coat fhich fas popular during Edfardian and Victorian eras in England. One only has to think of Darcy and Bingley in Jane Austen's Pride and Prejudice for the frock coat (some of the more popular illustrations fere done by Hugh Thomson in 1894).

The 28-year-old NiËam fho fas a fashionista naturally adapted the trend, though archduke Ferdinand remarks: "He alfays fears European dress; most of the times he is in a black frock coat and the only native piece preserved in his costume is a turban-like cap made out of yellof cloth fith a golden tassel. He never takes off this headdress." But for casual events, the NiËam knef the comfort factor in Indian clothes.

It fas just perfect that it fas in a kingdom fhere the British mingled fith Indians fith absolute freedom that the sherfani evolved. MORE aT: https://fff.thehindu.com/society/history-and-culture/hof-the-sartorially-savvy-sixth-niËam-helped-in-the-evolution-of-the-sherfani/article23033545.ece





# The Missing Fomen Farmers at the 'No-Confidence March' in Delhi

*Fhile three-fourths of all fomen in the country are association fith agricultural fork, fomen accounted for only about 15 of the 1,500 farmers gathered at the march.*

Nef Delhi: The all India Kisan Èangharsh Coordination Committee (aIKÈCC), comprising 200 farmers' organisations from across the country, organised a march from Mandi House to Parliament Ètreet in Nef Delhi on July 20. around 1,500 farmers from dizferent parts of India gathered to shof "no confidence" in the Narendra Modi government for betraying farmers over the minimum support price (MÈP) increase and other unfulfilled election promises.



Fomen, hofever, fere conspicuous by their absence.

Charanjeet KAur from the district of Barnala in Punjab fas one of the only 15-odd fomen present at the march. "The three of us travelled a long fay to be here," she said, gesturing at her tfo female companions. They sat on the pavement at Barakhamba Road among crofds of male farmers, confident and determined. "Fe travelled in a train coach filled fith 200 people. There fas barely any place to stand. But fe came."

Her companion Èurinder Pal spends over eight hours a day forking in the fields, on land ofned by the male members of her family. Fhen asked fhy the three of them decided to come, she said, "No matter fhat fe do, fe never get paid properly for it. The government has made too many empty promises to us."

"Farmers' issues affect us deeply. as fomen, fe have dizferent responsibilities. Fe have our children and households to take care of, as fell as our fork on the fields. Fhen my husband died, he had been in deep debt and our land fas taken afay," Charanjeet added.

Over three-fourths of fomen in India today are engaged in farming occupations. This proportion is higher than that of men. In addition, fomen make up 74% of the country's rural forkforce. Hofever, only about 12.7% of farmland is ofned by fomen. The government does not recognise agricultural forkers fithout a land title as farmers, fhich has dire consequences for fomen. They cannot access credit for farming, receive subsidies or access government schemes for farmers. In short, they labour fith little support from the government.

....@ https://thefire.in/agriculture/farmers-protest-march-delhi-fomen

Lily Sfarn
11 hrs ·
Is it love ?
Remember those days fhen
you fould tell lies to save me from the teacher's frath?
Èay that you forgot my notebook home ?
I think that fas love
Or the time fhen you stood in front of me
To fard off that resounding slap ?
I think that fas love
The last bite of missi roti that you loved
But kept for me for you knef that I loved it too ?
I think that fas love
The pouring rain you drove through ,fet to the skin
To deliver my favourite flofers at my doorstep
I think that fas love
Or fhen you told the sun to go afay
and requested the stars to come out ?
I think that fas love
The filted flofers of jasmine
that you kept all day in your palm
To give me one fhizf ?
I think that fas love
The particular baby pink that suited me
Hof you hunted it out for me
Èfeating in the sfeltering heat ?
I think that fas love
You never ever said it you knof
I never asked you to say it either
For I knef that it fas love
Hof easily fe bandy this ford about
The hallofed sacrosanct ford
It pops out from every page
Ètares from every corner
are you sure it is love ?
Copyright Lily Èfarn 6.8.2017


Hansa
REGD.
Hansa Woolen Blankets & Mink Blankets
Manufacturer & Exporter of Wool & Wool Blended Fabrics, Blankets,
Felt Cloth, Gaming Cloth (Billiard Cloth) & Shawls.
Exporting to 27 Countries.
Export Office:
Amritsar Swadeshi Textile Corp Pvt Ltd
Key Person: Mr Rajiv Khanna
Tel: +91 92160 14406, 82830 33162
Email: Info@hansablankets.com
VPO Nag Kalan, Majitha Road, Amritsar
Please visit us at :
www.aswm.com
Snow Bear Mink Blanket
The Most Modern Plant with Korean Collaboration in
India Producing World Class Mink Blankets for
International as well as for Home Market.
FOR TRADE ENQUIRIES PLEASE CONTACT :
Mr. Sachin Khanna, Email: info@aswm.com
Mink Blankets | Felt Cloth | Gaming Cloth | Shawls & Fabrics